# ਅਨਾਦਿ ਅਨਾਹਤਿ

ਸਤਿਬੀਰ ਸਿੰਘ

SIKHBOOKCLUB.COM

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ

# *ANAAD ANAHAT*

(Jap Ji Commentary)

***by***

**Principal Satbir Singh**


ਪਹਿਲੀ ਵਾਰ : 1987
ਦੂਜੀ ਵਾਰ : 1996
ਮੁੱਲ : 40.00


SIKHBOOKCLUB.COM


*ਪ੍ਰਕਾਸ਼ਕ :*
ਮਹਿਤਾਬ ਸਿੰਘ
ਨਿਊ ਬੁੱਕ ਕੰਪਨੀ,
ਮਾਈ ਹੀਰਾਂ ਗੇਟ, ਜਲੰਧਰ।
ਫੋਨ : 280045

*ਛਾਪਕ :*
ਸਰਤਾਜ ਪ੍ਰਿੰਟਿੰਗ ਪ੍ਰੈਸ
ਜੋਸ਼ੀ ਅਸਟੇਟ, ਟਾਂਡਾ ਰੋਡ,
ਜਲੰਧਰ।

# ਨਵੇਂ ਐਡੀਸ਼ਨ ਦੇ ਛਪਣ ਤੇ

*'ਜਪੁ ਤੇ ਉਹਦੇ ਪੱਖ'* ਦਾ ਪਹਿਲਾ ਐਡੀਸ਼ਨ ਚਿਰ ਹੋਇਆ ਮੁੱਕ ਗਿਆ ਸੀ। ਮੰਗ ਵੀ ਬਹੁਤ ਸੀ ਅਤੇ ਪੁੱਛ ਵੀ, ਪਰ ਮੇਰਾ ਸਾਰਾ ਧਿਆਨ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰ-ਵਿਸਥਾਰ' ਦੇ ਛਾਪਣ ਨੇ ਖਿੱਚਿਆ ਹੋਇਆ ਸੀ। ਜ਼ਰਾ ਕੁ ਵਿਹਲ ਦੀ ਵਿੱਥ ਮਿਲੀ ਤਾਂ ਪਹਿਲੇ ਨੂੰ ਸੋਧ ਤੇ ਨਵੀਂ ਤਰਤੀਬ ਦੇ ਪਾਠਕਾਂ ਦੇ ਹੱਥ ਦੇ ਰਹਿਆ ਹਾਂ। ਸ਼ਬਦ-ਭਾਵ ਵੱਖਰੇ ਦੇ ਦਿੱਤੇ ਹਨ ਤਾਂ ਕਿ ਪਾਠਕ ਨੂੰ ਆਪਣਾ ਅਨੁਭਵ ਬਨਾਉਣ ਵਿੱਚ ਵੀ ਸਹਾਇਤਾ ਮਿਲੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰ-ਵਿਸਥਾਰ ਦੀਆਂ ਅਗਲੀਆਂ ਜਿਲਦਾਂ ਵਿੱਚ ਵੀ ਇਹ ਹੀ ਢੰਗ ਵਰਤਿਆ ਹੈ। ਬਾਣੀ ਦੇ ਅਰਥਾਂ ਨੂੰ ਕੋਈ ਆਖ਼ਰੀ ਨਹੀਂ ਕਹਿ ਸਕਦਾ। ਇਹ ਯਤਨ ਹੀ ਹਨ ਤੇ ਇਹ ਯਤਨ ਹੁੰਦੇ ਹੀ ਰਹਿਣੇ ਚਾਹੀਦੇ ਹਨ।

ਜਪੁ ਜੀ ਦੀ ਜਿਤਨੀ ਕੁ ਮਹਿਮਾ ਹੈ ਇਸ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਕਿਹਾ ਸੀ :

*ਸਿਖ ਗੁਰੂ ਕਾ ਹੋਇ ਗਇਓ,*
*ਜਪੁ ਜੀ ਕੰਠ ਨ ਕੀਨ।*
*ਤੰਦੁਲ ਬਿਨ ਤੁਖ ਕਾਮ ਕਿਹ,*
*ਤੈਸੇ ਸਿਖ ਕੋ ਚੀਨ।*

ਯਮਨਾ ਨਗਰ,
੨੩ ਮਾਰਚ, ੧੯੮੭

–ਸਤਿਬੀਰ ਸਿੰਘ

# ਮੁੱਖ ਸ਼ਬਦ

ਨਿਰੋਲ ਇਕ ਜਪੁ ਜੀ ਹੀ ਐਸੀ ਬਾਣੀ ਹੈ ਜੋ ਨਿਰੰਤਰ ਸਦੀਆਂ ਤੋਂ ਪੜ੍ਹੀ, ਸੁਣੀ ਤੇ ਵਾਚੀ ਜਾ ਰਹੀ ਹੈ। ਇਹ ਇਕ ਐਸੀ ਪਾਵਨ ਬਾਣੀ ਹੈ, ਜਿਸ ਨੂੰ ਦਸਾਂ ਹੀ ਗੁਰੂ ਪਾਤਸ਼ਾਹਾਂ ਨੇ ਆਪਣੇ ਮੁਖਾਰਬਿੰਦ ਨਾਲ ਪੜ੍ਹਿਆ। ਕਰਤਾਰਪੁਰ ਵਿੱਚ ਜਦ ਗੁਰੂ ਨਾਨਕ ਦੇਵ ਜੀ ਨੇ ਸਿੱਖ ਮਰਯਾਦਾ ਬੰਨ੍ਹੀ ਤਾਂ ਜਪੁ ਸਾਹਿਬ ਨੂੰ ਨਿਤਨੇਮ ਵਿੱਚ ਪਹਿਲੀ ਥਾਂ ਦਿੱਤੀ। ਇਸ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਇੰਝ ਭਰੀ ਹੈ :—

*'ਸੋਦਰ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਪੁ ਉਚਾਰਾ।'*

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣ ਵੇਲੇ ਇਸ ਨੂੰ ਪਹਿਲਾ ਅਸਥਾਨ ਦਿੱਤਾ। ਜਪੁ ਜੀ ਵਿਚ 'ਰਹਾਉ' ਦਾ ਨਾ ਹੋਣਾ ਦੇਖ ਇਹ ਹੀ ਵਿਚਾਰ ਉਪਜਦਾ ਹੈ ਕਿ ਇਹ ਗੁਰੂ ਗ੍ਰੰਥ ਸਾਹਿਬ ਦਾ 'ਰਹਾਉ' ਹੈ। ਫਿਰ ਮਹਲਾ ਪਹਿਲਾ ਜਾਂ ਹੋਰ ਕਿਸੇ ਗੁਰੂ ਵਿਅਕਤੀ ਦਾ ਸਿਰਲੇਖ ਆਰੰਭ ਵਿਚ ਨਾ ਦੇਖ ਕੇ ਇਹ ਖ਼ਿਆਲ ਵੀ ਉੱਠਦਾ ਹੈ ਕਿ 'ਜਪੁ' ਸਾਰੀ ਬਾਣੀ ਨੂੰ ਮੱਥ ਕੇ ਕੱਢਿਆ 'ਨਵਨੀਤ' (ਮੱਖਣ) ਹੈ। ਜਨਮ ਸਾਖੀ ਦੀ ਗਵਾਹੀ ਵੀ ਹੈ ਕਿ 'ਅਠਤੀਸ ਪਉੜੀਆਂ ਸਾਰੀ ਬਾਣੀ ਵਿੱਚੋਂ ਮੱਥ ਕਰ ਕੱਢੀ ਹੈਂ।'

ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕਰਨ ਵੇਲੇ ਇਸ ਦਾ ਪਾਠ ਪਹਿਲਾਂ ਕੀਤਾ। ਇਹ ਇਕ ਐਸੀ ਬਾਣੀ ਹੈ ਜਿਸ ਨੂੰ ਸਮਝਣ ਦੇ ਯਤਨ ਲਗਾਤਾਰ ਸਦੀਆਂ ਤੋਂ ਹੋ ਰਹੇ ਹਨ, ਪਰ ਹੱਥ ਫਿਰ ਵੀ ਨਹੀਂ ਪਾਇਆ ਜਾ ਸਕਿਆ। ਹਾਲ ਜਪੁ ਜੀ ਵਿੱਚ ਆਈ ਤੁਕ ਵਾਲਾ ਹੀ ਹੈ ਕਿ 'ਜੇ ਕੋ ਕਥੈ ਤ ਅੰਤ ਨ ਅੰਤ' ਅਤੇ ਜੇ ਕੋਈ ਹੰਕਾਰ ਕਰ ਆਖ ਵੀ ਦੇਵੇ ਕਿ ਉਸ ਨੇ ਭਾਵ ਅਰਥਾਂ ਨੂੰ ਪਾ ਲਿਆ ਹੈ ਤੇ ਉਸ ਦੀ ਲਿਖੀ, ਕਹੀ ਗੱਲ ਆਖ਼ਰੀ ਹੈ ਤਾਂ ਉਹ 'ਸਿਰਿ ਗਾਵਾਰਾ ਗਾਵਾਰ' ਹੀ ਗਰਦਾਨਿਆ ਜਾਏਗਾ। ਇਹ ਹੀ ਕਾਰਨ ਹੈ ਕਿ ਆਤਮਿਕ ਚੋਭੇ ਇਸ ਦੇ ਅਮੋਲਕ ਰਤਨਾਂ ਨੂੰ ਤਹਿਆਂ ਤੋਂ ਬਾਹਰ ਕੱਢ ਸਾਹਮਣੇ ਲਿਆਉਣ ਲਈ ਦਿਨ ਰਾਤ ਚੁੱਭੀਆਂ ਮਾਰਦੇ ਰਹਿੰਦੇ ਹਨ।

ਮੇਰੀ ਆਪਣੀ ਸੰਭਾਲ, ਪਿਛਲੇ ਤੀਹ ਸਾਲਾਂ ਵਿੱਚ ਡੇਢ ਸੌ ਤੋਂ ਵੱਧ ਇਸ ਪਾਵਨ ਬਾਣੀ ਦੇ ਟੀਕੇ ਹੋਏ ਹਨ ਅਤੇ ਇਕ ਅੰਦਾਜ਼ੇ ਮੁਤਾਬਕ ਅੱਜ ਤੱਕ ਅੱਠ ਸੌ ਤੋਂ ਵੱਧ ਵੱਖ-ਵੱਖ ਬੋਲੀਆਂ ਵਿਚ ਟੀਕੇ ਹੋ ਚੁੱਕੇ ਹਨ, ਪਰ ਇਹ ਕਹਿਣਾ ਕੋਈ ਅਤਿ-ਕਥਨੀ ਨਹੀਂ ਕਿ ਅਜੇ ਤੱਕ ਅਸੀਂ ਬਿਸ੍ਰਾਮ ਚਿੰਨ੍ਹ ਨਹੀਂ ਲਗਾ ਸਕੇ, ਅਰਥਾਂ ਦੀ ਗੱਲ ਤਾਂ ਬਹੁਤ ਪਰੇਰੀ ਹੈ। 'ਨਿਰਭਉ' ਦੇ ਅਰਥ ਢੁੱਕਵੇਂ ਨਹੀਂ ਹੋ ਸਕੇ।

ਇਸੇ ਪਾਸੇ ਦਾ ਪਰ ਰਵਾਇਤੀ ਟੀਕਿਆਂ ਤੋਂ ਥੋੜ੍ਹਾ ਜਿਹਾ ਹਟਵਾਂ ਯਤਨ ਇਸ ਹੱਥ ਵਾਲੀ ਪੁਸਤਕ ਅਨਾਦਿ ਅਨਾਹਤਿ (ਜਪੁ ਤੇ ਉਹਦੇ ਪੱਖ) ਵਿਚ ਕੀਤਾ ਹੈ। ਜਪੁ ਜੀ ਵਿਚ ਅੰਕਿਤ ਅੰਤ੍ਰੀਵ ਭਾਵਾਂ ਨੂੰ ਪਕੜਨ ਦਾ ਇਕ ਨਿਮਾਣਾ ਜਿਹਾ ਉਪਰਾਲਾ ਹੈ। ਕਿਤਨੀ ਕੁ ਸਫ਼ਲਤਾ ਮਿਲੀ ਹੈ, ਇਹ ਤਾਂ ਪਾਠਕ ਹੀ ਦੱਸ ਸਕਣਗੇ। ਕਦੇ ਕਿਸੇ

ਦੇਖਿਆ ਹੈ ਕਿ ਜਪੁਜੀ ਸਾਹਿਬ ਦੇ ਜਿਤਨੇ ਹੀ ਅੱਖਰ ਹਨ, ਉਤਨੀਆਂ ਹੀ ਮਾਤ੍ਰਾਂ ਹਨ। ਪਿਛਲੇ ਸਾਲ ਜਦ ਮੇਰੇ ਮਿੱਤਰ ਪ੍ਰੋਫੈਸਰ ਜੋਗਿੰਦਰ ਸਿੰਘ ਜੀ ਨੇ ਆਪਣੀ ਪੁਸਤਕ ਜਪੁ: ਸੱਚੀ ਟਕਸਾਲ, ਮੇਰੇ ਨਾਂ ਸਮਰਪਣ ਕਰਕੇ ਨਿਵੇਕਲਾ ਪਿਆਰ ਦਿੱਤਾ ਤਾਂ ਜਪੁ ਜੀ ਨੂੰ ਹੋਰ ਪੱਖਾਂ ਤੋਂ ਦੇਖਣ, ਲਿਖਣ ਦਾ ਮੇਰਾ ਮਨ ਬਣਿਆ। ਸਰਦਾਰ ਸੋਹਣ ਸਿੰਘ ਜੀ ਦੀ ਰਚਿਤ 'ਸੀਕਰਜ਼ ਪਾਥ' ਨੇ ਵੀ ਇਕ ਸੇਧ ਦਿੱਤੀ। ਮੈਂ ਉਹਨਾਂ ਦਾ ਧੰਨਵਾਦੀ ਹਾਂ।

ਇਹ ਪੁਸਤਕ ਆਪਣੇ ਸੁਹਿਰਦ ਮਿੱਤਰ ਵੀਰ ਸਰਦਾਰ ਇੰਦਰਜੀਤ ਸਿੰਘ ਜੀ, ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ ਦੇ ਨਾਂ ਭੇਟ ਕਰ ਕੇ ਮੈਨੂੰ ਰੂਹਾਨੀ ਤਸਕੀਨ ਹੋ ਰਹੀ ਹੈ। ਜਿਸ 'ਆਦਮਿ ਖ਼ੂਬ' ਦਾ ਜ਼ਿਕਰ ਕਈ ਵਾਰੀ ਹੋਇਆ ਹੈ, ਉਹਨਾਂ ਦੀ ਮੂਰਤ ਉਹ ਹਨ। ਇਕ ਵਾਰੀ ਮੈਂ ਮੁੱਕਦੀ ਗੱਲ (ਗਰਜ) ਦੇ ਲਗਾਤਾਰ ਫ਼ੀਚਰ ਵਿਚ ਲਿਖਿਆ ਸੀ ਕਿ ਜੇ ਮੈਨੂੰ ਅੱਜ ਦੇ ਦਸਾਂ ਸਿੱਖਾਂ ਦੀ ਸੂਚੀ ਬਣਾਉਣ ਲਈ ਕਹਿਆ ਜਾਏ ਤਾਂ ਸਰਦਾਰ ਇੰਦਰਜੀਤ ਸਿੰਘ ਜੀ ਦਾ ਨਾਮ ਪਹਿਲੇ ਜਾਂ ਦੂਜੇ ਥਾਂ ਤੇ ਆਵੇਗਾ। ਲੇਖਿਆਂ ਵਿਚ ਅਲੇਖ ਰਹਿਣਾ, ਅੰਮ੍ਰਿਤ ਵੇਲਾ ਨਾ ਖੁੰਝਾਉਣਾ ਤੇ ਦਾਤਾ ਪੱਖ ਵਿਚ ਵਿਚਰਦਿਆਂ ਬੇਪ੍ਰਵਾਹੀ ਰੱਖਣੀ, ਉਨ੍ਹਾਂ ਦੇ ਹੀ ਹਿੱਸੇ ਆਇਆ ਹੈ।

ਸਰਦਾਰ ਮਹਿਤਾਬ ਸਿੰਘ ਜੀ ਨੇ ਉਚੇਚੇ ਉਤਸ਼ਾਹ ਨਾਲ ਇਸ ਪੁਸਤਕ ਨੂੰ ਛਾਪ ਕੇ ਪਾਠਕਾਂ ਹੱਥ ਪਹੁੰਚਾਇਆ ਹੈ। ਬੀਬੀ ਜੋਗਿੰਦਰ ਕੌਰ ਸੁਪਤਨੀ ਵੀਰ ਨਿਰਮਲਤੇਜ ਸਿੰਘ ਜੀ ਨੇ *'ਜਪੁ ਤੇ ਉਹਦੇ ਪੱਖ'* ਨੂੰ ਬੁਰਸ਼ ਦੀਆਂ ਛੋਹਾਂ ਨਾਲ ਡਸਟ-ਕਵਰ ਵਿਚ ਬੜੇ ਭਾਵ ਭਰੇ ਹਨ। ਮੈਂ ਰਿਣੀ ਹਾਂ।

ਜਸਪਾਲ ਕੌਰ ਜੀ ਨੇ ਲਗਾਤਾਰ ਕਈ ਜਪੁ ਜੀ ਸਾਹਿਬ ਦੇ ਪਾਠ ਕਰ ਕੇ ਘਰ ਵਿਚ ਇਕ ਐਸਾ ਪਾਵਨ ਵਾਤਾਵਰਨ ਬਣਾਉਣ ਵਿੱਚ ਸਹਾਇਤਾ ਕੀਤੀ, ਜਿਸ ਕਾਰਨ ਇਹ ਪੁਸਤਕ ਆਖ਼ਰੀ ਰੂਪ ਧਾਰ ਸਕੀ।

ਮੇਰੀ ਇਕ ਹੀ ਅਰਦਾਸ ਹੈ ਕਿ ਅਕਾਲ ਪੁਰਖ ਬਲ ਬਖ਼ਸ਼ੇ ਤਾਂ ਕਿ ਸਾਰੀ ਬਾਣੀ ਦਾ ਵਿਸਥਾਰ ਤੇ ਭਾਵ-ਅਰਥ ਇਸੇ ਤਰ੍ਹਾਂ ਪਾਠਕਾਂ ਹੱਥ ਦੇ ਸਕਾਂ।

ਨਦਰਿ ਤੁਧੁ, ਅਰਦਾਸ ਮੇਰੀ।

ਸਤਿਬੀਰ ਸਿੰਘ ਪ੍ਰਿੰਸੀਪਲ,
ਗੁਰੂ ਨਾਨਕ ਖ਼ਾਲਸਾ ਕਾਲਜ,
ਯਮਨਾ ਨਗਰ।

੫ ਮਾਰਚ, ੧੯੭੧

# ਆਰਸੀ


੧. ਪਹਿਲਾਂ ਜਪੁ ਬਾਰੇ.......................................................7

੨. ਅੱਠ ਮੁੱਢਲੇ ਸਵਾਲ....................................................12

੩. ਜਪੁ ਜੀ ਦਾ ਮੁੱਖ ਭਾਵ..................................................18

੪. ਤਰਤੀਬ..............................................................23

੫. ਮੂਲ ਮੰਤਰ...........................................................25

੬. ਜਪੁ ..................................................................39

੭. ਜਪੁ ਤੇ ਉਹਦੇ ਪੱਖ......................................................41

੮. ਅੰਤਿਕਾ..............................................................132


SIKHBOOKCLUB.COM

## ੧

# ਪਹਿਲਾਂ ਜਪੁ ਬਾਰੇ

ਸਾਡੀ ਮੁੱਖ ਬਾਣੀ ਜਪੁ ਹੈ । ਮੁੱਖ ਹੋਣ ਦੇ ਕਈ ਕਾਰਣ ਹਨ । 'ਜਪੁ' ਇਕ ਮਜ਼ਮੂਨ ਹੈ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਮਿਥੀ ਤਰਤੀਬ ਮੁਤਾਬਕ ਪਹਿਲੀ ਥਾਂ ਦਿੱਤੀ ਗਈ ਹੈ । 'ਜਪੁ' ਇਸ ਲਈ ਵੀ ਮੁੱਖ ਹੈ ਕਿਉਂਕਿ ਇਹ 'ਜਪੁ' ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਧਾਨ ਵਿਸ਼ਾ ਹੈ, ਜੋ ਹਰ ਸ਼ਬਦ, ਹਰ ਤੁਕ ਅਤੇ ਹਰ ਪੰਨੇ ਵਿਚ ਸਮਾਇਆ ਹੋਇਆ ਹੈ ।

'ਜਪੁ' ਇਸ ਲਈ ਵੀ ਮੁੱਖ ਹੈ ਕਿਉਂਕਿ 'ਜਪੁ' ਹੀ ਐਸੀਆਂ ਪਉੜੀਆਂ ਹਨ, ਜਿਨ੍ਹਾਂ ਰਾਹੀਂ ਚੜ੍ਹ ਕੇ 'ਆਤਮਕ ਮਾਰਗ' ਦਾ ਜਗਿਆਸੂ 'ਇਕੀਸ', ਇਕ-ਮਿਕ ਹੋ ਸਕਦਾ ਹੈ ।

ਭਾਈ ਗੁਰਦਾਸ ਜੀ ਨੇ ਤਾਂ ਹੀ ਤਾਂ ਲਿਖਿਆ ਸੀ :

**'ਗੁਰਮੁਖਿ ਪੰਥ ਵਖਾਣੀਐ,**
**ਅਪੜ ਨ ਸਕੈ ਇਕਤੁ ਵਿਖੀ ।'**

ਇਕੋ ਵਾਰ, ਛਾਲ ਮਾਰ ਕੇ, ਸਿੱਖੀ ਦੇ ਰਾਹ ਪੁੱਜ ਨਹੀਂ ਸਕੀਦਾ । ਰਸਤੇ ਦੀਆਂ ਪਉੜੀਆਂ ਹਨ, ਜਿਨ੍ਹਾਂ ਤੇ ਇਕ-ਇਕ ਕਰ ਕੇ ਚੜ੍ਹਨਾ ਹੈ ਅਤੇ ਫਿਰ ਮਾਲਕ ਨਾਲ ਇਕ-ਮਿਕ ਹੋ ਜਾਣਾ ਹੈ ।

ਜਪੁ ਰਾਹੀਂ ਹੀ ਸਾਡੀ ਜਨਮਾਂ-ਜਨਮਾਂਤ੍ਰਾਂ ਦੀ ਵਿੱਥ ਮਿੱਟਦੀ ਹੈ ।

'ਜਪੁ' ਵਿਚ ਕੋਈ 'ਰਹਾਉ' ਨ ਹੋਣਾ, ਇਹ ਦਰਸਾਉਂਦਾ ਹੈ ਕਿ ਇਸ ਦੀ ਹਰ ਤੁਕ ਹੀ 'ਰਹਾਉ' ਹੈ । ਹਰ ਤੁਕ ਠਹਿਰਾ, ਧਿਆਨ ਅਤੇ ਸਿਮਰਨ ਮੰਗਦੀ ਹੈ । ਦੂਜੇ ਸ਼ਬਦਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ 'ਰਹਾਉ' ਹੈ ।

ਜਪੁ ਇਸ ਕਰ ਕੇ ਵੀ ਮੁੱਖ ਹੈ ਕਿ ਇਹ ਸਾਡਾ 'ਨੀਸਾਣੁ' ਹੈ । ਗੁਰੂ ਗ੍ਰੰਥ ਸਾਹਿਬ ਦੇ ਦਿੱਤੇ ਤਤਕਰੇ ਵਿਚ ਜਪੁ ਨੂੰ 'ਜਪੁ ਨੀਸਾਣੁ' ਕਰ ਕੇ ਲਿਖਿਆ ਹੈ । ਨੀਸਾਣੁ ਦੇ ਇਕ ਅਰਥ ਧੌਂਸਾ ਹੈ, ਨਗਾਰਾ ਹੈ, ਝੰਡਾ ਹੈ, ਧਰਮ ਧੁੱਜਾ ਹੈ । ਇਹ ਐਸਾ ਨਗਾਰਾ ਹੈ ਜਿਸ ਨੂੰ ਸੁਣ ਕੇ ਸਿੱਖ ਵਜਦ ਵਿਚ ਆਉਂਦਾ ਹੈ ।

ਕੰਨਾਂ ਵਿਚ ਮੰਤਰ ਦੇਣ ਦਾ ਰਿਵਾਜ ਸਦੀਆਂ ਪੁਰਾਣਾ ਸੀ । ਗੁਰੂ ਜੀ ਦਾ ਕਹਿਣਾ ਸੀ ਕਿ ਹੁਣ ਜਪ ਪ੍ਰਗਟ ਤੌਰ ਤੇ ਹੋਵੇਗਾ । ਗੁਰੂ ਨੇ ਮਨੌਤ ਤੋੜੀ ਹੈ । 'ਕਰਿ ਪ੍ਰਗਟ ਆਖਿ ਸੁਣਾਇਆ ।' ਜਪ ਕਿਸੇ ਦੀ ਨਿਜੀ ਮਲਕੀਅਤ ਨਹੀਂ ।

'ਨੀਸਾਣੁ' ਦੇ ਅਰਥ 'ਮੁਹਰ' ਜਾਂ 'ਦਸਤਖ਼ਤ' ਵੀ ਹਨ, ਜਿਸ ਦਾ ਭਾਵ ਹੈ ਕਿ ਅਗੇ ਸਿਵਾਇ 'ਜਪੁ' ਦੀ ਮੁਹਰ ਦੇ ਹੋਰ ਕੁਝ ਨਹੀਂ ਟੁਰਨਾ । ਇਹ ਦਸਤਖ਼ਤ ਹੀ

ਚਲਣਗੇ । ਕਿਸੇ ਵਿਅਕਤੀ, ਪੈਗੰਬਰ, ਅਵਤਾਰ ਜਾਂ ਗੁਰੂ ਦੀ ਸਿਫਾਰਸ਼ ਨਹੀਂ ਚੱਲਣੀ ।

'ਨੀਸਾਣੁ' ਦੇ ਇਕ ਹੋਰ ਅਰਥ 'ਰਾਹਦਾਰੀ' ਵੀ ਹੈ । ਜਪੁ ਹੀ ਇਕ ਰਾਹਦਾਰੀ ਹੈ ਜੋ ਸਚਿ ਖੰਡ ਵਿਚ ਚੱਲਣੀ ਹੈ । ਇਸ ਰਾਹਦਾਰੀ ਦੇ ਹੁੰਦੇ ਕੋਈ ਦਰਗਾਹ 'ਰੋ ਰੋ' ਨਹੀਂ ਕਹੇਗਾ, ਸਗੋਂ ਸਭ ਜਮ ਸਮੇਤ ਆਦਰ ਦੇਣਗੇ ਅਤੇ ਸਤਿਕਾਰ ਨਾਲ ਬੁਲਾਉਣਗੇ ਅਤੇ ਬਿਠਾਉਣਗੇ ।

'ਨੀਸਾਣੁ' ਦੇ ਅਰਥ ਲੇਖ ਵੀ ਹਨ । ਸੋ ਜਦ ਤਕ ਸਵਾਸ ਹਨ, ਜਪੁ ਦਾ ਹੀ ਲੇਖ ਲਿਖਣਾ ਹੈ । ਇਹ ਹੀ ਸਾਡੇ ਸਾਰੇ ਲੇਖ ਬਣਾਏਗਾ । ਇਸ ਜਪੁ ਕਾਰਨ ਹੀ ਵਾਹਿਗੁਰੂ ਦੇ ਨੇੜੇ ਹੋਵਾਂਗੇ, ਅਤੇ ਜੇ ਹਿਰਦਾ ਰੂਪ ਕਾਗਜ਼ ਕੋਰਾ ਰਿਹਾ ਜਾਂ ਗ਼ਲਤ ਲੇਖ ਲਿਖੇ ਹੋਏ ਤਾਂ ਚੋਟਾਂ ਖਾਣੀਆਂ ਪੈਣਗੀਆਂ ।

'ਨੀਸਾਣੁ' ਦੇ ਇਕ ਹੋਰ ਅਰਥ ਮਾਪ; ਸਟੈਂਡਰਡ ਵੀ ਹਨ । ਹਰ ਕੋਈ ਜਪੁ ਦੇ ਪੈਮਾਨੇ ਨਾਲ ਹੀ ਮਾਪਿਆ ਜਾਏਗਾ ।

'ਜਪੁ ਨੀਸਾਣੁ' ਇਹ ਹੀ ਪ੍ਰਗਟਾਉਂਦਾ ਹੈ ਕਿ ਸਿੱਖ ਹੁਣ ਛੁੱਪ ਕੇ ਜਾਪ ਨਹੀਂ ਕਰੇਗਾ । ਟਿਕ ਕੇ 'ਜਪੁ' ਸਾਹਿਬ ਪੜਨ ਦੀ ਬੜੀ ਵਡਿਆਈ ਹੈ । ਗੁਰੂ ਹਰਿਗੋਬਿੰਦ ਜੀ ਤਾਂ ਭਾਈ ਗੋਪਾਲ ਨਾਂ ਦੇ ਸਿੱਖ ਨੂੰ ਗੁਰ-ਗੱਦੀ ਸੌਂਪਣ ਤਕ ਚਲੇ ਗਏ ਸਨ । ਇਹ ਵੱਖਰੀ ਗੱਲ ਹੈ ਕਿ ਉਸ ਦਾ ਮਨ 'ਚੀਨੇ' ਘੋੜੇ ਤੇ ਆ ਖਲੋਤਾ ਸੀ ।

'ਜਪੁ' ਗੁਰੂ ਫ਼ਲਸਫ਼ੇ ਦਾ ਨਿਚੋੜ ਹੈ । ਇਹ ਖ਼ਿਆਲ ਪੱਕ ਗਿਆ ਹੈ ਕਿ ਜਦ ਵਈਂ ਨਦੀ ਵਿਚ ਟੁੱਭਕੀ ਲਗਾ ਕੇ ਗੁਰੂ ਨਾਨਕ ਜੀ ਰੱਬੀ ਦਰਗਾਹ ਪੁੱਜੇ ਤਾਂ ਆਵਾਜ਼ਾ ਹੋਇਆ : 'ਨਾਨਕ ਮੇਰੇ ਹੁਕਮ ਕੀ ਸਿਫ਼ਤ ਕਰ ।' ਬਾਬਾ ਬੋਲਿਆ, ਧੁਨ ਉੱਠੀ ਰਾਗ ਆਸਾ ਜਪ ਮਹਲਾ ੧ । ਆਦਿ ਸਚੁ, ਜੁਗਾਦਿ ਸਚੁ, ਹੈਭੀ ਸਚੁ, ਨਾਨਕ ਹੋਸੀ ਭੀ ਸਚੁ ।੧। ਜਪੁ ਸੰਪੂਰਨ ਕੀਤਾ ।

ਇਕ ਹੋਰ ਵਿਚਾਰ ਇਸੇ ਖ਼ਿਆਲ ਦੀ ਪੁਸ਼ਟੀ ਵਿਚ ਮਿਹਰਬਾਨ ਦੀ ਜਨਮ ਸਾਖੀ ਵਿਚ ਆਉਂਦਾ ਹੈ । ਜਦ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਉਪਦੇਸ਼ ਦਿੱਤਾ ਤਾਂ ਫ਼ਰਮਾਇਆ : 'ਪੁਰਖਾ ! ਪਾਰਬ੍ਰਹਮ ਕਾ ਹੁਕਮ ਹੈ ਕਿ ਸਿਫ਼ਤ ਮੇਰੇ ਨਾਮ ਕੀ ਕਰਨੀ ।' ਗੁਰੂ ਨਾਨਕ ਦੇਵ ਜੀ ਨੇ ਸਾਰਾ ਖ਼ਜ਼ਾਨਾ ਗੁਰੂ ਅੰਗਦ ਦੇਵ ਜੀ ਅੱਗੇ ਰੱਖਿਆ ਤੇ ਜੋੜ ਬੰਧਿਆ ਜਪ ਕਾ । ਅਠਤੀਸ ਪਾਉੜੀਆਂ ਸਾਰੀ ਬਾਣੀ ਵਿਚੋਂ ਮੱਥ ਕਰ ਕੱਢੀਆਂ ਹਨ । ਸਾਰੀਆਂ ਬਾਣੀਆਂ ਦਾ ਤੱਤ ਹੈ, ਇਹ ਜਪੁ ਸਾਹਿਬ ।

ਇਹ ਹੀ ਕਾਰਨ ਲੱਗਦਾ ਹੈ ਕਿ ਇਸ ਬਾਣੀ ਤੇ **'ਮਹਲਾ ਪਹਿਲਾ' ਨਹੀਂ ਹੈ ।** ਜਪੁ ਤੇ ਮਹਲਾ ਪਹਿਲਾ ਨਾ ਲਿਖਿਆ ਹੋਣ ਤੇ ਕਈ ਹੋਰ ਵਿਚਾਰ ਵੀ ਸਾਹਮਣੇ ਆਉਂਦੇ ਹਨ ।

**ਇਕ** ਤਾਂ ਇਹ ਕਿ ਨਾਮ ਵਿਚ ਕਿਸੇ ਵਿਅਕਤੀ ਨੂੰ, ਭਾਵੇਂ ਉਹ ਕਿਤਨਾ ਵੱਡਾ ਹੈ ਕੋਈ ਥਾਂ ਨਹੀਂ ।

**ਦੂਜੇ,** ਜਦ ਜਪੁ ਪ੍ਰਾਪਤ ਹੋ ਜਾਏ ਤਾਂ ਫਿਰ ਨਾਹ, ਨਾਮ ਰਹਿੰਦਾ ਹੈ ਤੇ ਨਾ ਹੀ ਨਾਮੀ । ਅਸੀਂ ਅਨਜਾਣ-ਪੁਣੇ ਵਿਚ ਆਖ ਦਿੰਦੇ ਹਾਂ ਕਿ ਇਹ ਗੁਰੂ ਨਾਨਕ ਦਾ 'ਜਪੁ' ਹੈ । ਗੁਰੂ ਇਸ ਜਿਲ੍ਹਣ ਵਿਚੋਂ ਤਾਂ ਕੱਢਣ ਆਏ ਸਨ ਕਿ ਜਪੁ ਕਿਸੇ **ਵਿਅਕਤੀ** ਦਾ ਨਹੀਂ; ਜਪੁ ਨਿਰੋਲ '੧'ਦਾ ਹੈ । 'ੳ' ਦਾ ਹੈ । 'ਸਤਿ' ਦਾ ਹੈ । 'ਨਾਮ' ਦਾ ਹੈ । 'ਕਰਤਾ' ਦਾ ਹੈ ।

'ਪੁਰਖ' ਦਾ ਹੈ । 'ਨਿਰਭਉ' ਦਾ ਹੈ । 'ਨਿਰਵੈਰ' ਦਾ ਹੈ । 'ਅਕਾਲ' ਦਾ ਹੈ । 'ਮੂਰਤਿ' ਦਾ ਹੈ । 'ਅਜੂਨੀ' ਦਾ ਹੈ । 'ਸੈਭੰ' ਦਾ ਹੈ ।

ਜਪੁ ਰਾਹੀਂ ਹਿਰਦੇ ਵਿਚ 'ਓਹ' ਵਸਾਉਣਾ ਹੈ ਨਾ ਕਿ ਉਸ ਦੇ ਕੀਤੇ ਹੋਇਆਂ ਨੂੰ । ਕਈ ਪੁਰਸ਼ ਇਹ ਕਹਿੰਦੇ ਸੁਣੀਂਦੇ ਹਨ ਕਿ ਗੁਰੂ ਨਾਨਕ ਦਾ ਧਿਆਨ ਧਰੋ । ਐਸੇ ਸੱਜਣਾਂ ਨੇ ਇਕ ਅਖੌਤੀ ਤਸਵੀਰ ਵੀ ਗੁਰੂ ਨਾਨਕ ਜੀ ਦੀ ਬਣਾ ਲਈ ਹੈ, ਜਿਸ ਦੇ ਚਰਨਾਂ ਦਾ ਧਿਆਨ ਧਰਨ ਲਈ ਕਹਿੰਦੇ ਹਨ । ਜੇ ਭਲਾ ਗੁਰੂ ਨਾਨਕ ਧਿਆਨ ਵਿਚ ਆ ਵੀ ਗਏ ਤਾਂ ਫਿਰ ਉਨ੍ਹਾਂ ਨੂੰ ਲਾਂਭੇ ਕਰਨਾ ਬਹੁਤ ਕਠਨ ਹੋ ਜਾਏਗਾ । ਬਣਨਾ ਤਾਂ ਅਸਾਂ ਕਰਤਾਰੀ ਹੈ, ਵਾਹਿਗੁਰੂ ਦਾ ਖਾਲਸਾ ਹੈ, ਰਾਹ ਵਿਚ ਅਟਕਿਆਂ ਨੂੰ 'ਠਉਰ ਨਾ ਠਾਉਂ' ।

ਸਾਡੇ ਇਤਿਹਾਸ ਦੀ ਇਕ ਸਾਖੀ ਵੀ ਹੈ ਕਿ ਗੁਰੂ ਨਾਨਕ ਜੀ ਮੁਲਤਾਨ ਗਏ ਸਨ ਤਾਂ ਉਥੋਂ ਦੇ ਪੀਰ ਬਹਾਵਲ ਹੱਕ ਨੇ ਜਦ ਦਰਸ਼ਨ ਪਾ ਲਏ ਤਾਂ ਬਾਅਦ ਵਿਚ ਗੁਰੂ ਨਾਨਕ ਜੀ ਨੂੰ ਜੋ ਕਰਤਾਰਪੁਰ ਮੁੜ ਗਏ ਸਨ, ਲਿਖਿਆ ਸੀ ਕਿ 'ਕ੍ਰਿਪਾ ਕਰ ਕੇ ਮੇਰੇ ਅੱਗੋਂ ਹਟੋ ਤਾਂ ਕਿ ਅੱਲਾਹ ਅੱਗੇ ਸਿਜਦਾ ਕਰ ਸਕਾਂ, ਹੁੱਜਰੇ ਵਿਚ ਸਿਵਾਇ ਤੁਹਾਡੇ ਤੋਂ ਕੁਝ ਦਿਖਾਈ ਨਹੀਂ ਦੇਂਦਾ ।' ਇਸੇ ਲਈ ਜਪੁਜੀ ਜਹੀ ਮਹਾਨ ਰਚਨਾ ਰਚ ਕੇ ਵੀ ਮਹਲਾ ਪਹਿਲਾ ਨਾਂਹ ਪਾਇਆ ।

**ਜਪੁ ਜੀ ਦੀਆਂ ੧੨ ਪਉੜੀਆਂ ਹੇਠ ਨਾਨਕ ਛਾਪ ਹੀ ਨਹੀਂ ਹੈ ।** ਸਿੱਖ ਦਾ ਜਪ ਕੋਈ ਕਿਸੇ ਨਵੇਕਲੀ ਥਾਂ, ਤਟ, ਤੀਰਥ, ਕੰਦਰ, ਖੂੰਜੇ ਜਾਂ ਪਰਬਤ ਤੇ ਕਰਨ ਵਾਲਾ ਨਹੀਂ । ਇਹ ਘਰ, ਗ੍ਰਹਿਸਤ, ਕ੍ਰਿਤ ਕਰਦੇ ਕੀਤਾ ਜਾਂਦਾ ਹੈ । ਇਥੇ ਜਪੁਜੀ ਵਿਚ ਵਾਤਾ-ਵਰਣ ਵੀ ਘਰੇਲੂ ਰੱਖਿਆ ਹੈ ।

ਕਿਹੜਾ ਜੀਵ ਹੈ ਜਿਸ ਨੇ ਦਾਈ ਦਾ ਸ਼ਬਦ ਨਹੀਂ ਸੁਣਿਆ । ਮਾਂ-ਬਾਪ ਹਰ ਟੱਬਰ ਦੇ ਲਾਜ਼ਮੀ ਜੁਜ਼ ਹਨ । ਖਿਡਾਵੇ ਕਿਸ ਘਰ ਨਹੀਂ ਹਨ ? ਖੇਲ ਦੇ ਮੈਦਾਨ ਜਾਣ ਵੇਲੇ ਕੌਣ ਹੈ ਜਿਸ ਨੇ ਰੈਫਰੀ ਦੀ ਸੀਟੀ ਨ ਸੁਣੀ ਹੋਵੇ । ਰੱਜ ਅੱਖਾਂ ਸਾਹਮਣੇ ਮਸ਼ੱਕਤਾਂ ਕਰਦੇ ਅਸੀਂ ਦੇਖਦੇ ਹਾਂ ।

ਫਿਰ ਹਰ ਗ੍ਰਿਹਸਤੀ ਦਾ ਉੱਠਦੇ ਸਾਰ ਵਾਹ ਪਾਣੀ ਨਾਲ ਪੈਂਦਾ ਹੈ । ਉਸ ਨੂੰ ਪਾਣੀ ਸੁੱਚ, ਸੋਚ ਲਈ ਚਾਹੀਦਾ ਹੈ । ਉਹ ਹੱਥ, ਪੈਰ ਮੂੰਹ ਧੋਂਦਾ ਹੈ, ਫਿਰ ਕੱਪੜਾ ਜੋ ਮੈਲ ਲੱਗ ਮੈਲਾ ਹੋ ਚੁੱਕਾ ਹੁੰਦਾ ਹੈ, ਉਸ ਲਈ ਸਾਬਣ ਵੱਲ ਹੱਥ ਵਧਾਉਂਦਾ ਹੈ । ਸਾਬਣ ਵਰਤ ਕੇ ਜਦ ਮੈਲ ਨੱਸਦੀ ਹੈ ਤਾਂ ਉਸ ਸਮੇਂ ਇਹ ਤੁਕਾਂ :

**"ਭਰੀਐ ਹਥੁ ਪੈਰੁ ਤਨੁ ਦੇਹ ।**
**ਪਾਣੀ ਧੋਤੈ ਉਤਰਸੁ ਖੇਹ ।**
**ਮੂਤ ਪਲੀਤੀ ਕਪੜੁ ਹੋਇ ।**
**ਦੇ ਸਾਬੂਣੁ ਲਈਐ ਓਹੁ ਧੋਇ ।**
**ਭਰੀਐ ਮਤਿ ਪਾਪਾ ਕੈ ਸੰਗਿ ।**
**ਓਹੁ ਧੋਪੈ ਨਾਵੈ ਕੈ ਰੰਗਿ ।"**

ਪੜ੍ਹਨ ਦਾ ਰਸ ਹੀ ਹੋਰ ਹੋ ਜਾਂਦਾ ਹੈ । ਆਪ ਮੁਹਾਰੇ ਚਿੱਤ ਮੈਲੀ ਹੋਈ ਮਤਿ ਨੂੰ ਧੋਣ ਲਈ ਕਰੇਗਾ, ਨਾਮ ਦੇ ਰੰਗ ਦੀ ਲੋਚਾ ਕਰੇਗਾ । ਪਿਆਸ ਦਾ ਲੱਗ ਜਾਣਾ ਹੀ ਭਾਲ ਦਾ

ਆਰੰਭ ਹੋਣਾ ਹੈ । ਭਾਲ ਲਈ ਟੁਰ ਪੈਣਾ ਅੱਧੀ ਕਾਮਯਾਬੀ ਹੈ ।

ਫਿਰ ਗ੍ਰਹਿਸਤੀ ਦਾ ਵਾਹ ਨਿੱਤ ਮੰਦੇ ਚੰਗੇ, ਊਚ-ਨੀਚ, ਅਮੀਰ-ਗ਼ਰੀਬ, ਸ਼ਾਹ-ਸੁਲਤਾਨ, ਹਾਕਮ-ਮਹਿਕੂਮ ਨਾਲ ਪੈਣਾ ਹੈ । ਉਹ ਇਿਹਨਾਂ ਨਾਲ ਵਰਤਦਾ ਹੀ, ਸੋ ਦਰ ਜਾ ਪੁੱਜੇਗਾ ।

ਫਿਰ ਕਿਹੜਾ ਵੱਸਦਾ ਘਰ ਹੈ ਜਿੱਥੇ ਕਦੀ ਅਭਿਆਗਤ, ਸਾਧੂ, ਮੰਗਤ ਨਹੀਂ ਆਉਂਦੇ । ਉਸ ਵੇਲੇ ਉਸ ਦੀਆਂ ਮੁੰਦਰਾਂ, ਖੱਪਰ, ਝੋਲੀ, ਪੱਥ ਡੰਡਾ, ਤਨ ਤੇ ਮਲੀ ਸੁਆਹ, ਮੁੱਖੋਂ ਆਦੇਸ-ਆਦੇਸ ਕਹਿੰਦੇ ਕੋਲੋਂ, ਸੰਤੋਖ, ਕਿਰਤ, ਧਿਆਨ, ਨਿੱਤ ਮੰਤ ਦੀਆਂ ਪੈਂਦੀਆਂ ਅਵਾਜ਼ਾਂ ਤੇ ਪ੍ਰਭੂ ਦੀ ਗੂੰਜਦੀ ਅਵਾਜ਼ ਨੂੰ ਦ੍ਰਿੜ੍ਹ ਕਰ ਲੈਣ ਦਾ ਖਿਆਲ ਉਪਜੇਗਾ ।

ਫਿਰ ਕਿਹੜੀ ਔਰਤ ਹੈ ਜੋ ਕਦੇ ਸੁਨਿਆਰੇ ਪਾਸ ਗਹਿਣਾ ਘੜਾਉਣ ਨ ਗਈ ਹੋਵੇ । ਉਥੇ ਉਹ ਦੇਖਦੀ ਹੈ ਕਿ ਸੋਨੇ ਦੀ ਡਲੀ ਨੂੰ ਕਿਵੇਂ ਸੁਨਿਆਰਾ ਗੱਲਾਂ ਕਰਦਾ ਸਹਿਜੇ ਹੀ ਪਹਿਲਾਂ ਭੱਠੀ ਵਿਚ ਰੱਖ, ਧੌਂਕਣੀ ਰਾਹੀਂ ਹਵਾ ਦੇਂਦਾ, ਅਹਿਰਣ ਤੇ ਸੱਟਾਂ ਮਾਰਦਾ, ਸੂਝ ਨਾਲ ਘੜੀ ਤੁਰੀ ਜਾਂਦਾ ਹੈ । ਦੇਖਦੇ-ਦੇਖਦੇ ਜੀਵ-ਇਸਤਰੀ ਵੀ ਆਪਣੀ ਘਾੜਤ ਘੜ ਸਕਦੀ ਹੈ । ਫਿਰ ਹਵਾ, ਪਾਣੀ, ਧਰਤੀ, ਖੇਡਾਂ ਖੇਡਦੇ, ਗੁਰੂ ਕੋਲ ਜਾਂਦੇ, ਪਿਤਾ, ਮਾਂ, ਭਰਾਵਾਂ, ਮਿੱਤ੍ਰਾਂ ਸੰਬੰਧੀਆਂ, ਖਿਡਾਵਿਆਂ ਦਾ ਪਿਆਰ ਲੈਂਦੇ, ਦੁਨੀਆਂ ਵਿਚ ਵਿਚਰਦੇ ਨਾਮ ਇਕੱਠਿਆਂ ਕਰੀ ਟੁਰੀ ਜਾਣਾ ਹੈ । ਜਿਵੇਂ ਸਰੀਰ ਦੀ ਪਾਲਣਾ ਕਰਨੀ ਹੈ, ਇਵੇਂ ਹੀ ਮਨ ਤੇ ਮੁੱਖ ਉੱਜਲਾ ਕਰਨਾ ਹੈ । ਇਹ ਸਭ ਵੱਲ ਇਥੇ ਸਹਿਜੇ ਹੀ ਸਿਖਾਏ ਗਏ ਹਨ ।

ਜਪੁਜੀ ਵਿਚ ਪ੍ਰਭੂ ਨੂੰ ਸੰਬੋਧਨ ਕਰਨ ਵੇਲੇ ਇਕ ਸੰਭਾਲ ਇਹ ਵਰਤੀ ਹੈ ਕਿ ਉਸ ਨੂੰ ਤੂ, ਤੁੱਧ, ਆਪ, ਆਪੇ ਕਿਹਾ ਹੈ । ਜਪੁਜੀ ਵਿਚ ਉਸ ਦਾ ਕੋਈ ਨਾਮ ਨਹੀਂ ਰੱਖਿਆ । ਜੋ 'ਮੈਂ' ਤੋਂ ਉੱਚਾ ਹੋ ਜਾਏ, ਉਹ 'ਤੁੱਧ' ਵਿਚ ਸਮਾ ਸਕਦਾ ਹੈ । 'ਮੈਂ' ਹਟਾਉਣੀ ਹੀ 'ਤੁੱਧ' ਨੂੰ ਪਾਉਣਾ ਹੈ ।

ਜਪੁ ਦੇ ਇਕ ਅਰਥ ਜਾਣਨਾ ਵੀ ਹੈ । ਉਸ ਨੂੰ ਜਾਣਨ ਦਾ ਰਾਹ ਇਸ ਬਾਣੀ ਵਿਚ ਹੈ । ਜਪੁ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਵੇਲੇ ਪਹਿਲੀ ਥਾਂ ਦਿੱਤੀ ਹੈ । ਪ੍ਰੇਮ ਸੁਮਾਰਗ ਦੇ ਕਰਤਾ ਨੇ ਵੀ ਗਵਾਹੀ ਭਰੀ ਹੈ ਅਤੇ ਸਾਡੇ ਰਹਿਤਨਾਮੇ ਇਹ ਹੀ ਲਿਖਦੇ ਹਨ ।

ਜਪੁਜੀ ਦੀਆਂ ਮਾਤਰਾਂ ਅਤੇ ਮੁਕਤੇ ਜੇ ਜੋੜੇ ਜਾਣ ਤਾਂ ਕੁੱਲ ਜੋੜ ਅੱਖਰਾਂ ਜਿੰਨਾ ਹੀ ਆਉਂਦਾ ਹੈ । '੧' ਨੂੰ ਛੱਡ ਕੇ ਕੁੱਲ ਅੱਖਰ ੪੯੭੭ ਹਨ ਤੇ ਮਾਤਰਾਂ ਤੇ ਮੁਕਤੇ ਵੀ ੪੯੭੭ ਹਨ । ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਜਪੁਜੀ ਦਾ ਕੋਈ ਅੱਖਰ ਜਾਂ ਮਾਤਰਾ ਵਧਾਇਆ-ਘਟਾਇਆ ਨਹੀਂ ਜਾ ਸਕਦਾ । ਇਸ ਲਈ ਜਪੁਜੀ ਨੂੰ ਪੜ੍ਹਨ-ਵਾਚਣ ਵੇਲੇ ਬੜੀ ਅਹਿਤਿਆਤ ਕਰਨ ਦੀ ਲੋੜ ਹੈ ।

ਇਸੇ ਲਈ ਕਹਿੰਦੇ ਹਨ ਕਿ ਲਿਵ ਜੋੜ ਕੇ ਮਿੱਠੀ ਮੱਧਮ ਸੁਰ ਵਿਚ ਹਿਰਦੇ ਵਿਚ ਅਰਥਾਂ ਸਹਿਤ ਪਾਠ ਕਰਨਾ ਹੀ ਜਪੁ ਹੈ । ਜ਼ਰਾ ਧਿਆਨ ਲਾਂਭੇ ਗਿਆ ਨਹੀਂ ਕਿ ਜਪੁ ਦੀਆਂ ਪਉੜੀਆਂ ਭੁੱਲੀਆਂ ਨਹੀਂ ਅਤੇ ਰਹਿਰਾਸ ਦੇ ਸ਼ਬਦ ਸ਼ੁਰੂ ਹੋਏ ਨਹੀਂ । ਜਪੁ ਜੀ ਦੀ ਹਰ ਤੁਕ ਅਜਿਹੀ ਹੈ ਜਿਸ ਵਿਚ ਸ਼ਬਦਾਂ ਰਾਹੀਂ ਕਮਾਲ ਪ੍ਰਬੰਧ ਦੁਆਰਾ ਚਮਤਕਾਰ ਪੈਦਾ ਕੀਤਾ ਹੈ ।

ਭਾਈ ਸੰਤੋਖ ਸਿੰਘ ਜੀ ਨੇ ਗਰਬ ਗੰਜਨੀ ਟੀਕਾ ਵਿਚ ਜਪੁ ਦੀ ਮਹਿਮਾ ਦਰਸਾਉਂਦੇ ਹੀ ਇਹ ਆਸ ਪ੍ਰਗਟ ਕੀਤੀ ਸੀ ਕਿ ਹਰ ਗੁਰੂ ਕਾ ਸਿੱਖੁ ਜਪੁਜੀ ਨੂੰ ਕੰਠ ਕਰੇ ਅਤੇ ਜਿਸ ਨੂੰ ਜਪੁਜੀ ਯਾਦ ਨਹੀਂ ਉਸ ਨੇ ਜੀਵਨ ਹੀ ਜ਼ਾਇਆ ਕਰ ਲਿਆ, ਜਿਵੇਂ; ਜੀਰੀ ਵਿਚ ਚਾਵਲ ਨ ਹੋਣ ਤਾਂ ਕਿਸ ਕੰਮ, ਉਹ ਤੁੱਖ ਹੈ :

**'ਸਿੱਖ ਗੁਰੂ ਕਾ ਹੋਇਓ ਗਇਓ,**
**ਜਪ ਜੀ ਕੰਠ ਨ ਕੀਨ ।**
**ਤੰਦੁਲ ਬਿਨ ਤੁਖ ਕਾਮ ਕਿਹ,**
**ਤੈਸੇ ਸਿੱਖ ਕੋ ਚੀਨ ।'**

ਇਹ ਸਵਾਲ ਵੀ ਕਈ ਉਠਾਂਦੇ ਹਨ ਕਿ ਜਪ ਕਿਸ ਦਾ ਕਰੀਏ, ਕਿਸ ਵੇਲੇ ਕਰੀਏ, ਕਿਸ ਨਾਲ ਕਰੀਏ ਅਤੇ ਕਿਉਂ ਕਰੀਏ ? ਸਭ ਦਾ ਸੁਕਚਵਾਂ ਉੱਤਰ ਇਸੇ ਜਪ ਵਿਚ ਹੈ । ਜਪ ਕਰੀਏ :

**ਆਦਿ ਸਚੁ,**
**ਜੁਗਾਦਿ ਸਚੁ, ਦਾ ।**
**ਹੈ ਭੀ ਸਚੁ,**
**ਹੋਸੀ ਭੀ ਸਚੁ, ਦਾ ।**

ਵੇਲਾ ਹੋਰ ਕੋਈ ਨਹੀਂ; ਸਿਵਾਇ ਅੰਮ੍ਰਿਤ ਵੇਲੇ ਤੋਂ ।

ਕਰਨਾ ਹੈ ਰਸਨਾ ਨਾਲ । ਲਗਾਤਾਰ :

**ਇਕ ਦੂ ਜੀਭੌ ਲਖ ਹੋਹਿ,**
**ਲਖੁ ਹੋਵਹਿ ਲਖ ਵੀਸ ।**
**ਲਖੁ ਲਖੁ ਗੇੜਾ ਆਖੀਅਹਿ,**
**ਏਕੁ ਨਾਮੁ ਜਗਦੀਸ ।**

ਜਪ ਦਾ ਅਸਰ ਹੁੰਦਾ ਹੈ : ਮੁੱਖ ਉਜਲਾ ਅਤੇ ਜੋ ਕਰਮਾਂ ਦੀ ਜਕੜ (ਨਾਲਿ) ਹੁੰਦੀ ਹੈ, ਉਹ ਟੁਟ ਜਾਂਦੀ ਹੈ । ਜਪ ਪੜ੍ਹਦਿਆਂ-ਪੜ੍ਹਦਿਆਂ ਨਾਮ ਪ੍ਰਗਟ ਹੋ ਜਾਏਗਾ । 'ਅਖਰੀ ਨਾਮ' ਹੈ । ਨਾਮ ਲੈਣਾ ਤਸਕਰੀ ਹੈ । ਨਾਮ ਕਮਾਉਣਾ ਹੈ । ਸੁੱਚੀ ਕਿਰਤ ਵਾਂਗ ।

SIKHBOOKCLUB.COM

**੨**

# ਅੱਠ ਮੁੱਢਲੇ ਸਵਾਲ

ਜਪੁ ਜੀ ਵਿਚ ਕਈ ਮੁੱਢਲੇ ਸਵਾਲ ਗੁਰੂ ਪਾਤਸ਼ਾਹ ਨੇ ਉਠਾਏ ਹਨ ਅਤੇ ਜੇ ਇਨ੍ਹਾਂ ਸਵਾਲਾਂ ਨੂੰ ਇਕ-ਇਕ ਕਰ ਦੇਖੀਏ ਤਾਂ ਇਹ ਹੀ ਅੱਠ ਮੁੱਢਲੇ ਸਵਾਲ ਹਨ ਜੋ ਸਦਾ ਉਠਾਏ ਜਾਂਦੇ ਰਹੇ ਹਨ ਤੇ ਉਠਾਏ ਜਾਂਦੇ ਰਹਿਣਗੇ । ਇਨ੍ਹਾਂ ਦਾ ਹੱਲ ਲੱਭਣ ਲਈ, ਲੁਕਾਈ ਅਤੇ ਜਗਿਆਸੂ ਜਦ ਤੋਂ ਸੰਸਾਰ ਹੋਂਦ ਵਿਚ ਆਇਆ ਹੈ, ਲੱਗੀ ਹੋਈ ਹੈ । ਉੱਤਰ ਲਈ ਭਟਕ ਰਹੇ ਹਨ, ਪਰ ਇਹ ਨਹੀਂ ਜਾਣਦੇ ਕਿ ਗੁਰੂ ਬਾਬੇ ਨੇ ਪਹਿਲਾਂ ਸਵਾਲ ਤੇ ਫਿਰ ਉੱਤਰ ਦੇ ਕੇ ਜਪ ਪੜ੍ਹਨ ਵਾਲੇ ਦੀ ਤਸੱਲੀ ਕਰਾ ਦਿੱਤੀ ਹੈ ।

**ਮੁੱਢਲੇ ਸਵਾਲ ਹਨ :** ਸੱਚ ਦੇ ਘਰ ਪੁੱਜਣ ਤਕ ਰਾਹ ਦੀਆਂ ਰੁਕਾਵਟਾਂ ਕੀ ਹਨ ?

**ਪਹਿਲਾ ਹੈ : 'ਕਿਵ ਸਚਿਆਰਾ ਹੋਈਐ ?'**

ਘਰ ਸੱਚ ਦੇ ਕਿਵੇਂ ਪੁੱਜਿਆ ਜਾਏ? ਆਪਣਾ ਆਇਆ ਜਾਇਜ਼ ਕਿਵੇਂ ਕਰਾਰ ਦਿੱਤਾ ਜਾਏ ?

**ਦੂਜਾ ਹੈ : "ਕਿਵ ਕੂੜੈ ਤੁਟੈ ਪਾਲਿ ॥"**

**ਤੀਜਾ ਹੈ : ਫੇਰਿ ਕਿ ਅਗੈ ਰਖੀਐ, ਜਿਤੁ ਦਿਸੈ ਦਰਬਾਰੁ ।**

ਉਹ ਮੰਜ਼ਲ ਕਿਹੜੀ ਹੈ ਜਿਸ ਵੱਲ ਵਧਿਆਂ ਉਸ ਦਰਬਾਰ ਦੇ ਦਰਸ਼ਨ ਹੁੰਦੇ ਹਨ ?

**ਚੌਥਾ ਸਵਾਲ ਹੈ :** ਜੇ ਪੈਂਡਾ ਤਹਿ ਹੋ ਵੀ ਜਾਏ ਅਤੇ ਮੰਜ਼ਲ ਮਿਲ ਵੀ ਜਾਏ ਤਾਂ ਉਥੇ ਪੁੱਜ ਕਿਹੜੀ ਬੋਲੀ ਬੋਲਾਂ ਕਿ ਉਹ ਮਾਲਕ ਸੁਣਦੇ ਸਾਰ ਪਿਆਰ ਕਰੇ ? ਲਗਾਏ ਛਾਤੀ ਨਾਲ :

**"ਮੁਹੌ ਕਿ ਬੋਲਣੁ ਬੋਲੀਐ, ਜਿਤੁ ਸੁਣਿ ਧਰੇ ਪਿਆਰੁ ।"**

**ਪੰਜਵਾਂ ਸਵਾਲ ਹੈ :** ਉਸ ਮਾਲਕ ਨੇ ਜੋ ਸ੍ਰਿਸ਼ਟੀ ਰਚੀ ਹੈ, ਕੀ ਉਸ ਦਾ ਅਤਾ-ਪਤਾ, ਕਾਲ, ਵਕਤ, ਵਾਰ, ਰੁੱਤ, ਮਹੀਨਾ ਲੱਭਣਾ ਹੀ ਉਸ ਤਕ ਪੁੱਜਣਾ ਹੈ ?

**'ਕਵਣੁ ਸੁ ਵੇਲਾ,**
**ਵਖਤੁ ਕਵਣੁ**
**ਕਵਣ ਥਿਤਿ**
**ਕਵਣੁ ਵਾਰੁ ।**

**ਕਵਣਿ ਸਿ ਰੁਤੀ**
**ਮਾਹੁ ਕਵਣੁ**
**ਜਿਤੁ ਹੋਆ ਆਕਾਰੁ ।'**

**ਛੇਵਾਂ ਸਵਾਲ ਹੈ :** ਜੇ ਸ੍ਰਿਸ਼ਟੀ ਦੀ ਹਰ ਗੁੰਝਲ ਖੋਲ੍ਹਣੀ ਸਾਡੇ ਵੱਸ ਦੀ ਗੱਲ ਨਹੀਂ ਤਾਂ ਉਸ ਨੂੰ ਪਾਉਣ ਲਈ ਕੀ ਰਾਹ ਅਪਣਾਈਏ?

**"ਕਿਵ ਕਰਿ ਆਖਾ**
**ਕਿਵ ਸਾਲਾਹੀ**
**ਕਿਉ ਵਰਨੀ**
**ਕਿਵ ਜਾਣਾ ।"**

**ਸੱਤਵਾਂ ਸਵਾਲ ਹੈ :** ਉਹ ਦਰ ਕੈਸਾ ਹੈ ਜਿੱਥੋਂ ਲੰਘ ਕੇ ਉਸ ਦੇ ਘਰ ਤਕ ਜਾਈਦਾ ਹੈ?

**"ਸੋ ਦਰੁ ਕੇਹਾ ?"**

**ਅੱਠਵਾਂ ਤੇ ਅੰਤਲਾ ਸਵਾਲ ਹੈ :**

**"ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ।"**

ਉਹ ਘਰ ਕੈਸਾ ਹੈ ਜਿੱਥੇ ਬੈਠ ਕੇ ਸਭ ਦੀ ਸੰਭਾਲ ਉਹ ਕਰ ਰਿਹਾ ਹੈ?

ਇਨ੍ਹਾਂ ਦਾ ਉੱਤਰ ਜਪੁ ਵਿਚੋਂ ਹੀ ਲੱਭਣਾ ਹੈ । ਗੁਰੂ ਗ੍ਰੰਥ ਸਾਹਿਬ ਵਿਚ ਮਹਾਰਾਜ ਨੇ ਇਹ ਹੀ ਢੰਗ ਵਰਤਿਆ ਹੈ। ਅਪਣੇ ਸੁਭਾਅ ਅਨੁਸਾਰ ਗੁਰੂ ਨਾਨਕ ਜੀ ਸਵਾਲ ਕਰ ਕੇ ਉਥੇ ਅਗਲੀ ਹੀ ਤੁਕ ਵਿਚ ਨਵੇਕਲੇ ਢੰਗ ਨਾਲ ਅਛੋਪਲੇ ਜਹੇ ਉੱਤਰ ਦੇ ਜਾਂਦੇ ਹਨ ।

ਸਿਧ ਗੋਸ਼ਟਿ ਹੀ ਦੇਖੋ, ਸਵਾਲ ਸੀ :

ਤੁਸੀਂ ਕਉਣ ਹੋ, ਤੁਹਾਡਾ ਨਾਮ ਕੀ ਹੈ?

ਕਿਸ ਮਾਰਗ ਤੇ ਟੁਰ ਰਹੇ ਹੋ ਅਤੇ ਲੋਕਾਂ ਨੂੰ ਕਿੱਥੇ ਪਹੁੰਚਾਉਣ ਦਾ ਤੁਹਾਡਾ ਚਿੱਤ ਹੈ?

**ਕਵਨ ਤੁਮੇ**
**ਕਿਆ ਨਾਉ ਤੁਮਾਰਾ,**
**ਕਉਨੁ ਮਾਰਗੁ,**
**ਕਉਨੁ ਸੁਆਓ ।** (ਸਿਧ ਗੋਸ਼ਟ, ਪੰਨਾ ੯੩੮)

ਤਾਂ ਕਿਸ ਸਹਿਜ ਨਾਲ ਸਵਾਲਾਂ ਦਾ ਜੁਆਬ ਦੇਂਦੇ ਹਨ ਕਿ 'ਮੇਰਾ ਕੋਈ ਨਾਮ ਨਹੀਂ ਹੈ, ਜਿਸ ਨੇ ਰਹਿਣਾ ਨਹੀਂ, ਉਸ ਦਾ ਨਾਮ ਕੀ ਹੋਇਆ? ਰਾਹ ਹੈ, ਨਿੰਮ੍ਰਤਾ ਅਤੇ ਨਿੰਮ੍ਰਤਾ ਨੂੰ ਧਾਰ ਟੁਰੇ ਜਾਣਾ ਅਤੇ ਨਿਸ਼ਾਨਾ ਹੈ ਕੁਰਬਾਨੀ, ਵੈਰ ਛਕਣਾ, ਮੱਲਾਂ ਨਾ ਮਾਰਨੀਆਂ ਅਤੇ ਲੋੜ ਪੈਣ ਤੇ ਆਪਾ ਵਾਰ ਦੇਣਾ, ਸ਼ਹੀਦ ਹੋ ਜਾਣਾ ਤਾਂਕਿ ਭਲੇ-ਪੁਰਸ਼ ਸੁਖੀ ਵੱਸ ਸਕਣ :

**"ਸਾਚ ਕਹਉ,**
**ਅਰਦਾਸਿ ਹਮਾਰੀ,**
**ਹਉ ਸੰਤ ਜਨਾ ਬਲਿ ਜਾਓ ।"**

ਹੁਣ ਪਹਿਲੇ ਸਵਾਲ 'ਕਿਵ ਸਚਿਆਰਾ ਹੋਈਐ' ਦਾ ਉੱਤਰ ਦੇਖੋ ਜੋ ਜਪੁ ਜੀ ਵਿਚ ਦਿੱਤਾ ਹੈ ।

ਜੁਆਬ ਹੈ :

**"ਹੁਕਮਿ ਰਜਾਈ ਚਲਣਾ ।"**

ਉਸ ਦੇ ਹੁਕਮ ਅਤੇ ਉਸ ਦੀ ਰਜ਼ਾ ਵਿਚ ਰਹਿਣਾ ਤੇ ਟੁਰਨਾ ਹੈ । ਹੁਕਮ ਤੇ ਕਿੰਤੂ ਨਾ ਕਰਨਾ । ਹੁਕਮ ਵਿਚ ਸਖ਼ਤੀ ਜ਼ਰੂਰ ਹੁੰਦੀ ਹੈ, ਪਰ ਜੀਵਾਂ ਦੇ ਭਲੇ ਲਈ ਹੈ । ਜੇ ਕਿਸੇ ਨੂੰ ਵਡਿਆਈ ਮਿਲ ਰਹੀ ਹੈ ਤਾਂ ਈਰਖਾ ਭਾਵ ਵਿਚ ਨਹੀਂ ਆਉਣਾ ਅਤੇ ਜੇ ਖੋਹੀ ਜਾ ਰਹੀ ਹੈ ਤਾਂ 'ਰੋਹ' ਵਿਚ ਨਹੀਂ ਆਉਣਾ । ਕੋਈ ਉੱਤਮ ਹੈ, ਉੱਚਾ ਹੈ, ਦੇਖਣ ਨੂੰ ਵੱਡਾ ਹੈ, ਮਹਾਨ ਹੈ ਤਾਂ ਖ਼ੁਸ਼ਾਮਦਾਂ ਵਿਚ ਨਹੀਂ ਪੈ ਜਾਣਾ ਤੇ ਜੇ ਕੋਈ ਨੀਵਾਂ ਹੈ, ਨੀਚ ਹੈ, ਘਿਰਣਾ ਨਹੀਂ ਕਰਨੀ । ਹੁਕਮ ਹੀ ਸਚਿਆਰ ਕਰ ਦੇਵੇਗਾ । 'ਰਜ਼ਾ' ਮਿੱਠੀ ਲੱਗੇ । ਇਹ ਦਾਤ ਮਿਲਦੀ ਰਹਿਮਤ ਨਾਲ ਹੈ ! ਕੋਈ ਹੱਕ ਨਹੀਂ ।

'ਜੇ ਕੋ ਬੁਝੈ ਹੋਵੈ ਸਚਿਆਰੁ', ਕੀ ਬੁਝੇ? ਬੁਝੇ ਇਹ ਕਿ ਧਰਤੀ ਦਾ ਭਾਰ ਕਿਸੇ ਅਖੌਤੀ ਮਿਥਿਹਾਸਕ ਬਲਦ ਨੇ ਨਹੀਂ ਚੁੱਕਿਆ ਹੋਇਆ । ਇਹ ਧਰਤੀ ਧਰਮ ਸਹਾਰੇ ਖੜ੍ਹੀ ਹੈ । ਇਹ ਧਰਤੀ ਧਰਮਸਾਲ ਹੈ । ਹੁਕਮ ਦੇ ਅਨੁਸਾਰ ਟੁਰ ਰਹੀ ਹੈ । ਇਹ ਧਰਮ ਮਿਲ ਜਾਏਗਾ ਜੇ 'ਦਇਆ' ਹਿਰਦੇ ਵਿਚ ਹੈ । ਦਇਆ ਆਇਆਂ ਹੀ ਧਰਮ ਪੈਦਾ ਹੋ ਜਾਏਗਾ ਅਤੇ ਇਹ ਧਰਮ ਦਾ ਪੈਦਾ ਹੋਣਾ ਹੀ ਹੁਕਮ ਵਿਚ ਰਹਿਣਾ ਤੇ ਰਜ਼ਾ ਵਿਚ ਟੁਰਨ ਲਈ ਸਹਾਇਕ ਹੁੰਦਾ ਹੈ । **'ਸੰਤੋਖ'** ਦਾ ਬੀਜ ਪਾਇਆਂ, **'ਦਇਆ'** ਦੀ ਕੁੱਖੋਂ **'ਧਰਮ'** ਉਤਪੰਨ ਹੁੰਦਾ ਹੈ । ਹੁਕਮੀ ਜੀਉੜੇ ਉਹ ਹਨ ਜਿਨ੍ਹਾਂ ਦੀ ਭੁੱਖ, ਤ੍ਰਿਸ਼ਨਾ, ਚੰਚਲਤਾ ਤੇ ਹਉਮੈ ਮੁੱਕ ਗਈ ਹੈ ।

**ਦੂਜਾ ਪ੍ਰਸ਼ਨ ਹੈ :**

SIKHBOOKCLUB.COM

**"ਪਾਲਿ ਕਿਵੇਂ ਟੁਟੇ ?"**

ਇਕ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਪਾਲਿ ਦੇ ਅਰਥ ਦੀਵਾਰ ਨਹੀਂ । ਕਿਉਂਕਿ ਇਸੇ 'ਪਾਲਿ' ਨੂੰ ਭਗਤ ਕਬੀਰ ਜੀ ਨੇ ਮਨ੍ਹੇਰ ਕਰ ਕੇ ਵਰਤਿਆ ਹੈ :

**'ਪਾਲਿ ਸਮੁਹਾ ਸਰਵਰੁ ਭਰਾ,**
**ਪੀ ਨ ਸਕੈ ਕੋਈ ਨੀਰੁ ।'**

ਪਾਲਿ ਦੇ ਅਰਥ ਉਹ ਮਨ੍ਹੇਰਾ ਹੈ ਜਿਸ ਅੰਦਰ ਤਾਲਾਬ ਦਾ ਜਲ ਰੋਕਿਆ ਜਾਂਦਾ ਹੈ । ਇਹ ਮਨ੍ਹੇਰ ਟੁੱਟੇ ਤਾਂ ਪਾਣੀ ਵਹਿ ਜਾਂਦਾ ਹੈ ਜਾਂ ਮਨ੍ਹੇਰ ਤੇ ਖਲੋ ਕੇ ਹੀ ਜਲ ਪੀਤਾ ਜਾਂਦਾ ਹੈ । ਇਸ 'ਪਾਲਿ' ਦੇ ਅੰਦਰ ਤ੍ਰਿਸ਼ਨਾ ਦਾ ਜਲ, ਈਰਖਾ ਦਾ ਚਿੱਕੜ, ਰਸਮਾਂ ਦਾ ਬੂਰ ਹੈ । ਇਸ ਨੂੰ ਤੋੜਨਾ ਹੈ ਤੇ ਸਵੱਛ ਨਾਮ ਜਲ ਭਰਨਾ ਹੈ । ਹਿਰਦੇ ਰੂਪੀ ਪਾਲਿ ਵਿਚੋਂ ਯਾਤਰਾ ਦਾ ਖ਼ਿਆਲ, ਯੋਗ ਆਸਨਾਂ ਦਾ ਸਹਾਰਾ, ਧਨ-ਦੌਲਤ ਦੇ ਅੰਬਾਰਾਂ ਲਈ ਤੜਪ, ਸਿਆਣਪਾਂ ਤੇ ਚਤਰਾਈਆਂ ਕੱਢਣੀਆਂ ਹਨ । ਇਹ ਹੈ ਪਾਲਿ ਨੂੰ ਤੋੜਨਾ ।

ਇਹ 'ਪਾਲਿ' ਟੁੱਟਦੀ ਹੈ ਜੇ ਕੋਈ ਸਦਾ ਖੇੜੇ ਵਿਚ ਰਹੇ ਤੇ ਖਿਝੇ ਨਾ, ਬੇ-ਮੁਹਤਾਜ ਹੋ ਵਿਚਰੇ ।

'ਵਿਗਸੈ ਵੇਪਰਵਾਹੁ' ਜਾਂ ਦੂਜੇ ਅਰਥਾਂ ਵਿਚ ਬੇ-ਪ੍ਰਵਾਹ ਹੀ ਵਿਗਸ ਸਕਦਾ ਹੈ ।

**ਤੀਜਾ ਪ੍ਰਸ਼ਨ** ਹੈ ਕਿ ਅਗੈ ਕੀ ਰਖੀਐ, ਮੁੱਖ ਮੰਤਵ ਕੀ ਹੋਵੇ ਤਾਂ ਬੜਾ ਸਪੱਸ਼ਟ ਉੱਤਰ ਦਿੰਦੇ ਹਨ ਕਿ **'ਅੰਮ੍ਰਿਤ ਵੇਲਾ'** ।

ਜ਼ਿੰਦਗੀ ਦੇ ਉਹ ਪਲ ਜ਼ਾਇਆ ਨਹੀਂ ਕਰਨੇ, ਜਿਸ ਵੇਲੇ ਧੰਧੇ ਨੇ ਸਰੀਰ ਨੂੰ ਅਜੇ ਗ੍ਰਸਿਆ ਨਹੀਂ ਹੁੰਦਾ । ਅੰਮ੍ਰਿਤ ਵੇਲੇ ਜਿਸ ਨੇ ਵੀ ਸੁਚੇਤੀ ਕਰ ਲਈ, 'ਦਰਿਆਵਾਂ ਸਿਉ

ਦੋਸਤੀ' ਪਾ ਲਈ; ਉਸ ਦੀ ਸੁਰਤਿ ਵਿਚ ਚਾਉ ਉਪਜੇਗਾ । ਮਨ ਵਿਚ ਤੇ ਮੁੱਖ ਵਿਚ ਨਾਮ ਪ੍ਰਭੂ ਦਾ ਰੱਖਿਆਂ, ਜੀਵਨ ਹੁਲਾਰੇ ਵਿਚ ਆ ਜਾਏਗਾ ।

ਚਿੜੀ ਚਹਿਕਦੇ ਸਾਰ ਹੀ ਅੰਮ੍ਰਿਤ ਵੇਲੇ 'ਵਗਨਿ ਬਹੁਤੁ-ਤਰੰਗ' । ਸੁਬਹ ਸੁਰਤਿ ਚਾਉ ਵਿਚ ਹੁੰਦੀ ਹੈ । ਅੰਮ੍ਰਿਤ ਵੇਲੇ ਪਪੀਹਾ ਬੋਲਦਾ ਹੈ ਤਾਂ ਦਰ ਪੁਕਾਰ ਸੁਣੀ ਜਾਂਦੀ ਹੈ ਅਤੇ ਜੇ ਮਨੁੱਖ, ਧਰਤੀ ਦਾ ਸਰਦਾਰ, ਅਸ਼ਰਫ਼-ਉਲ-ਮਖਲੂਕਾਤ ਪੁਕਾਰੇ ਤਾਂ ਕੀ ਨ ਸੁਣੀ ਜਾਏਗੀ ਸੱਦ । ਨਹੀਂ ਖੁੰਝਾਉਣਾ ਅੰਮ੍ਰਿਤ ਵੇਲਾ ਭਾਵੇਂ ਕੁਝ ਹੋ ਜਾਏ । ਇਹ ਹੀ ਹੈ ਅਗੇ ਧਰਣਾ । ਅੰਮ੍ਰਿਤ ਵੇਲੇ ਉਸ ਦੀ ਯਾਦ ਪਕਾਇਆਂ, ਉਸ ਦਾ ਜਲਵੇ ਦਾ ਨਜ਼ਾਰਾ ਹੋ ਜਾਂਦਾ ਹੈ ।

**ਚੌਥਾ ਪ੍ਰਸ਼ਨ ਹੈ :** ਮੁਹੌ ਕਿ ਬੋਲਣੁ ਬੋਲੀਐ ।

ਇਸ ਦਾ ਉੱਤਰ ਦੇਂਦੇ ਹਨ ਕਿ ਇਹ ਦੇਖੋ ਜੁ ਤੁਸੀਂ ਬੋਲ ਰਹੇ ਹੋ, ਉਸ ਨੂੰ ਅੰਦਰਲਾ ਸੁਣ ਰਿਹਾ ਹੈ ਕਿ ਨਹੀਂ ਅਤੇ ਪਿਆਰ ਪੈਦਾ ਹੋ ਰਿਹਾ ਹੈ ਕਿ ਨਹੀਂ । ਜੇ ਅੰਦਰਲੀ ਟੇਪ ਲਗਾਤਾਰ ਬੋਲ-ਬੁਲਾਰਾ ਕਰ ਰਹੀ ਹੈ, ਆਪੇ ਨਾਲ ਹੀ ਗੱਲਾਂ ਹੋ ਰਹੀਆਂ ਹਨ, ਹਰ ਵੇਲੇ ਦੀ ਉਧੇੜ-ਬੁਣ ਜਾਰੀ ਹੈ ਤਾਂ ਜਾਣੋਂ ਕੋਈ ਵੀ ਸੁਣ ਨਹੀਂ ਰਿਹਾ, ਕਿਉਂਕਿ ਉਹ ਤਾਂ ਉਸ ਵੇਲੇ ਸੁਣੇਗਾ ਜੇ ਪਹਿਲਾਂ ਆਪਣਾ ਅੰਦਰਲਾ ਸੁਣੇ । ਪਿਆਰ ਵੀ ਤਾਂ ਪੈਦਾ ਹੋ ਸਕਦਾ ਹੈ ਕਿ ਵਡਿਆਈ ਵੀ ਜੋ ਕੀਤੀ ਜਾਏ ਵਿਚਾਰ ਨਾਲ ਕੀਤੀ ਜਾਏ । ਬਾਣੀ ਦੇ ਭਾਵ ਵਿਚ ਜਾਏ, ਰਹਸ ਢੂੰਡੇ । ਅੜ੍ਹੀਵ ਅਰਥ ਜਾਣੇ । ਇਕ ਨਿਰਾਲਾ ਜਿਹਾ ਸੁਆਦ ਆਵੇਗਾ ਜਦ ਭਾਵ ਅਰਥ ਖੁਲ੍ਹਣ ਲੱਗਦੇ ਹਨ । ਪਿਆਰ ਦੀ ਮੰਜ਼ਲ ਵੱਲ 'ਗਾਵੀਐ' **ਪਹਿਲੀ** ਪਉੜੀ ਹੈ । 'ਸੁਣੀਐ' **ਦੂਜੀ** ਪਰ ਲਾਜ਼ਮੀ ਹੈ ਕਿ ਗਾਵਿੰਦਿਆਂ ਮਨ ਸੁਣੇ ਅਤੇ **ਤੀਜੀ** ਹੈ, ਸਿਵਾਇ ਉਸ ਦੇ ਪਿਆਰ ਦੇ; ਹਿਰਦੇ ਹੋਰ ਕੁਝ ਨਾਂਹ ਹੋਵੇ । ਉਸ ਨੂੰ ਭਾ ਜਾਣ ਦੀ ਨਿਸ਼ਾਨੀ ਇਹ ਹੈ ਕਿ ਇਹ ਵਿਸ਼ਵਾਸ਼ ਅੰਦਰ ਪੱਕ ਜਾਏ ਕਿ 'ਸਭਨਾਂ ਜੀਆ ਕਾ ਇਕੁ ਦਾਤਾ' ਹੈ । 'ਅੰਤਰ ਗਤਿ' ਆਪੇ ਤੀਰਥ ਬਣ ਜਾਂਦਾ ਹੈ ਅਤੇ ਇਸ਼ਨਾਨ ਹੋਣੇ ਸ਼ੁਰੂ ਹੋ ਜਾਂਦੇ ਹਨ । ਤਾਜ਼ਾ-ਤਾਜ਼ਾ ਰਹਿੰਦਾ ਹੈ ਜੀਵ ਹਰ ਵੇਲੇ । ਨਿਤ ਨਵਾਂ ਲੱਗਦਾ ਹੈ । ਬਸ ਅਪਾਰ ਪ੍ਰਭੂ ਨਾਲ ਮੇਲ ਕਰਨ ਦਾ ਰਾਹ 'ਭਾਖਿਆ', (ਬੋਲ) ਬਾਣੀ ਹੈ; ਪਰ ਬਾਣੀ ਪਿਆਰ ਨਾਲ, ਮਨ ਨੂੰ ਸੁਣਾ ਕੇ ਪੜ੍ਹਨੀ ਹੈ । **'ਭਾਖਿਆ ਭਾਉ'**

**ਪੰਜਵੇਂ ਪ੍ਰਸ਼ਨ** : 'ਕਵਣੁ ਸੁ ਵੇਲਾ, ਵਖਤੁ ਕਵਣੁ, ਕਵਣ ਥਿਤਿ', ਦਾ ਉੱਤਰ ਦੇਂਦੇ ਹਨ ਕਿ ਇਸ ਪਿਛੇ ਲੱਗੇ ਰਹਿਣਾ ਕਿ ਇਹ ਧਰਤੀ ਕਦ ਉੱਸਰੀ, ਨਿੱਸਰੀ, ਸਾਜੀ, ਅੰਮ੍ਰਿਤ ਵੇਲੇ ਨੂੰ ਜ਼ਾਇਆ ਕਰਨਾ ਹੈ, ਨਿਸ਼ਾਨੇ ਤੋਂ ਖੁੰਝਣਾ ਹੈ । ਨ ਗਿਆਨ (ਵੇਦ), ਨ ਅਲਹਾਮ (ਕੁਰਾਨ) ਨ ਖੋਜ; ਨ ਤਰਕ ਜਾਣ ਸਕਿਆ ਹੈ ਕਿ ਇਹ ਧਰਤੀ ਕਦ ਬਣੀ । ਕਿਉਂਕਿ ਇਕ ਧਰਤੀ ਤਾਂ ਹੈ ਨਹੀਂ, ਪਾਤਾਲਾ ਪਾਤਾਲ ਹਨ । 'ਧਰਤੀ ਹੋਰੁ ਪਰੈ ਹੋਰੁ, ਹੋਰੁ' ਹੈ । ਲੰਮੀ ਖੋਜ ਬਾਅਦ ਕੁਝ ਜਾਣਨਾ ਤਾਂ ਇੰਝ ਹੀ ਹੋਵੇਗਾ ਕਿ ਕੋਈ 'ਸ਼ਾਹ ਸੁਲਤਾਨ, ਸ਼ਹਿਨਸ਼ਾਹ ਪਾਸ ਪਏ ਖ਼ਜ਼ਾਨੇ ਨੂੰ ਮਿਣਨਾ-ਗਿਣਨਾ ਚਾਹੇ ਤੇ ਆਪਣੇ ਰੁਮਾਲ ਦੀ ਗੰਢ ਮਾਰ, ਵਿਚ ਦੋ ਧੇਲੇ ਰੱਖ ਕਹੀ ਜਾਏ ਕਿ ਇਤਨਾ ਕੁ ਹੋਵੇਗਾ ਮਾਲ ਧਨ ਉਸ ਸ਼ਾਹ-ਸੁਲਤਾਨ ਪਾਸ ।

**'ਗਿਰਹਾ ਸੇਤੀ ਮਾਲੁ ਧਨੁ ।'**

ਸਾਡਾ ਕਰਤੱਵ ਬਸ ਇਤਨਾ ਹੋਣਾ ਚਾਹੀਦਾ ਹੈ ਕਿ 'ਮਨਹੁ ਨ ਵਿਸਰੈ ।' ਇਹ ਜਾਣ ਲੈਣਾ ਚਾਹੀਦਾ ਹੈ ਕਿ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ । ਕੋਈ ਥੋੜ੍ਹੀ ਮਤ ਵਾਲਾ (ਧਾਇਕੁ) ਜੇ ਜ਼ਿੱਦ ਕਰਕੇ ਦੱਸੇ ਵੀ ਤਾਂ ਉਸ ਨੂੰ ਚੋਟਾਂ ਹੀ ਖਾਣੀਆਂ ਪੈਣਗੀਆਂ ।

**ਛੇਵੇਂ ਪ੍ਰਸ਼ਨ :** 'ਕਿਵ ਕਰਿ ਆਖਾ, ਕਿਵ ਸਾਲਾਹੀ, ਕਿਉ ਵਰਨੀ, ਕਿਵ ਜਾਣਾ' ਦਾ ਉੱਤਰ ਦੇਂਦੇ ਹਨ ਕਿ ਪਹਿਲਾਂ ਤਾਂ ਇਹ ਜਾਣ ਲਵੋ ਕਿ ਜਗਤ ਵਿਚ 'ਇਕ ਦੂ ਇਕ ਸਿਆਣਾ ਹੈ ।' ਆਪਣੇ-ਆਪ ਨੂੰ ਨਹੀਂ ਜਣਾਉਣਾ । ਇਹ ਸਦਾ ਮੂੰਹ ਤੇ ਹੋਵੇ :

**"ਨਾਨਕ ਵੇਚਾਰਾ ਕਿਆ ਕਹੈ ।
ਸਭ ਲੋਕ ਸਲਾਹੇ ਏਕਸੈ ।
ਸਿਰ ਨਾਨਕ ਲੋਕਾ ਪਾਵ ਹੈ ।
ਬਲਿਹਾਰੀ ਜਾਉ, ਜੇਤੇ ਤੇਰੇ ਨਾਵ ਹੈ ।"**

ਜਿਸ ਨੇ ਵੀ ਆਪਾ ਜਣਾਇਆ, 'ਆਪੇ ਜਾਣੈ', ਉਹ ਕਦਾਚਿਤ ਦਰਗਾਹ ਥਾਂ ਨਹੀਂ ਪਾ ਸਕਦਾ, 'ਅਗੈ ਗਿਆ ਨ ਸੋਹੈ ।' **ਸਲਾਹੁਣਾ ਵੀ ਹੈ, ਨਿਮ੍ਰਤਾ ਵਿਚ ਰਹਿ ਕੇ ।**

**ਸਤਵੇਂ ਸਵਾਲ :**

'ਸੋ ਦਰੁ ਕੇਹਾ' ਦਾ ਉੱਤਰ ਦੇਂਦੇ ਹਨ ਕਿ

ਦਰ ਹੈ ਰਾਗ, ਸਾਜ਼, ਨਾਦ, ਅਵਾਜ਼, ਗਾਉਣਾ, 'ਵਾਵਨਹਾਰੇ ।' ਜਦ ਆਦਮ ਦਾ ਪੁਤਲਾ ਵਾਹਿਗੁਰੂ ਘੜਿਆ ਸੀ ਤਾਂ ਕਹਿੰਦੇ ਹਨ ਕਿ 'ਆਤਮਾ' ਰਾਗ ਨਾਲ ਬੁੱਤ ਅੰਦਰ ਗਈ ਸੀ । ਹੁਣ ਇਹ ਰਾਗ ਹੀ ਆਤਮਾ ਨੂੰ ਪ੍ਰਮਾਤਮਾ ਦੇ ਦਰ ਲੈ ਜਾਏਗਾ ! ਸਭ ਗਾ ਰਹੇ ਹਨ । ਭਾਵੇਂ ਪੰਚ ਤੱਤ ਹਨ, ਤੱਤਾਂ ਤੋਂ ਬਣੀਆਂ ਵਸਤੂਆਂ ਹਨ, ਜੀਵ ਹਨ, ਜੀਵ-ਆਤਮਾਵਾਂ ਹਨ, ਪੁੱਗੇ ਹੋਏ ਪੁਰਸ਼, ਦੇਵਤੇ ਹਨ ਜਾਂ ਪੀਰ ਪੈਗੰਬਰ ਔਲੀਆ ਹਨ ਜਾਂ ਸੁਰ ਨਰ ਗੰਧਰਵ ਹਨ । ਗਾਉਣ ਨਾਲ ਉਸ ਦਾ ਦਰ ਮਿਲਦਾ ਹੈ ।

**ਆਖ਼ਰੀ ਸਵਾਲ ਹੈ ਕਿ ਉਹ ਘਰ ਕਿਥੇ ਹੈ ?**

ਜਿਥੇ ਬੈਠ ਉਹ ਸਭ ਜੀਵਾਂ ਦੀ ਸੰਭਾਲ ਕਰ ਰਹਿਆ ਹੈ । ਉਹ ਘਰ ਰਜ਼ਾ ਵਿਚ ਹੈ ।

'ਰਹਣੁ ਰਜਾਈ ।'

'ਰਹਣੁ' ਦੇ ਅਰਥ ਹੀ ਘਰ ਹਨ ।

ਉਹ ਘਰ ਹੈ ਜਿਥੇ ਕਰਤੇ ਦੀ ਕੀਰਤੀ ਹੁੰਦੀ ਹੈ । ਉਹ ਘਰ ਹੈ ਜਿਥੇ ਕਰਤੇ ਦਾ ਵਿਚਾਰ ਹੁੰਦਾ ਹੈ ।

ਉਹ ਘਰ ਹੈ ਜਿਥੇ 'ਸਮ ਦ੍ਰਿਸ਼ਟੀ' ਵਾਲੇ ਟਿਕਦੇ ਹਨ ।

ਉਹ ਘਰ ਹੈ ਜਿਥੇ ਨਿਰਭਉ ਕਾ ਸੋਹਿਲਾ ਹੈ ।

ਉਹ ਘਰ ਹਿਰਦੇ ਵਿਚ ਹੈ ।

ਜਿਸ ਨੇ ਧਰਤੀ ਤੇ ਅਕਾਸ਼ ਵਿਚ ਆਪਣੀ ਸ਼ਕਤੀ ਧਾਰੀ ਹੈ, ਉਸ ਨੇ ਮਨੁੱਖਾਂ ਦੀ ਹੀ ਰੂਪ-ਮੜ੍ਹੀ ਨੂੰ ਆਪਣਾ ਘਰ ਬਣਾਇਆ ਹੈ ।

**"ਅਉਹਠਿ ਹਸਤ ਮੜੀ ਘਰੁ ਛਾਇਆ,
ਧਰਣਿ ਗਗਨ ਕਲ ਧਾਰੀ ।"**

ਇਥੇ.ਆ ਕੇ ਇਹ ਸੋਚ ਵੀ ਮੁੱਕ ਗਈ ਕਿ ਪ੍ਰਮਾਤਮਾ ਕੋਈ ਤਸੱਵਰ ਹੈ, ਖ਼ਿਆਲ ਹੈ ਜਾਂ ਭ੍ਰਾਂਤੀ ਹੈ :

ਉਹ ਦਰ ਵਾਲਾ ਹੈ, ਘਰ ਵਾਲਾ ਹੈ ।

ਦਰਬਾਰ ਲਗਾਂਦਾ ਹੈ, ਫ਼ੈਸਲੇ ਸੁਣਾਂਦਾ ਹੈ । ਉਸ ਦੀ ਹੋਂਦ ਹੈ ਅਤੇ ਜਪ ਕਰਦੇ ਉਸ ਦੀ ਹੋਂਦ ਦਾ ਪ੍ਰਕਾਸ਼ ਹਿਰਦੇ ਕਰਨਾ ਹੈ ।

ਕਿਸ ਸਹਿਜ ਨਾਲ ਸਵਾਲ ਉਠਾਏ ਸਨ ਗੁਰੂ ਪਾਤਸ਼ਾਹ ਨੇ ਤੇ ਕਿਸ ਸਰਲਤਾ ਨਾਲ ਉੱਤਰ ਦਿੱਤੇ ਹਨ, ਗੁਰੂ ਪਿਤਾ ਨੇ ।

SIKHBOOKCLUB.COM

## ੩

# ਜਪੁ ਜੀ ਦਾ ਮੁੱਖ ਭਾਵ

'ਜਪੁ' ਦੇ ਅਰਥ ਵਾਰ-ਵਾਰ ਵੀ ਹਨ ਅਤੇ ਵਾਰ-ਵਾਰ ਹੀ ਸਿਮਰਨ ਦਾ ਦੂਜਾ ਨਾਂ ਹੈ। ਹਿਰਦੇ ਵਿਚ ਵਾਰ-ਵਾਰ ਪਾਠ ਕਰਨ ਨੂੰ ਹੀ ਜਪੁ ਕਹਿੰਦੇ ਹਨ। ਸਿਮਰਨ ਸਿੱਖੀ ਦਾ ਮੂਲ, ਮਜ਼ਮੂਨ ਹੈ : ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ। ਮੇਘ ਬਿਨਾ ਜਿਉ ਖੇਤੀ ਜਾਇ, ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ। ਸੋ ਸਿਮਰਨ ਦੀ ਬਾਰਸ਼ ਤੋਂ ਬਿਨਾਂ ਕਰਮ ਰੂਪ ਖੇਤ੍ਰੀ ਨੂੰ ਫਲ ਨਹੀਂ ਲੱਗਣਾ। ਸਿਮਰਨ ਕਰਕੇ ਹੀ ਸਿੱਖੀ ਦਾ ਗੁਣ ਉਜਾਗਰ ਹੁੰਦਾ ਹੈ, ਸਿਮਰਨ ਦਾ ਸਿੱਟਾ ਸਦਾ ਹੀ ਸੁਖ ਨਿਕਲਣਾ ਹੈ।

**'ਅਬਿਨਾਸੀ ਖੇਮ ਚਾਹਹਿ ਜੇ ਨਾਨਕ**
**ਸਦਾ ਸਿਮਰਿ ਨਾਰਾਇਣ।'** ਗੁਰੂ ਅਰਜਨ ਦੇਵ ਜੀ ਦਾ ਹੁਕਮ ਹੈ।

ਸਿਮਰਨ ਨਾਲ ਮਨੁੱਖ 'ਸਗਲ ਭਵਣ ਕੀ ਸੁਧਿ' ਪਾ ਲੈਂਦਾ ਹੈ। ਪੀਰ ਦੀ ਪਦਵੀ ਪਾ ਕੇ ਮਾਨ ਪ੍ਰਾਪਤ ਕਰਦਾ ਹੈ। ਮਨੁੱਖ ਤੋਂ ਦੇਵਤਾ ਹੋ ਉੱਠਦਾ ਹੈ। ਮੌਤ ਜੋ ਹਰ ਇਕ ਨੂੰ ਡਰਾਈ ਫਿਰਦੀ ਹੈ, ਸਿਮਰਨ ਵਾਲਾ ਉਸ ਨੂੰ ਜਿੱਤ ਲੈਂਦਾ ਹੈ। ਉਹ ਸ਼ੇਖ ਬਣ ਜਾਂਦਾ ਹੈ। ਉਚਾ (ਸ਼ੇਖ) ਹੋਇਆਂ ਭਟਕਣਾ ਮੁੱਕ ਜਾਂਦੀ ਹੈ, ਦਾਨੀ ਰੁਚੀ ਮਿਲ ਜਾਂਦੀ ਹੈ। ਦੇਹ ਕੇ, ਵੰਡ ਛੱਕ ਕੇ ਉਹ ਪ੍ਰਸੰਨ ਹੁੰਦਾ ਹੈ। ਸੰਤੁਸ਼ਟ ਰਹਿੰਦਾ ਤੇ ਸ਼ੁਕਰ-ਸ਼ੁਕਰ ਕਰਦਾ ਹੈ। ਸੰਤੋਖੀ ਹੋਣ ਵਿਚ ਹੀ ਸੁਆਦ ਲੈਂਦਾ ਹੈ। ਉਹ ਪਗਡੰਡੀਆਂ (ਕਰਮ ਆਦਿ) ਛੱਡ ਕੇ ਗਾਡੀ ਰਾਹ, ਸ਼ਾਹ-ਰਾਹ (ਨਾਮ ਸਿਮਰਨ) ਪਕੜ ਲੈਂਦਾ ਹੈ। ਉਹ ਹਰ ਥਾਂ ਮਾਨ ਪ੍ਰਾਪਤ ਕਰਦਾ ਹੈ। ਸਹਿਜ ਉਸ ਦਾ ਹਥਿਆਰ ਬਣ ਜਾਂਦਾ ਹੈ ਤੇ ਧਿਆਨ ਵਿਚ ਜੁੜ ਜਾਣਾ ਉਸ ਦਾ ਸੁਭਾਅ।

ਹੁਣ ਐਸੇ ਜੀਉੜੇ ਦਾ ਨਾਂ 'ਪੰਚ' ਹੈ। ਉਹ ਹੁਣ ਦੁਰਕਾਰਿਆ ਨਹੀਂ, ਸਗੋਂ ਪ੍ਰਵਾਨ ਪੁਰਸ਼ ਹੈ। ਉਹ ਸ੍ਰੇਸ਼ਟ ਮਨੁੱਖ ਹੈ। ਪਰ ਇਨ੍ਹਾਂ ਸਾਰਿਆਂ ਗੁਣਾਂ ਤੋਂ ਇਕ ਹੋਰ ਗੁਣ ਜੋ ਉਸ ਨੂੰ ਪ੍ਰਾਪਤ ਹੁੰਦਾ ਹੈ, ਉਹ ਹੈ ਰਜ਼ਾ ਵਿਚ ਟੁਰਨ ਦੀ ਜਾਚ। ਸਿਮਰਨ ਦਾ ਮੁੱਖ ਸਿੱਟਾ ਹੀ ਰਜ਼ਾ ਵਿਚ ਹੋ ਜਾਣਾ ਹੈ। ਜਪ ਸਿਮਰਨ ਤੇ ਨਾਮ ਦਾ ਇਹ ਸਿੱਟਾ ਕਦੇ ਨਹੀਂ ਕਿ ਉਸ ਦਾ ਅੰਤ ਪਾ ਲਿਆ ਗਿਆ ਹੈ। 'ਧਰਤੀ ਹੋਰੁ ਪਰੈ ਹੋਰੁ ਹੋਰੁ' ਹੈ ਦੀ ਸੋਝੀ ਸਿਮਰਨ ਵਾਲੇ ਨੂੰ ਮਿਲ ਜਾਂਦੀ ਹੈ। ਜਿਸ ਕਿਸ ਨੇ ਇਹ ਕਿਹਾ ਠੀਕ ਕਿਹਾ ਸੀ ਕਿ ਮੈਂ ਇਤਨਾ ਜਾਣ ਗਿਆ ਹਾਂ ਕਿ ਕੁਝ ਨਹੀਂ ਜਾਣਦਾ। ਸੱਚੀ ਗੱਲ ਤਾਂ ਇਹ ਹੈ ਕਿ ਸਿਮਰਨ ਦਾ ਮੰਤਵ ਉਸ ਦਾ ਅੰਤ ਪਾਉਣਾ ਨਹੀਂ, ਸਗੋਂ ਉਸ ਦੀ ਬਿਅੰਤਤਾ ਦਾ ਸੁਆਦ ਮਾਣਨਾ ਹੈ।

ਵਾਹਿਗੁਰੂ ਦਾ ਅੰਤ ਲੈਣਾ ਜਪੁ ਸਿਮਰਨ ਦਾ ਸਿੱਟਾ ਹੋ ਹੀ ਨਹੀਂ ਸਕਦਾ। ਸਿਮਰਨ ਦਾ ਸਿੱਟਾ ਸਿਰਫ਼ ਰਜ਼ਾ ਹੈ।

**"ਜੋ ਕਿਛੁ ਹੋਆ ਸੁ ਤੇਰਾ ਭਾਣਾ।**
**ਜੋ ਇਵ ਬੂਝੈ ਸੁ ਸਹਜਿ ਸਮਾਣਾ।"**

ਗੁਰੂ ਨੇ ਇੰਝ ਬੁਝਾਇਆ ਸੀ ਤੇ ਸਿੱਖ ਨੇ 'ਬੁਝ ਲਿਆ।' 'ਰਜ਼ਾਈ ਚਲਣਾ' ਗੁਰੂ ਨਾਨਕ ਜੀ ਤੋਂ ਹੀ ਸਿੱਖਾਂ ਕੋਲ ਆਇਆ ਹੈ। ਜਪੁ ਸਾਹਿਬ ਦੀ ਤਕਰੀਬਨ ਹਰ ਪਉੜੀ ਵਿਚ ਉਸ ਦੀ ਬਿਅੰਤਤਾ ਅਤੇ ਰਜ਼ਾ ਵਿਚ ਰਹਿਣ ਦਾ ਉਪਦੇਸ਼ ਹੈ। ਭਾਵੇਂ ਜਪੁਜੀ ਦੀ ਇਕ ਨਿਰਾਲੀ ਤਰਤੀਬ ਹੈ, ਜਿਸ ਤੇ ਵਿਚਾਰ ਅਗਲੇ ਪੰਨਿਆਂ ਤੇ ਕੀਤੀ ਜਾਏਗੀ, ਪਰ ਮੁੱਖ ਸਵਾਲ 'ਸਚ ਦੇ ਘਰ ਕਿਵੇਂ ਪੁਜੀਏ' ਹੀ ਹੈ। 'ਸਚ ਘਰ ਜਾਣਾ' ਹੀ ਸਿੱਖ ਦੇ ਠੀਕ ਅਰਥ ਹਨ। 'ਸਿਖ' ਸ਼ਬਦ ਦਾ ਅਰਥ ਕਰਨ ਵਿਚ ਅਸੀਂ ਬਹੁਤ ਉਕਾਈ ਖਾਂਦੇ ਰਹੇ ਹਾਂ। ਸਿੱਖ ਨੂੰ ਸ਼ਿਸ਼ ਧਾਤੂ ਤੋਂ ਨਿਕਲਿਆ ਮੰਨ ਕੇ ਠੇਡਾ ਖਾ ਜਾਣਾ ਸੁਭਾਵਕ ਹੈ। ਗੁਰੂ ਅਰਜਨ ਦੇਵ ਜੀ ਨੇ ਆਪ ਹੀ ਇਹ ਉਚਾਰ ਕੇ 'ਮੈਂ ਬਧੀ ਸਚੁ ਧਰਮਸਾਲ ਹੈ, ਗੁਰ ਸਿਖਾ ਲਹਦਾ ਭਾਲਿ ਕੈ'; ਅੜਾਉਣੀ ਖੋਲ੍ਹੀ ਹੈ। ਉਹ ਪੁਰਸ਼ ਜੋ ਸੱਚ ਦੇ ਘਰ ਵੱਲ ਟੁਰ ਪਿਆ ਹੈ, ਉਹ ਸਿੱਖ ਹੈ ਅਤੇ ਜੋ ਪੁੱਜ ਗਿਆ ਹੈ, ਉਹ ਸਿੰਘ ਹੈ। ਸਿੱਖ ਤੇ ਸਿੰਘ ਦਾ ਅੰਤਰ ਵੀ ਇਹ ਹੀ ਹੈ। ਬੁੱਧ ਤੇ ਭਿਖਸ਼ੂ ਵਛਾਗਤ ਦੇ ਧਮਪਾਦ ਵਿਚ ਆਏ ਵਾਰਤਾਲਾਪ ਤੋਂ ਇਹ ਗੱਲ ਕੁਝ ਕੁ ਸਪੱਸ਼ਟ ਹੁੰਦੀ ਹੈ।

**ਪ੍ਰਸ਼ਨ** : ਉਹ ਕੌਣ ਹੈ ਜੋ ਦੁਖਦਾਇਕ ਤੇ ਕੰਡਿਆਲੇ ਮਾਰਗ ਨੂੰ ਸੁਖੈਣ ਬਣਾ ਕੇ ਸਫਲਤਾ-ਪੂਰਵਕ ਪੈਂਡਾ ਤਹਿ ਕਰ ਸਕਦਾ ਹੈ?

**ਉੱਤਰ** : ਉਹ ਸਿੱਖ ਹੀ ਹੈ।

**ਬੁੱਧ ਜੀ** : ਸ਼ੇਰ ਆਪਣੇ ਘੁਰਨੇ ਤੋਂ ਨਿਕਲ ਕੇ ਸਭ ਤੋਂ ਪਹਿਲਾਂ ਕੀ ਕਰਦਾ ਹੈ?

**ਵਛਾਗਤ** : ਅੰਗੜਾਈ ਲੈ ਕੇ ਆਪਣੇ ਸਰੀਰ ਨੂੰ ਛੰਡਦਾ ਹੈ।

**ਬੁੱਧ ਜੀ** : ਤੇ ਫਿਰ ਕੀ ਕਰਦਾ ਹੈ?

**ਵਛਾਗਤ** : ਆਪਣੇ ਇਰਦ-ਗਿਰਦ ਕੁਝ ਵੇਖਦਾ ਹੈ ਤੇ ਕੰਨ ਖੜ੍ਹੇ ਕਰਕੇ ਕੁਝ ਸੁਣਦਾ ਹੈ।

**ਬੁੱਧ ਜੀ** : ਉਸ ਮਗਰੋਂ ਕੀ ਕਰਦਾ ਹੈ?

**ਵਛਾਗਤ** : ਦਹਾੜਦਾ ਹੈ।

**ਬੁੱਧ ਜੀ** : ਫੇਰ?

**ਵਛਾਗਤ** : ਸ਼ਿਕਾਰ ਲੱਭਣ ਲਈ ਚਲਾ ਜਾਂਦਾ ਹੈ।

**ਬੁੱਧ ਜੀ** : ਇਸੇ ਤਰ੍ਹਾਂ ਸਿੱਖ ਸੱਚ ਘਰ ਪੁੱਜ ਕੇ ਆਪਣੇ ਸਰੀਰ ਘੁਰਣੇ ਤੋਂ ਉਚੇਰਾ ਹੋ ਜਾਂਦਾ ਹੈ। ਫਿਰ ਸਰੀਰ ਨੂੰ ਛੰਡ ਕੇ ਤ੍ਰਿਸ਼ਨਾ ਨੂੰ ਪਛਾੜਦਾ ਹੈ ਤੇ ਕਰਮਾਂ ਦੀ ਨੀਂਦ ਨੂੰ ਤਿਆਗ ਆਪਣੇ ਇਰਦੇ-ਗਿਰਦੇ ਦੇ ਦੁੱਖੀਆਂ ਦੀ ਅਵਾਜ਼ ਨੂੰ ਸੁਣਦਾ ਹੈ। ਫਿਰ ਗੱਜ ਕੇ ਆਪਣੀ ਹੋਂਦ ਦੀ ਖ਼ਬਰ ਦਿੰਦਾ ਹੈ ਅਤੇ ਦੂਜਿਆਂ ਨੂੰ ਸਤਿ ਮਾਰਗ ਦੱਸਣ ਲਈ ਅਤੇ ਪ੍ਰਚਾਰ ਲਈ ਦੇਸ਼ ਪ੍ਰਦੇਸ਼ ਨੂੰ ਟੁਰ ਪੈਂਦਾ ਹੈ। ਉਹ ਤਥਾਗਤ ਹੈ; ਉਹ ਬੁੱਧ ਹੈ, ਉਹ ਸਿੰਘ ਹੈ।

ਸੱਚ ਦੇ ਘਰ ਪੁਜਣ ਲਈ ਸਭ ਤੋਂ ਪਹਿਲਾ ਤੇ ਮੁੱਢਲਾ ਵੱਡਾ ਕਰਮ 'ਹੁਕਮ ਰਜਾਈ ਚਲਣਾ' ਹੈ । ਰਜ਼ਾ ਵਿਚ ਟੁਰਨਾ ਆਪਣੇ-ਆਪ ਵਿਚ ਹੀ ਇਕ ਕਰਾਮਾਤ ਹੈ । ਇਹ ਕਰਾਮਾਤ 'ਜਪ' ਦੁਆਰਾ ਹੀ ਆਉਂਦੀ ਹੈ । ਸਿਮਰਨ ਨਾਲ ਹੀ ਉਪਜਦੀ ਹੈ । ਸਿਫਤ-ਸਾਲਾਹ ਦਾ ਕੱਪੜਾ ਪਹਿਨਣ ਨਾਲ ਉਸ ਵਰਗਾ ਹੋ ਸਕੀਦਾ ਹੈ । ਗੁਰੂ ਕੋਲੋਂ ਇਕ ਹੀ ਵਸਤੂ ਮੰਗਣੀ ਚਾਹੀਦੀ ਹੈ :

**ਜੇ ਤੂ ਤੁਠਾ ਕ੍ਰਿਪਾ ਨਿਧਾਨ,**
**ਨਾ ਦੂਜਾ ਵੇਖਾਲਿ ।**
**ਏਹਾ ਪਾਈ ਮੂ ਦਾਤੜੀ,**
**ਨਿਤ ਹਿਰਦੈ ਰਖਾ ਸਮਾਲਿ । ੩ ।** (ਰਾਗ ਸੂਹੀ ਮ: ੫)

ਹੇ ਗੁਰੂ ਜੀ ! ਇਹ ਮਤ ਦੇਵੋ ਕਿ ਮੈਂ ਮਨੁੱਖ ਦੇ ਦਰ ਤੇ ਨ ਲਟਕਾਂ, ਤੇਰੇ ਦਰ ਹੀ ਡਿੱਗਾਂ, ਹੋਰ ਕਿਧਰੇ ਨ ਭਟਕਾਂ । 'ਗੁਰਾ ! ਇਕ ਦੇਹਿ ਬੁਝਾਈ । ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ।'

ਰਜ਼ਾ ਵਾਲਾ ਮਨੁੱਖ ਗੁਰਮੁਖਿ ਹੈ । ਤੀਰਥ ਤੇ ਇਸ਼ਨਾਨ ਉਸ ਦੀ ਰਜ਼ਾ ਵਿਚ ਰਹਿਣਾ ਹੀ ਹੈ । 'ਲੰਮੀ ਉਮਰ' ਵੀ ਵਿਅਰਥ ਹੀ ਹੈ ਜੇ ਉਸ ਦੀ ਮਿਹਰ ਨਹੀਂ । ਮਿਹਰ ਤੋਂ ਬਗੈਰ ਸੁਣਨ-ਪੜ੍ਹਨ ਹੀ ਨਹੀਂ ਹੁੰਦਾ । ਸੁਣਨ ਤੋਂ ਬਗੈਰ 'ਸਦਾ ਵਿਗਾਸ' ਖੇੜਾ ਅਤੇ ਅਗੇ ਨਹੀਂ ਜਾਇਆ ਜਾ ਸਕਦਾ । ਅਗੇ ਵਧੇ ਬਗੈਰ ਖੇੜਾ ਨਹੀਂ ਮਿਲਦਾ । ਅਗੇ ਵਧਣ ਬਗੈਰ ਮੰਨਣ ਵੀ ਨਹੀਂ ਹੁੰਦਾ, ਚਿੰਤਨ ਨਹੀਂ ਹੋ ਸਕਦਾ । ਦੁਨੀਆਂ ਤੋਂ ਉੱਚਾ ਨਹੀਂ ਹੋਇਆ ਜਾ ਸਕਦਾ । ਜਿਸ ਦਾ ਧਿਆਨ ਪੱਕ ਜਾਏ, ਉਹ ਕੁਦਰਤ ਦੀ ਬੇਅੰਤਤਾ ਦਾ ਸੁਆਦ ਮਾਣ ਸਕਦਾ ਹੈ । ਐਸਾ ਪੰਚ, ਧਿਆਨੀ ਪੁਰਸ਼ ਵਾਧੂ ਝਗੜਿਆਂ ਵਿਚ ਨਹੀਂ ਪੈਂਦਾ । ਉਹ ਭਲੇ ਪੁਰਸ਼ਾਂ ਨੂੰ ਉਸ ਦੀ ਬਖ਼ਸ਼ਸ਼ ਕਰਕੇ ਹੀ ਐਸਾ ਬਣਿਆ ਗਿਣਦਾ ਹੈ ਅਤੇ ਮੰਦੇ ਦੇਖ ਉਸ ਤੋਂ ਪਰ੍ਹੇ ਨਹੀਂ ਹੁੰਦਾ । ਸਭ ਉਸ ਦੀ ਕੁਦਰਤਿ ਕਹਿੰਦਾ ਹੈ । 'ਜੋ ਤੁਧੁ ਭਾਵੈ ਸਾਈ ਭਲੀ ਕਾਰ', ਉਸ ਦੀ ਮੁਹਾਰਣੀ ਹੀ ਬਣ ਜਾਂਦੀ ਹੈ । ਉਹ ਸੰਸਾਰ ਨੂੰ ਉਸ ਪ੍ਰਭੂ ਦੀ ਖੇਡ ਸਮਝ ਕੇ ਜਗਤ ਤਮਾਸ਼ਾ ਦੇਖੀ ਜਾਂਦਾ ਹੈ । ਉਹ ਇਸ ਵਾਦ-ਵਿਵਾਦ ਵਿਚ ਨਹੀਂ ਪੈਂਦਾ ਕਿ ਧਰਤੀ ਕਿਸ ਸਾਲ, ਮਹੀਨੇ ਅਤੇ ਕਿਸ ਦਿਨ ਬਣੀ । ਰਜ਼ਾ ਵਾਲਾ ਪੁਰਸ਼ ਇਕ ਹੀ ਗੱਲ ਜਾਣਦਾ ਹੈ ਕਿ ਉਹ ਬੇਅੰਤ ਹੈ । ਬੇਅੰਤ ਦਾ ਅੰਤ ਨਹੀਂ ਪਾਇਆ ਜਾ ਸਕਦਾ । ਰਜ਼ਾ ਵਾਲਾ ਮਨੁੱਖ ਇਸੇ ਲਈ ਸ਼ਾਹਾਂ, ਸੁਲਤਾਨਾਂ, ਪਾਤਸ਼ਾਹਾਂ ਦੀ ਵੀ ਪ੍ਰਵਾਹ ਨਹੀਂ ਕਰਦਾ । ਉਸ ਦਾ ਸੁਭਾਅ ਹੀ ਸੱਚ ਸੁਣਾਉਣ ਵਾਲਾ ਬਣ ਜਾਂਦਾ ਹੈ । ਪਰ ਉਹ ਬੋਲ-ਵਿਗਾੜ ਨਹੀਂ ਹੁੰਦਾ । ਮਿੱਠ-ਬੋਲੜਾ ਹੁੰਦਾ ਹੈ । ਉਹ ਉਸ ਦੇ ਦਰ, ਸੋ ਦਰ ਵਿਚ ਸੋ ਪੁਰਖ ਨਾਲ ਇਕਮਿਕ ਹੋ ਖ਼ੁਸ਼ੀਆਂ ਮਾਣਦਾ ਹੈ । ਉਹ 'ਜੋ ਤਿਸੁ ਭਾਵੈ ਸੋਈ ਕਰਸੀ' ਹੀ ਕਹਿੰਦਾ ਹੈ । ਐਸੇ ਪੁਰਖ ਦੀ ਮਰਿਆਦਾ, 'ਪੰਥ' ਬਿਲਕੁਲ ਹੀ ਅੱਡ ਹੋ ਜਾਂਦਾ ਹੈ । ਮਨ ਜਿੱਤਿਆ ਜਾਏ ਤਾਂ ਫਿਰ ਬਾਹਰਲੇ ਭੇਖ ਭਾਵ-ਹੀਣ ਲੱਗਦੇ ਹਨ । ਰਿਧੀਆਂ-ਸਿਧੀਆਂ ਵੀ ਤੁੱਛ ਜਾਪਦੀਆਂ ਹਨ । ਬ੍ਰਹਮਾ ਵਿਸ਼ਨੂੰ ਕੋਈ ਉਸ ਤੋਂ ਅੱਡ ਹਸਤੀ ਨਹੀਂ ਜਾਪਦੇ । ਪ੍ਰਭੂ ਦੀ ਰਜ਼ਾ ਚਹੁੰ ਦਿਸ਼ਾ ਦਿੱਸਦੀ ਹੈ । ਰਜ਼ਾ ਵਿਚ ਰਹਿਣ ਤੋਂ ਬਗੈਰ ਉੱਚਾ ਹੋਣਾ ਕਠਨ ਹੈ । ਰਜ਼ਾ ਵਿਚ ਰਹਿਣ ਵਾਲਾ ਮਨੁੱਖ ਜੀਵਨ ਦੇ ਸਾਰੇ ਪੜਾਅ ਸਫਲਤਾ ਨਾਲ ਤਹਿ ਕਰ ਜਾਂਦਾ ਹੈ । ਧਰਮ ਦ੍ਰਿੜ੍ਹ

ਕਰ, ਮਨੁੱਖ ਜਨਮ ਦਾ ਫ਼ਰਜ਼ ਸਮਝ, ਬਖ਼ਸ਼ਿਸ਼ ਦੁਆਰਾ ਗਿਆਨ ਪ੍ਰਾਪਤ ਕਰ ਲੈਂਦਾ ਹੈ। ਉਹ ਘਾਲ ਕਮਾਈ ਕਰੀ ਜਾਂਦਾ ਹੈ। ਦੁੱਖ-ਸੁੱਖ, ਗਰਮੀ ਸਰਦੀ (ਸੀਤ-ਉਸੀਤ, ਸੀਤੋ-ਸੀਤਾ) ਉਸ ਦੀ ਮਹਿਮਾ ਗਾਉਂਦਾ ਹੈ, ਇਹ ਹੀ ਸੱਚ ਖੰਡ ਹੈ। 'ਧੂਪ ਛਾਵ ਜੋ ਸਮ ਕਰਿ ਜਾਣੈ। ਬੰਧਨ ਕਾਟਿ ਮੁਕਤਿ ਘਰਿ ਆਣੈ', ਗੁਰੂ ਨਾਨਕ ਜੀ ਦਾ ਹੀ ਫ਼ਰਮਾਨ ਹੈ। ਇਸ ਅਵੱਸਥਾ ਵਿਚ ਮਾਇਆ ਠੱਗ ਨਹੀਂ ਸਕਦੀ। ਕਿਉਂਕਿ ਮਾਇਆ ਦਾ ਅਸਲ ਰੂਪ (ਸੱਚ ਖੰਡੀ ਸਰੂਪ ਵਾਲਾ) ਦਿੱਸ ਪੈਂਦਾ ਹੈ। ਐਸਾ ਪੁਰਸ਼ ਹੀ ਸਚਿਆਰ ਹੈ। ਸਚਿਆਰ ਦਾ ਆਚਰਨ (ਜਤੁ) ਉੱਚਾ ਹੈ, ਧੀਰਜ ਪੱਕਾ, ਸਮਝ (ਮਤਿ) ਪਕੇਰੀ, ਗਿਆਨ (ਵੇਦ) ਤਿੱਖਾ, ਪ੍ਰਭੂ ਭਉ ਹਰ ਵੇਲੇ, ਸਿਮਰਨ ਸੇਵਾ ਸਮ-ਦ੍ਰਿਸ਼ਟੀ ਅਤੇ ਪ੍ਰੇਮ ਦੀ ਮੂਰਤ ਅਤੇ ਪ੍ਰਭੂ ਤਕ ਉਸ ਦੀ ਸਿੱਧੀ ਪਹੁੰਚ ਹੈ। ਉਹ ਐਸੀ ਘਾੜਤ ਘੜ ਨਦਰ ਪ੍ਰਾਪਤ ਕਰਦਾ ਹੈ, ਪਰ ਨਦਰ ਲੈ ਕੇ ਉਹ ਟਿੱਕ ਨਹੀਂ ਜਾਂਦਾ। ਨਦਰ ਬਾਅਦ ਚੁੱਪ ਆਮ ਤੌਰ ਤੇ ਵਰਤ ਜਾਂਦੀ ਹੈ, ਪਰ ਇਥੇ ਨਦਰੀ ਜਿਉੜਾ ਸਗੋਂ ਜਗਤ ਅਖਾੜੇ ਵਿਚ ਪੂਰਾ ਹਿੱਸਾ ਪਾਉਂਦਾ ਹੈ। ਐਸਾ ਪੁਰਖ ਹੀ ਦਰਗਾਹ ਸੁਰਖਰੂ ਹੈ ਅਤੇ ਉਸ ਦਾ ਜਪ ਸੰਪੂਰਣ ਹੈ।

ਜੇ ਜਪੁ ਸਾਹਿਬ ਦੇ ਅਰੰਭ ਵਿਚ ਕਿਹਾ ਸੀ ਕਿ ਜੀਵ ਮਿਲੇ ਜੀਵਨ ਨੂੰ ਜਾਇਜ਼ (ਸਚਿਆਰਾ) ਸਾਬਤ ਕਰਨ ਲਈ ਕਿਹੜੇ ਕਦਮ ਉਠਾਏ, ਉਸ ਦਾ ਜਪ ਵਿਚੋਂ ਹੀ ਪਤਾ ਲੱਗ ਗਿਆ।

ਪਹਿਲਾਂ ਤਾਂ '੧ਓ' ਵਾਹਿਗੁਰੂ ਨੂੰ ਜੋ ਸੱਚ ਰੂਪ ਹੈ, ਟੀਚਾ ਮਿਥ ਲਵੇ ਤੇ ਉਸ ਜਿਹਾ ਹੋਣ ਲਈ ਜੁੱਟ ਜਾਏ।

ਇਸ ਪਾਸੇ ਜੁੱਟਣ ਲਈ ਸ਼ਬਦ ਗੁਰੂ ਦੀ ਅਗਵਾਈ ਲਵੇ ਤੇ ਨਜ਼ਰ ਕ੍ਰਿਪਾ ਤੇ ਰੱਖੇ।

ਜਦ ਬਾਣੀ ਨੂੰ ਸੁਣ, ਮਨ, ਧਿਆਨ ਵਿਚ ਲਿਆ ਅਮਲੀ ਜੀਵਨ ਵਿਚ ਢਾਲੇਗਾ ਤਾਂ 'ਪੰਚ' ਹੋ ਨਿੱਖੜੇਗਾ ਤੇ ਦ੍ਰਿਸ਼ਟੀ ਤੰਗ ਨਹੀਂ ਰਹਿਣ ਲੱਗੀ। ਨਿਗੂਣੀਆਂ ਗੱਲਾਂ ਤੇ ਤੁੱਛ ਗਿਣਤੀਆਂ ਵਿਚ ਨਹੀਂ ਪਵੇਗਾ। ਵੱਡੇ ਦੀ ਵਡਿਆਈ, ਇਸ ਨੂੰ ਨਿੱਕਾ ਨਹੀਂ ਹੋਣ ਦੇਣ ਲੱਗੀ।

ਜਦ ਸੁਰਤਿ ਦਾ ਐਨਟੈਨਾ ਉੱਚਾ ਕਰ ਕੇ ਤੱਕੇਗਾ ਤਾਂ ਦੇਖੇਗਾ ਕਿ 'ਲਖ ਆਗਾਸਾ ਆਗਾਸ' ਹਨ ਤੇ ਜਦ ਦਿਬਦ੍ਰਿਸ਼ਟੀ ਦੀ ਖੁਰਦਬੀਨ (ਮਾਈਕਰੋ ਸਕੋਪ) ਲਗਾਏਗਾ ਤਾਂ 'ਪਾਤਾਲ ਪਾਤਾਲ' ਦਿੱਸ ਪੈਣਗੇ। ਇਸ ਤਰ੍ਹਾਂ ਮਿਲੀ ਗੁਰਮਤਿ ਦਾ ਸਦਕਾ ਸਾਰੇ ਜਗਤ ਦੀ 'ਏਕਤਾ' ਅਨੁਭਵ ਕਰ ਲਵੇਗਾ ਤੇ ਮਨ ਨੂੰ ਹੋਰ ਪਾਸੇ ਜਾਣ ਤੋਂ ਵਰਜਦਾ ਰਹੇਗਾ। ਰੂਹਾਨੀ ਮੰਡਲਾਂ ਵਿਚ ਸਦਾ ਵਿਚਰਦਾ ਰਹੇਗਾ। ਅਖ਼ੀਰ ਅਖ਼ਲਾਕੀ ਜ਼ਿੰਦਗੀ ਟਕਸਾਲ ਦੇ ਸਿੱਕੇ ਵਾਂਗ ਘੜ ਲਵੇਗਾ। ਜਗਤ ਦੇ ਅਖਾੜੇ ਵਿਚ ਨਦਰ ਦਾ ਨਿਸ਼ਾਨ ਪ੍ਰਾਪਤ ਕਰੀ ਬੇਖੱਟਕੇ ਵਿਚਰੀ ਫਿਰੇਗਾ ਤੇ ਸ਼ਖ਼ਸੀਅਤ ਕਦੇ ਟੋਟੇ ਨਹੀਂ ਹੋਣ ਲੱਗੀ। ਨਾਮ ਧਿਆਂਦੇ-ਧਿਆਂਦੇ, ਜੋ ਹੈ ਕਠਿਨ ਘਾਲ, ਚਮਕਦੇ ਚਿਹਰੇ ਵਾਲਾ, ਸੁਰਖ਼ਰੂ ਹੋ ਜਾਏਗਾ।

ਬਸ, ਜਪੁ ਇਕ ਸ਼ਾਂਤ ਪ੍ਰਾਰਥਨਾ ਮੂਕ ਹੂਕ (**ਅਨਾਦਿ ਅਨਾਹਤਿ**) ਹੈ, ਜਿਸ ਨੂੰ ਭਾਵੇਂ ਗੰਭੀਰ ਦਾਰਸ਼ਨਿਕ ਵਿਸ਼ਲੇਸ਼ਣ ਅਤੇ ਕਲਾਤਮਕ ਸੁਹਜ ਨਾਲ ਪ੍ਰਗਟਾਇਆ ਹੈ, ਪਰ ਹਰ ਕਹੀ ਗੱਲ ਹਿਰਦੇ ਵਿਚ ਖੁੱਭੀ ਚਲੀ ਜਾਂਦੀ ਹੈ। ਜਪੁ ਦੇ ਅਰਥ ਜੇ ਵਾਰ-ਵਾਰ ਹਨ ਤਾਂ ਇਸ ਨੂੰ ਸਮਝਣ ਲਈ ਵੀ ਵਾਰ-ਵਾਰ ਕੋਸ਼ਿਸ਼ ਕਰਨੀ ਪਵੇਗੀ। ਮੁੱਖ ਗੱਲ ਰਜ਼ਾ ਵਿਚ ਟਿਕਣਾ, ਹੁਕਮੀ ਬੰਦਾ ਹੋ ਸਚਿਆਰ ਹੋਣਾ ਹੈ। ਸਚਿਆਰ ਸੁਣਨ, ਮੰਨਣ, ਧਿਆਨ ਤੇ

ਸਮਾਧੀ ਨਾਲ ਹੀ ਬਣ ਸਕੇਗਾ । ਦੁਨੀਆਂ ਦੇ ਦੁੱਖਾਂ ਦਾ ਕਾਰਨ ਕਿਸੇ ਨੇ ਮਾਇਆ, ਕਿਸੇ ਭੈੜੀ ਵਾਦੀ ਅਤੇ ਕਿਸੇ ਸ਼ੈਤਾਨੀ ਸੁਭਾਅ, ਕਹਿਆ । ਬੁੱਧ ਜੀ ਨੇ ਤ੍ਰਿਸ਼ਨਾ, ਸ਼ੰਕਰਅਚਾਰੀਆ ਨੇ ਅਵਿਦਿਆ, ਪਰ ਗੁਰੂ ਨਾਨਕ ਜੀ ਦਾ ਮਤ ਹੈ ਕਿ ਦੁੱਖ ਉਸ ਨਾਲੋਂ ਵਿਛੜਨ ਵਿਚ ਹੈ । ਉਸ ਦੇ ਹੁਕਮ ਵਿਚ ਟਿਕਿਆਂ, ਵਿਛੋੜੇ ਵਾਲੀ ਵਿੱਥ ਮਿਟ ਜਾਂਦੀ ਹੈ ਤੇ ਸੁੱਖ ਮਿਲ ਜਾਂਦਾ ਹੈ ।

ਗੁਰੂ ਹਰਿਗੋਬਿੰਦ ਜੀ ਨੇ ਇਕ ਪੁੱਛ ਦੇ ਉੱਤਰ ਵਿਚ ਸਿੱਖੀ ਨੂੰ ਬ੍ਰਿਛ ਨਾਲ ਤੁਲਣਾ ਦੇਂਦੇ ਫ਼ਰਮਾਇਆ ਸੀ ਕਿ ਸਿੱਖੀ ਦੀ ਜੜ੍ਹ—ਨਿਮ੍ਰਤਾ; ਟਾਹਣੀਆਂ—ਸੇਵਾ; ਪੱਤ—ਸਾਧ-ਸੰਗਤਿ, ਫੁਲ—ਸ਼ਬਦ ਦੀ ਸੂਝ ਅਤੇ ਫਲ – ਸਰੀਰ ਦਾ ਖ਼ਿਆਲ ਹੱਟ ਜਾਣਾ ਹੈ । ਇਸੇ ਤਰ੍ਹਾਂ ਜਪ ਨੂੰ ਵੀ ਇਕ ਬ੍ਰਿਛ ਨਾਲ ਤੁਲਣਾ ਅਨੰਦਘਣ ਨੇ ਦਿੱਤੀ ਸੀ । ਅਨੰਦਘਣ ਦਾ ਕਹਿਣਾ ਹੈ ਕਿ **ਗੁਰ ਪ੍ਰਸਾਦਿ ਬੀਜ ਹੈ । ਸੁਣਨ ਨੂੰ ਤਨਾ ਉਪਜਿਆ ਜਾਣੋ । ਮੰਨਣ ਨੂੰ ਸ਼ਾਖਾਂ । ਧਿਆਨ ਤਿਸ ਦਾ ਫੂਲ ਹੈ ਅਤੇ ਸਾਖਯਾਤ ਪ੍ਰਤੱਖ ਦਰਸ਼ਨ ਫਲ ਹੈ ।**

————

SIKHBOOKCLUB.COM

## ੪

# ਤਰਤੀਬ

ਜਪੁਜੀ ਨੂੰ ਸਹਿਜੇ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ । ਪਹਿਲੀਆਂ ਸੱਤਾਂ ਪਉੜੀਆਂ ਵਿਚ ਉਹ ਸਭ ਸਮੱਸਿਆਵਾਂ ਸਾਹਮਣੇ ਲਿਆਂਦੀਆਂ ਗਈਆਂ ਹਨ ਜਿਨ੍ਹਾਂ ਦਾ ਵਾਹ ਧਰਮ ਦੇ ਢੂੰਡਾਊ, ਆਤਮਕ ਜੀਉੜੇ ਨੂੰ ਪੈਂਦਾ ਹੈ । ਅਗਲੀਆਂ ੨੦ ਪਉੜੀਆਂ ਭਾਵ ੨੭ਵੀਂ ਪਉੜੀ (ਸੋ ਦਰ) ਤਕ ਉਠਾਈਆਂ ਗਈਆਂ ਸਮੱਸਿਆਵਾਂ ਦਾ ਹੱਲ ਦਰਸਾਇਆ ਹੈ । ਜਦ ਤਕ ਆਤਮਿਕ ਜਿਉੜੇ ਨੂੰ 'ਸੋਦਰ' ਦਿੱਸ ਨਾ ਪਏ, ਤਦ ਤਕ ਮਾਰਗ ਪ੍ਰਦਰਸ਼ਨ ਕੀਤਾ ਗਿਆ ਹੈ । ਉਸ ਦੇ ਦਰ ਤਕ ਪੁੱਜਣ ਲਈ ਜੋ ਵੀ ਔਕੜਾਂ ਆਉਂਦੀਆਂ ਹਨ, ਉਨ੍ਹਾਂ ਨੂੰ ਹਟਾਉਣ ਦਾ ਰਾਹ ਵੀ ਪਉੜੀਆਂ ਵਿਚ ਦੱਸਿਆ ਗਿਆ ਹੈ । ਅਠਾਈ (ਆਦੇਸੁ ਤਿਸੈ ਆਦੇਸੁ) ਤੋਂ ਇਕੱਤੀ (੨੮ ਤੋਂ ੩੧) ਤਕ ਦਰ ਪ੍ਰਾਪਤ ਪੁਰਸ਼ ਦੀ ਅਵਸਥਾ ਤੇ ਮਰਿਆਦਾ ਦਾ ਵਰਨੰਣ ਹੈ । ਫਿਰ ਛੇ ਪਉੜੀਆਂ ੩੨ ਤੋਂ ੩੮ ਤਕ ਪਿਛਲੀਆਂ ਪਉੜੀਆਂ ਦਾ ਸਮੁੱਚਾ ਭਾਵ ਖੰਡਾਂ ਰਾਹੀਂ ਪ੍ਰਗਟਿਆ ਹੈ ਅਤੇ ਫਿਰ ਆਖ਼ਰੀ ਅਠਤੀਵੀਂ ਪਉੜੀ ਵਿਚ ਪਿਛਲੀਆਂ ਛੇ ਪਉੜੀਆਂ ਦਾ ਨਿਰਣਾ ਦਿੱਤਾ ਹੈ ਜਾਂ ਸਾਰੇ ਜਪੁਜੀ ਦਾ ਸਮੁੱਚਾ ਭਾਵ ਇਕੋ ਪਉੜੀ ਵਿਚ ਰੱਖ ਦਿੱਤਾ ਹੈ । ਫਿਰ ਸੱਭ ਤੋਂ ਪਿੱਛੇ ਅੰਕਤ ਕੀਤੇ ਸਲੋਕ ਵਿਚ ਨਦਰ ਪ੍ਰਾਪਤ ਕੀਤੇ ਪੁਰਸ਼ ਦੀ ਘਾਲਣਾ ਦਾ ਵਰਣਨ ਕਰ ਕੇ, ਸਿੱਟਾ ਦਿੱਤਾ ਹੈ ।

ਜਪੁਜੀ ਵਿਚ ਇਹ ਸਭ ਕੁਝ ਫ਼ਿਲਾਸਫ਼ੀ ਦੇ ਉਸ ਵਿਗਿਆਨਕ ਢੰਗ ਨਾਲ ਕੀਤਾ ਗਿਆ ਹੈ, ਜਿਸ ਅਨੁਸਾਰ ਪਹਿਲਾਂ ਅਸੀਂ ਸਮੱਸਿਆਵਾਂ ਨੂੰ ਪ੍ਰਗਟ ਕਰਦੇ ਹਾਂ, ਫਿਰ ਉਨ੍ਹਾਂ ਦਾ ਹੱਲ ਲੱਭਦੇ ਹਾਂ ਤੇ ਹੱਲ ਮਿਲਣ ਤੇ ਜੋ ਆਤਮਿਕ ਸੁੱਖ ਮਿਲਦਾ ਹੈ, ਉਸ ਦਾ ਵਰਣਨ ਹੈ । ਜਪੁਜੀ ਵਿਚ ਐਸਾ ਹੀ ਕੀਤਾ ਗਿਆ ਹੈ । ਸੱਭ ਤੋਂ ਵੱਡੀ ਔਕੜ, ਸਮੱਸਿਆ ਦਾ ਪਤਾ ਲਗਾਉਣਾ ਹੁੰਦਾ ਹੈ । 'ਪਹਿਲਾ ਰੋਗ ਪਛਾਣ' ਗੁਰੂ ਨਾਨਕ ਦੇਵ ਜੀ ਦਾ ਹੀ ਕਥਨ ਹੈ । ਸਮੱਸਿਆਵਾਂ ਦਾ ਪਤਾ ਹੀ ਨਹੀਂ ਲੱਗ ਸਕਦਾ, ਜਦ ਤਕ ਉਸ ਸੰਬੰਧੀ ਸਭ ਸਮਗ੍ਰੀ ਇਕੱਠੀ ਕਰ ਕੇ ਨਾ ਲਿਆਈ ਜਾਏ । ਫਿਰ ਇਕੱਠੀ ਸਮਗਰੀ ਨੂੰ ਨਿਖੇੜਨਾ ਉਸ ਤੋਂ ਵੀ ਕਠਨ ਹੈ । ਇਹ ਅੱਠ ਤੋਂ ਗਿਆਰਾਂ ਅਤੇ ਫਿਰ ੧੨ ਤੋਂ ੧੯ਵੀਂ ਪਉੜੀ ਵਿਚ ਕੀਤਾ ਗਿਆ ਹੈ । ਬਹੁਤੀ ਵਾਰੀ ਇਹ ਹੋਇਆ ਕਿ ਸਭ ਕੁਝ ਪਾਸ ਹੁੰਦਿਆਂ ਸਮੱਸਿਆਂ ਦਾ ਹੱਲ ਨਹੀਂ ਲੱਭਦਾ, ਪਰ ਇਹ ਵੀ ਦੇਖਿਆ ਗਿਆ ਹੈ ਕਿ ਅਚੇਤ ਹੀ ਹੱਲ ਸਾਹਮਣੇ ਆ ਜਾਂਦਾ ਹੈ । ਇਸ ਤਰ੍ਹਾਂ ੨੩ਵੀਂ ਪਉੜੀ ਤਕ ਮਹਿਸੂਸ ਕਰਦੇ ਹਾਂ, ਕੋਈ ਹੱਲ ਨੇੜੇ ਨਹੀਂ ਦਿਖਾਈ

ਦਿਦਾ । ਅਸੀਂ ਨਿਰਾਸ ਬੈਠਣ ਹੀ ਲੱਗਦੇ ਹਾਂ ਕਿ ੨੪ਵੀਂ ਪਉੜੀ ਦੀ 'ਅੰਤ ਨ ਸਿਫਤੀਂ' ਵਾਲੀ ਪਉੜੀ ਵਿਚ ਸਾਨੂੰ ਰਾਹ ਮਿਲ ਜਾਂਦਾ ਹੈ । ਅੰਦਰੋਂ ਮਿਲੀ ਰੋਸ਼ਨੀ ਨਾਲ ਅਸੀਂ ਵਿਸ਼ਵ ਵਿਚ ਵਿਆਪੀ ਸ਼ਕਤੀ ਨੂੰ ਦੇਖ ਲੈਂਦੇ ਹਾਂ । ਜਦ ਬਖ਼ਸ਼ਸ਼ ਦੁਆਰਾ ਉਸ ਦੀ ਰਜ਼ਾ ਵਿਚ ਰਹਿਣ ਦੀ ਅਵਸਥਾ ਬਣ ਜਾਂਦੀ ਹੈ ਤੇ ਅਸੀਂ ਐਸਾ ਮਹਿਸੂਸ ਕਰਦੇ ਹਾਂ ਕਿ ਸਾਡੀ ਸੋਚਣੀ ਹੀ ਵਟ ਗਈ ਹੈ । ਇਸੇ ਤਰ੍ਹਾਂ ਹੀ ਉਹ ਰਾਜ਼ ਖੁੱਲ੍ਹ ਜਾਂਦਾ ਹੈ ਤੇ ਉਸ ਦੇ ਖੁੱਲ੍ਹਣ ਨਾਲ ਹੀ ਮਨੁੱਖ ਕੰਚਨ ਹੋ ਜਾਂਦਾ ਹੈ । ਜਪੁਜੀ ਵਿਚ ਇਸ ਤਰਤੀਬ ਨੂੰ ਨਵੀਨ ਵਿਗਿਆਨਕ ਢੰਗ ਨਾਲ ਖੋਲ੍ਹਿਆ ਗਿਆ ਹੈ ।

SIKHBOOKCLUB.COM

## ੫

# ਮੂਲ-ਮੰਤਰ

ੴ
ਸਤਿ ਨਾਮੁ
ਕਰਤਾ ਪੁਰਖੁ
ਨਿਰਭਉ ਨਿਰਵੈਰੁ
ਅਕਾਲ ਮੂਰਤਿ
ਅਜੂਨੀ ਸੈਭੰ
ਗੁਰ ਪ੍ਰਸਾਦਿ ।

SIKHBOOKCLUB.COM

ਇਹ ਮੂਲ-ਮੰਤਰ, ਸਿੱਖੀ ਦਰਸ਼ਨ ਦਾ ਮੂਲ ਵੀ ਕਿਹਾ ਜਾ ਸਕਦਾ ਹੈ । ਗੁਰੂ ਗ੍ਰੰਥ ਸਾਹਿਬ ਦੇ ਬਾਕੀ ਸਾਰੇ ਰਾਗਾਂ ਸਿਵਾਇ ਸਿਰੀ, ਜੈਤਸਰੀ, ਤੁਖਾਰੀ ਅਤੇ ਕੇਦਾਰਾ ਦੇ ਆਰੰਭ ਵਿਚ ਇਸ ਦਾ ਸ਼ੁਰੂ ਵਿਚ ਹੋਣਾ ਇਹ ਪ੍ਰਗਟਾਉਂਦਾ ਹੈ ਕਿ ਨਿਰਾ ਇਹ ਮੰਗਲਾਚਰਨ ਲਈ ਹੀ ਨਹੀਂ ਲਿਖਿਆ ਸਗੋਂ ਇਸ ਦਾ ਭਾਵ ਡੂੰਘੇਰਾ ਹੈ । ੴ ਤੋਂ ਸਤਿਗੁਰ ਪ੍ਰਸਾਦਿ ਤਕ ਨੂੰ ਮੂਲ-ਮੰਤਰ ਕਿਹਾ ਜਾਂਦਾ ਹੈ । ਜਿਸ 'ਅਕਾਲ' ਦਾ ਬਾਣੀ ਵਿਚ ਵਰਨਣ ਹੋਣਾ ਹੈ ਉਸ ਦੇ ਸਰੂਪ, ਲੱਛਣਾਂ, ਗੁਣ, ਕੀਰਤੀ ਸੰਖੇਪ ਕਰ ਕੇ ਅੰਕਤ ਕੀਤੇ ਹਨ। ਇਹ ਮੂਲ-ਮੰਤਰ, ਚਾਰ ਭਾਂਤ ਦਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਇਕ ਸਮੁੱਚਾ ੴ ਤੋਂ ਗੁਰ ਪ੍ਰਸਾਦਿ ਤਕ । ਇਸ ਤਰ੍ਹਾਂ ਤੇਤੇ ਵਾਰ ਆਇਆ ਹੈ ।

ਅੱਠ ਵਾਰੀ, 'ੴ ਸਤਿਨਾਮ ਕਰਤਾ ਪੁਰਖ ਗੁਰ ਪ੍ਰਸਾਦਿ' ਲਿਖਿਆ ਹੈ । ਇਸ ਤਰ੍ਹਾਂ ਛੇ ਵਾਰ ਰਾਗ ਗਉੜੀ ਵਿਚ ਸਤਵੀਂ ਵਾਰ ਰਾਗ ਬਿਲਾਵਲ ਅਤੇ ਅਠਵੀਂ ਵਾਰ ਮਾਝ ਦੀ ਵਾਰ ਵਿਚ ਅੰਕਤ ਕੀਤਾ ਹੈ ।

੫੨੫ ਵਾਰ, 'ੴ ਸਤਿਗੁਰ ਪ੍ਰਸਾਦਿ' ਲਿਖਿਆ ਹੈ । ਨਿਰੋਲ 'ੴ' ਸਿਰਫ਼ ਇਕ ਵਾਰੀ ਸਹਸਕ੍ਰਿਤੀ ਸਲੋਕਾਂ ਤੋਂ ਪਹਿਲਾਂ ਆਇਆ ਹੈ । ਇਤਨੀ ਵਾਰੀ ਇਹ ਮੂਲ ਮੰਤਰ ਦਰਜ ਹੋਏ ਤੋਂ ਇਸ ਦੀ ਮਹੱਤਤਾ ਦਾ ਪ੍ਰਗਟਾਵਾ ਸਹਿਜੇ ਹੀ ਹੋ ਜਾਂਦਾ ਹੈ । ਇਸ ਨੂੰ ਰਿੰਝ ਜਾਣੀਏ ਤਾਂ ਮੂਲ-ਮੰਤਰ ਦਾ ਭਾਵ ਹਰ ਹਿਰਦੇ ਨੂੰ ਛੇਤੀ ਸਮਝ ਆ ਜਾਏਗਾ ।



www.sikhbookclub.com 

ਸਾਡਾ ਦਰਸ਼ਨ ਹੈ—ੴ
ਸਾਡਾ ਧਰਮ ਹੈ—ਸਤਿਨਾਮੁ
ਸਾਡਾ ਜੀਵਨ ਨਜ਼ਰੀਆ ਹੈ—ਕਰਤਾ ਪੁਰਖੁ
ਸਾਡਾ ਰਾਜਸੀ ਨਿਜ਼ਾਮ ਹੈ—ਨਿਰਭਉ ਨਿਰਵੈਰੁ
ਸਾਡਾ ਚਜ ਆਚਾਰ ਹੈ—ਅਕਾਲ ਮੂਰਤਿ ।
ਸਾਡਾ ਅਰਥਚਾਰਾ ਹੈ—ਅਜੂਨੀ ਸੈਭੰ
ਸਾਧਨ ਹੈ – ਗੁਰ ਪ੍ਰਸਾਦਿ ।

ਫਿਰ ਇਹ ਮੂਲ-ਮੰਤਰ ਸਰਗੁਣ ਤੇ ਨਿਰਗੁਣ ਦਾ ਵੀ ਖੂਬ ਮੇਲ ਹੈ। ੧ ਨਾਲ ੳ ਰਲਾ ਕੇ ਪੜ੍ਹੀਏ ਤਾਂ '੧' ਨਿਰਗੁਣ ਤੇ ਉਸ ਦਾ ਪਸਾਰਾ 'ੳ' ਵਿਚ । 'ਸਤਿ' ਨਿਰਗੁਣ ਹੈ ਤੇ 'ਸਤਿ' ਦਾ ਪ੍ਰਗਟ ਰੂਪ ਹੈ 'ਨਾਮ' । 'ਕਰਤਾ' ਨਿਰਗੁਣ ਹੈ ਤੇ ਜਦ ਉਹ ਕਰ ਦਿਖਾਂਦਾ ਹੈ ਤੇ 'ਪੁਰਖ' । ਸਰਗੁਣ, ਨਿਰਭਉ ਆਪੂੰ ਹੈ, ਕਿਉਂਕਿ ਉਸ ਤੇ ਕੋਈ ਨਹੀਂ ਪਰ ਜਦ ਉਹ ਵਰਤਦਾ ਹੈ, ਨਿਰਵੈਰ ਹੈ। ਹੈ ਉਹ ਅਕਾਲ ਪਰ ਮੂਰਤਿ (ਹੋਂਦ) ਵਾਲਾ ਹੈ । ਉਹ ਅਜੂਨੀ ਹੈ, ਪਰ ਪ੍ਰਕਾਸ਼, ਸੈਭੰ ਹੋਏ ਤਾਂ ਸਰਗੁਣ ਹੈ । "ਗੁਰੂ" ਹੈ ਜੋ ਬਾਣੀ ਰੂਪ ਵਿਚ ਹੈ, ਪਰ ਪ੍ਰਸਾਦਿ ਕਿਰਪਾ ਪ੍ਰਤੱਖ ਕਰਦਾ ਹੈ ।

## ੧

ਸਭ ਤੋਂ ਪਹਿਲਾਂ ਹਿੰਦਸੇ ਵਾਲਾ **੧** ਹੈ । ਇਹ ੧ ਲਿਖਣ ਦਾ ਭਾਵ ਇਹ ਹੀ ਲੱਗਦਾ ਹੈ ਕਿ ਅੱਖਰਾਂ ਦੀਆਂ ਕੀਮਤਾਂ ਸਮੇਂ ਬਾਅਦ ਵੱਟ ਵੀ ਸਕਦੀਆਂ ਹਨ । ਠੀਕ ਗੱਲ ਇਹ ਹੈ ਕਿ ਵੱਟ ਵੀ ਜਾਂਦੀਆਂ ਹਨ । ਉਹ ਹੀ ਖ਼ਸਮ ਜੋ ਅਰਬੀ ਬੋਲੀ ਵਿਚ 'ਦੁਸ਼ਮਨ' ਦਾ ਅਰਥ ਰੱਖਦਾ ਹੈ, ਪੰਜਾਬੀ ਵਿਚ ਪੁੱਜ ਕੇ 'ਰਾਖਾ' ਬਣ ਗਿਆ । '੧' ਕਾਲ ਦੇ ਚੱਕਰ ਵਿਚ ਨਹੀਂ ਆਉਂਦਾ । ਉਹ ਇਕ ਹੀ ਹੈ । ਵਾਹਿਗੁਰੂ ਦੀ ਹੋਂਦ, ਸ਼ਕਤੀ, ਪ੍ਰਭਾਵ ਨਾਲ ਕਦੇ ਸਮਝੌਤਾ ਨਹੀਂ ਕਰਦਾ ।

**ਦੂਜੇ**, '੧' ਤੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਉਹ ਸੁੰਨ ਨਹੀਂ, ਜ਼ੀਰੋ (0) ਨਹੀਂ, ਉਸ ਦੀ ਹੋਂਦ ਹੈ । ਨਿਲ੍ਹਜ਼ਮ ਤੇ '੧' ਚੋਟ ਮਾਰਦਾ ਹੈ । ਸ੍ਰਿਸ਼ਟੀ ਦਾ ਮੂਲ ਅਣਹੋਂਦ ਜਾਂ ਮਨਫ਼ੀਅਤ ਨਹੀਂ, ਸਗੋਂ ਉਹ ਦ੍ਰਿਸ਼; ਅਦ੍ਰਿਸ਼, ਇਕੋ ਸ੍ਰਿਸ਼ਟੀ ਦਾ ਪਸਾਰਾ ਹੈ । ਜੋ ਸਦਾ ਅਛੇਵ ਹੈ । 'ਆਦਿ ਪੁਰਖ ਅਛੇਵ ਅਬਿਨਾਸੀ' ।

**ਤੀਜੇ**, '੧' ਨੂੰ ਕੋਈ ਤੋੜ ਨਹੀਂ ਸਕਦਾ । ਤਕਸੀਮ ਨਹੀਂ ਕਰ ਸਕਦਾ, ਵਧਾ-ਘਟਾ ਨਹੀਂ ਸਕਦਾ । '੧' ਨੂੰ ਘਟਾਓ ਤਾਂ ਵੀ ਇਕ ਹੈ, ਵਧਾ ਦਿਓ ਤਾਂ ਵੀ ਇਕ ਹੈ । ਵਡਾ ਨ ਹੋਵੈ ਘਾਟਿ ਨਾ ਜਾਇ ।' ਜੇ ਹਿੰਦਸੇ ਵਾਲੇ '੧' ਦੀ ਥਾਂ ਅੱਖਰੀਂ 'ਇਕ' ਪਾ ਦਿੰਦੇ ਤਾਂ ਅਸੀਂ ਇਸ ਨੂੰ ਇ-ੲ-ਕ ਵਿਚ ਤੋੜ ਕੇ ਆਪਣੇ ਮਨ ਦੇ ਭਾਵ ਅਰਥ ਕਰਨ ਲੱਗ ਜਾਣੇ ਸਨ, ਜਿਵੇਂ ਵਾਹਿਗੁਰੂ ਨਾਲ ਅਸਾਂ ਕੀਤੀ ਹੈ । ਵ ਨੂੰ ਅਸਾਂ ਵਿਸ਼ਨੂੰ ਮਿਥ ਲਿਆ, ਹ ਨੂੰ ਹਰੀ, ਗ ਨੂੰ ਗੋਬਿੰਦ, ਰ ਨੂੰ ਰਾਮ । ਇਸੇ ਤਰ੍ਹਾਂ ਕਰਨਾ ਸੀ 'ਿ' ਨੂੰ ਈਸ਼ ਨਾਲ,–ੲ ਨੂੰ ਈਸਾ ਨਾਲ ਤੇ ਕ ਨੂੰ ਕ੍ਰਿਸ਼ਨ ਨਾਲ ਜੋੜ ਲੈਣਾ ਸੀ । ਸੋ ਮੂਲ-ਮੰਤਰ ਵਿਚ ਸੰਭਾਲ ਕਰਦੇ '੧' ਪਾਇਆ ਗਿਆ ।

**ਚੌਥੇ**, '੧' ਪਾਉਣ ਨਾਲ ਤ੍ਰਿਕੜੀ ਦਾ ਕਾਨੂੰਨ (ਲਾਅ ਔਫ਼ ਟ੍ਰਿਨਟੀ) ਦਾ ਵਿਚਾਰ ਵੀ ਟੁੱਟ ਜਾਂਦਾ ਹੈ । ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦੀ ਵੀ ਥਾਂ ਨਹੀਂ ਰਹਿੰਦੀ । ਮਾਤਾ ਮਰੀਅਮ, ਪਾਵਨ ਰੂਹ ਅਤੇ ਉਸ ਦੇ ਬੇਟੇ ਦੀ ਗੱਲ ਵੀ ਨਹੀਂ ਚਲ ਸਕੇਗੀ । ਮੂਲ ਏਕਤਾ ਹੈ । ਏਕਤਾ ਖ਼ਿਆਲਾਂ ਅਤੇ ਪ੍ਰਭੂ ਦੀ ਹੈ । 'ਸਾਹਿਬੁ ਮੇਰਾ ਏਕੋ ਹੈ, ਭਾਈ ਏਕੋ ਹੈ', ਗੁਰੂ ਨਾਨਕ ਦਾ ਫ਼ਰਮਾਨ ਹੈ । 'ਇਸੁ ਏਕੇ ਕਾ ਜਾਣੈ ਭੇਉ', ਗੁਰੂ ਨਾਨਕ ਜੀ ਨੇ ਰਾਮਕਲੀ ਵਿਚ ਫ਼ਰਮਾਇਆ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਗਿਆ ਕੀਤੀ ਸੀ, 'ਏਕ ਬਿਨ ਦੂਸਰ ਸੋ ਨ ਚਿਨਾਰ ।' ਇਸੁ ਏਕੇ ਨੇ ਹੀ ਸੰਗਤ ਨੂੰ ਜਨਮ ਦਿੱਤਾ । ਅਗੇ ਇਹ ਸੁਣਿਆ ਜਾਂਦਾ ਸੀ, 'ਸਾਧੂ ਨ ਚਲੈ ਜਮਾਤ' ਹੁਣ 'ਸਾਧ ਸੰਗਤਿ' ਬਣੀ । ਇਕ ਖ਼ਿਆਲ ਵਾਲੇ ਇਕ ਥਾਂ ਬੈਠੇ । ਦੇਵਤਿਆਂ ਦੇ ਝਗੜਿਆਂ ਦੀ ਗਾਥਾ ਦੀ ਥਾਂ '੧' ਦੀ ਵਿਚਾਰ ਆਈ ।

'੧' ਦੀ ਵਿਆਖਿਆ 'ਓਅੰਕਾਰੁ' ਦੀ ਬਾਣੀ ਵਿਚ ਆਪ ਹੀ ਗੁਰੂ ਨਾਨਕ ਦੇਵ ਜੀ ਨੇ ਕਰ ਦਿੱਤੀ । ਮਹਾਰਾਜ ਕਹਿੰਦੇ ਹਨ :

ਹਰ ਕੋਈ ਕਹਿੰਦਾ ਹੈ, ਉਸ ਤੋਂ ਬਗ਼ੈਰ ਕੋਈ ਨਹੀਂ ਪਰ ਦੇਖੋ ਇਕ ਅਜੀਬ ਮਖੌਲ ਕਿ ਜੀਵ ਅਹੰਕਾਰ ਵਿਚ ਆਫ਼ਰਿਆ ਆਪਣੇ ਬਗ਼ੈਰ ਹੋਰ ਕਿਸੇ ਨੂੰ ਨਹੀਂ ਗਿਣਦਾ । ਉਹ ਹੀ ਪਾਏਗਾ, ਉਸ ਦਾ ਥਹੁ-ਥਾਂ-ਟਿਕਾਣਾ (ਘਰੁ ਮਹਲੁ) ਜੋ ਧੁਰ ਅੰਦਰਲੇ ਕਦੇ ਅਹੰਕਾਰ ਨ ਕਰੇ ਤੇ ਬਾਹਰ ਉਸ ਦਾ ਵਰਤਦਾ ਵਰਤਾਰਾ ਦੇਖ ਵਿਸਮਾਦ ਵਿਚ ਆ ਜਾਏ, ਇਹ ਪੱਕ ਜਾਣੇ ਕਿ ਉਹ ਦੂਰ ਨਹੀਂ ਹੈ, ਨੇੜੇ ਤੋਂ ਨੇੜੇ ਹੈ; ਹਰ ਥਾਂ ਉਸ ਦਾ ਜਲਵਾ ਹੈ । ਜਿਸ ਨੇ ਇਕ ਨੂੰ 'ਇਕ' ਜਾਤਾ ਤੇ ਦੂਜੇ, ਮਾਇਆ, ਪਦਾਰਥ ਸੰਸਾਰ ਨੂੰ ਸਾੜਿਆ; ਉਸ ਦੀ ਰਸਾਈ '੧' ਤਕ ਹੋ ਗਈ ।

**ਏਕੋ ਏਕੁ ਕਹੈ ਸਭੁ ਕੋਈ,**
**ਹਉਮੈ ਗਰਬੁ ਵਿਆਪੈ ।**
**ਅੰਤਰਿ ਬਾਹਰਿ ਏਕੁ ਪਛਾਣੈ,**
**ਇਉ ਘਰੁ ਮਹਲੁ ਸਿਞਾਪੈ ।**
**ਪ੍ਰਭੁ ਨੇੜੈ, ਹਰਿ ਦੂਰਿ ਨ ਜਾਣਹੁ,**
**ਏਕੋ ਸ੍ਰਿਸਟਿ ਸਬਾਈ ।**
**ਏਕੰਕਾਰ, ਅਵਰ ਨਹੀਂ ਦੂਜਾ,**
**ਨਾਨਕ ਏਕ ਸਮਾਈ ।**

**(ਰਾਮਕਲੀ ਮਹਲਾ ੧, ਓਅੰਕਾਰ ਦੱਖਣੀ (੯੩੦)**

'੧' ਦਾ ਇਹ ਵੀ ਭਾਵ ਹੈ ਕਿ ਰਾਹ ਵੀ ਇਕ ਹੈ । ਰਹਤ ਵੀ ਇਕ ਹੈ । ਪਿਆਰ ਕਰਨ ਦਾ ਢੰਗ ਵੀ ਇਕੋ ਹੈ । ਭਗਤੀ ਦੇ ਕਈ ਤਰੀਕੇ ਨਹੀਂ ਹਨ । ਪਉਣ, ਪਾਣੀ ਤੇ ਅਗਨੀ ਦੇ ਰੂਪ ਵਿਚ ਉਸ ਇਕ ਦਾ ਪ੍ਰਕਾਸ਼ ਪੈ ਰਿਹਾ ਹੈ । 'ਏਕ ਅਚਾਰੁ, ਰੰਗੁ ਇਕ ਰੂਪ, ਪਉਣ ਪਾਣੀ, ਅਗਨੀ ਅਸਰੂਪ । ਇਕ ਹੀ ਸੱਤਾ, ਭਵਰ ਵਾਂਗੂ ਜੋ ਘੂੰ-ਘੂੰ ਕਰਦੀ ਤਿੰਨ ਲੋਕ ਅਤੇ ਜਗਤ ਵਿਚ ਦਿੱਸ ਰਹੀ ਹੈ, ਉਸੇ ਦੀ ਹੈ ।

**'ਏਕੋ ਭਵਰੁ ਭਵੈ ਤਿਹੁ ਲੋਇ ।'**

ਜਿਸ ਨੇ ਇਕ ਦੀ ਤੰਦ ਨੂੰ ਹਰ ਇਕ ਵਿਚ ਦੋੜਦੇ ਤੱਕ ਫੜ ਲਈ, ਉਸ ਨੇ ਆਪਣੀ ਪਤਿ ਬਚਾ ਲਈ ਤੇ ਇੱਜ਼ਤ ਪਾ ਲਈ ।

### ਏਕੋ ਬੂਝੈ ਸੂਝੈ ਪਤਿ ਹੋਇ।

'ੳ' ਦੇ ਅਰਥ ਹਨ, ਹੈ। ਉਸ ਨੂੰ ਵਿਧੀ, ਗਿਆਨ, ਵਾਦ-ਵਿਵਾਦ ਨਾਲ ਸਾਬਤ ਕਰਨ ਦੀ ਲੋੜ ਨਹੀਂ। ਉਸ ਦੀ ਹੋਂਦ ਪ੍ਰਤੱਖ ਹੈ।

ਦੂਜੇ ਜਦ 'ੳ' ਨੂੰ ਉਚਾਰਨ ਕੀਤਾ ਜਾਂਦਾ ਹੈ ਤਾਂ ਕੰਠ, ਨਾਸਕਾ, ਤਾਲੂ ਤੇ ਜੀਭ ਸਾਰੇ ਹੀ ਵਰਤੇ ਜਾਂਦੇ ਹਨ। ਸ਼ਾਇਦ 'ੳ' ਹੀ ਐਸਾ ਅੱਖਰ ਹੈ, ਜਿਸ ਦੇ ਬੋਲਣ ਨਾਲ ਕੰਠ ਤੋਂ, ਜੀਭਾ ਵਿਚੋਂ ਇਕੋ ਜਿਹੀ ਅਵਾਜ਼ ਨਿਕਲਦੀ ਹੈ। ਇਹ ਪ੍ਰਗਟ ਕਰਦਾ ਹੈ ਕਿ ਸ਼ਬਦ ਦੀ ਸ਼ਕਤੀ ਅੰਦਰ ਬਾਹਰ ਹੈ। 'ੳ' ਸੁਰ ਹੈ ਤੇ ਬਾਕੀ ਦੇ ਅੱਖਰ ਵਿਅੰਜਨ ਹਨ। ਵਿਅੰਜਨ ਆਪ ਨਹੀਂ ਬੋਲਦੇ। ਉਨ੍ਹਾਂ ਦੀ ਅਵਾਜ਼ ਲੁਪਤ ਹੋਵੇ ਤਾਂ ਉਹ ਬੋਲਦੇ ਹਨ। ਇਸ ਕਰਕੇ ਉਸ ਦਾ 'ੳ' ਰੂਪ ਬਣਾ ਕੇ ਅਗਮ, ਅਗੋਚਰ ਤੇ ਨਿਰਾਲੇ '੧' ਨੂੰ ਘਟ-ਘਟ ਦਾ ਵਾਸੀ ਤੇ ਸਾਰੀ ਰਚਨਾ ਮੁੱਢ ਮੂਲ ਤੇ ਫਿਰ ਸਾਰੇ ਪਸਾਰੇ ਵਿਚ ਵਿਦਮਾਨ ਕਰਤਾ ਦੱਸਣ ਲਈ '੧' ਦੇ ਨਾਲ ਲਗਾਇਆ ਹੈ। ਭਾਈ ਗੁਰਦਾਸ ਜੀ ਨੇ ਇਸੇ ਦੀ ਵਿਆਖਿਆ ਕਰਦੇ ਹੋਏ ਲਿਖਿਆ :

"ਗੁਰਮੁਖ ਏਕੰਕਾਰ ਆਪਿ ਉਪਾਇਆ।
ਓਅੰਕਾਰਿ ਅਕਾਰ ਪ੍ਰਗਟੀ ਆਇਆ।"

ਜਾਂ 'ਨਿਰਾਧਾਰ ਨਿਰੰਕਾਰ ਨ ਅਲਖ ਲਖਾਇਆ।' (ਵਾਰ ੧੯, ਪਉੜੀ ੧)

ਫਿਰ ਹੋਆ ਏਕੰਕਾਰੁ ਆਪੁ ਉਪਾਇਆ।
ਓਅੰਕਾਰ ਅਕਾਰੁ ਚਲਿਤੁ ਰਚਾਇਆ।
(ਵਾਰ ੨੨, ਪਾਉੜੀ ੧)

ਉਪਨਿਸ਼ਦਾਂ ਵਿਚ 'ੳ' ਦੀ ਉਪਾਸ਼ਨਾ ਦਾ ਮਹਾਤਮ ਲਿਖਿਆ ਹੈ। 'ੳ' ਨੂੰ ਤ੍ਰੈ ਅੱਖਰਾਂ (ਅ, ੳ, ਮ) ਤੋਂ ਬਣਿਆ ਮੰਨ ਕੇ ਬਹੁਤ ਵਿਸਥਾਰ ਕੀਤੇ ਹਨ। ਜਿਵੇਂ; ਓਮ' ਉਚਾਰੀਦਾ ਹੈ ਤਾਂ ਅ, ਉ, ਮੰਮੇ ਵਿਚ ਸਮਾਂਦੇ ਹਨ, ਅ ਫਿਰ ਉਚਾਰਨ ਸਮੇਂ ਬਾਹਰ ਨਿਕਲਦੇ ਹਨ। 'ੳ' ਨੂੰ ਆਤਮਾ ਵੀ ਕਿਹਾ ਹੈ, ਇਸ ਨੂੰ ਜਾਨਣਾ ਹੀ 'ਓਮ' ਹੈ। ਫਿਰ ਇਨ੍ਹਾਂ ਅੱਖਰਾਂ ਤੋਂ ਤਿੰਨ ਦੇਵਤੇ ਦੇ ਅਰਥ ਵੀ ਲਏ ਗਏ—ਅ—ਬਰ੍ਹਮਾ, ਉ—ਵਿਸ਼ਨੂੰ, ਮ—ਸ਼ਿਵ।

ਮੂਲ-ਮੰਤਰ ਵਿਚ ਇਸ ਨੂੰ ਤੋੜਨ ਜਾਂ ਵੱਖ ਕਰਨ ਦੀ ਆਗਿਆ ਨਹੀਂ ਹੈ। ਪਹਿਲਾਂ '੧' ਲਿਖਣ ਦਾ ਕਾਰਨ ਹੀ ਇਹ ਸੀ ਕਿ ਕਿਸੇ ਕਿਸਮ ਦੀ ਵੰਡੀ ਉਸ ਪ੍ਰਭੂ ਵਿਚ ਨਹੀਂ ਪਾਉਣੀ।

'⌒' ਕਾਰ ਦਾ ਭਾਵ ਹੈ, ਉਹ ਇਕ ਖਾਸ ਮਿੱਥੇ ਸਮੇਂ ਲਈ ਨਹੀਂ, ਸਦਾ ਲਈ ਹੈ। ਸਦਾ-ਸਦਾ ਹੈ। ਇਥੇ ਕਾਰ ਪਾਉਣ ਲਈ ਨਿਰੰਲ ਰੇਖਾ ⌒ ਦਾ ਸਹਾਰਾ ਲਿਆ ਹੈ ਤਾਂਕਿ ਉਸ ਦੀ ਬਿਅੰਤਤਾ ਦਾ ਗਿਆਨ ਹੋ ਜਾਵੇ। ਰਤਾ ਕੁ 'ੴ' ਨੂੰ ਗਹੁ ਨਾਲ ਵੇਖੀਏ ਤਾਂ ਇਕ ਹੋਰ ਗੱਲ ਪ੍ਰਗਟ ਹੋ ਕੇ ਸਾਹਮਣੇ ਆਉਂਦੀ ਹੈ। '੧' ਹਿੰਦਸੇ ਦਾ ਮੂਲ ਹੈ। 'ੳ' ਅੱਖਰਾਂ ਦਾ ਮੁੱਢ ਹੈ ਤੇ '⌒' ਰੇਖਾ-ਗਣਿਤ ਦਾ ਲਖਾਇਕ ਹੈ। ਜਪੁਜੀ ਵਿਚ ਇਹ ਪ੍ਰਗਟਾਇਆ ਗਿਆ ⌒ ਹੈ ਕਿ ਉਹ ਸਾਰੇ ਗਿਆਨਾਂ, ਵਿਚਾਰਾਂ, ਹਿਸਾਬਾਂ ਤੇ ਸ਼ਕਤੀਆਂ ਦਾ ਮੂਲ ਹੈ। 'ੴ' ਕਹਿਣ ਨਾਲ ਉਸ ਦੀ ⌒ ਵਡਿਆਈ ਦਾ ਗਿਆਨ ਹੋ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਸਿੱਖ ਧਰਮ ਵਿਚ 'ੴ' ਨੂੰ ਬੀਜ ਮੰਤਰ ਕਿਹਾ ਗਿਆ ਹੈ।

## ਸਤਿ

**ਸਤਿ** ਦੇ ਅਰਥ ਹਨ; ਸੱਚ, ਅਸਲ । ਉਹ ਨਕਲ ਨਹੀਂ ਹੈ । ਸਤਿ ਦਾ ਭਾਵ ਸਮਝਣ ਲਈ ਇਸ ਨੂੰ ਵੱਖ ਲੈਣਾ ਚਾਹੀਦਾ ਹੈ । ਨਾਮ ਨਾਲ ਜੋੜਿਆਂ ਭਾਵ ਨਹੀਂ ਖੁਲ੍ਹਦਾ । ਜਦ ਅਸੀਂ ਸਤਿ ਸ੍ਰੀ ਅਕਾਲ ਆਖਦੇ ਹਾਂ ਤਾਂ ਉਸ ਵਿਚ ਕਿਸੇ ਨਾਮ ਨੂੰ ਨਾਲ ਨਹੀਂ ਜੋੜਦੇ । ਪਰਮ ਪੁਰਖ ਨੂੰ ਸਤਿ ਚਿਤ ਅਤੇ ਅਨੰਦ ਦਾ ਸੋਮਾ ਗਿਣਿਆ ਜਾਂਦਾ ਹੈ ।

ਗੁਰੂ ਅਰਜਨ ਦੇਵ ਜੀ ਨੇ ਆਪ ਹੀ ਇਸ 'ਸਤਿ' ਦੀ ਵਿਆਖਿਆ, 'ਆਦਿ ਸਚੁ, ਜੁਗਾਦਿ ਸਚੁ, ਹੈ ਭਿ ਸਚੁ, ਨਾਨਕ ਹੋਸੀ ਭਿ ਸਚੁ', ਲਿਖ ਕੇ ਸੁਖਮਨੀ ਦੀ ਸਤਾਰ੍ਹਵੀਂ ਅਸ਼ਟਪਦੀ ਵਿਚ ਕੀਤੀ ਹੈ । ਫਿਰ ਫ਼ਿਲਾਸਫ਼ੀ ਦੀ ਭਾਸ਼ਾ ਵਿਚ ਇਹ ਕਿਹਾ ਜਾ ਸਕਦਾ ਹੈ ਕਿ 'ਸਤਿ' ਪਦ ਨਿਰਦਵੰਦ ਹੈ । ਧੁੱਪ ਛਾਂ ਵਾਲੀ ਧੁੱਪ, ਸੂਰਜ ਦੇ ਆਸਰੇ ਹੈ । ਸੂਰਜ ਧੁੱਪ ਦੇ ਆਸਰੇ ਨਹੀਂ । ਗੁਰੂ ਨਾਨਕ ਦੇਵ ਜੀ ਦਾ ਆਪਣਾ ਫ਼ਰਮਾਨ ਹੈ, 'ਸਚੈ ਸਭਿ ਤਾਣਿ, ਸਚੈ ਸਭਿ ਜੋਰਿ ।'

ਇਹ 'ਸਤਿ' ਮਿਲੇ ਕਿਵੇਂ, ਉਸ ਦਾ ਢੰਗ ਰਾਮਕਲੀ ਕੀ ਵਾਰ ਮਹਲਾ ਤੀਜਾ ਦੇ ਸਲੋਕ ਮਹਲਾ ਪਹਿਲਾ ਵਿਚ ਗੁਰੂ ਨਾਨਕ ਦੇਵ ਜੀ ਨੇ ਖੋਲ੍ਹ ਸਮਝਾਇਆ ਹੈ ।

ਨ 'ਸਤਿ' ਸਰੀਰ ਨੂੰ ਕਸ਼ਟ ਦੇਣ ਨਾਲ ਮਿਲਦਾ ਹੈ, ਨ ਸੰਸਾਰ ਦੇ ਸੁੱਖ ਆਰਾਮ ਮਿਲ ਜਾਣ ਨਾਲ । ਨਾ ਪਾਣੀ ਵਿਚ ਜੰਤੂਆਂ ਵਾਂਗ ਜਲ ਸਮਾਧੀ ਲਗਾਉਣ ਨਾਲ, ਨ ਹੀ ਸੰਸਾਰ ਛੱਡ, ਕੇਸ ਮੁੰਡਵਾ ਗ੍ਰਹਿਸਤ ਦੀਆਂ ਜ਼ਿਮੇਵਾਰੀਆਂ ਲਾਹ ਭੱਜਣ ਨਾਲ । ਨ ਹੀ 'ਸਤਿ' ਮਿਲਦਾ ਹੈ ਪੜ੍ਹ ਪੜ੍ਹਾ ਲੋਕਾਂ ਤੇ ਜਾ ਰੁਅਬ ਪਾਉਣ ਨਾਲ । ਨ ਹੀ ਜੰਗਲਾਂ ਹੇਠ ਪੱਥਰ ਵਾਂਗ ਅਹਿਲ ਹੋ ਸਮਾਧੀਆਂ ਲਗਾਉਣ ਨਾਲ ਤੇ ਨਾ ਹੀ ਸਰੀਰ ਨੂੰ ਟੋਟੇ ਟੋਟੇ ਕਰ, ਬਲੀ ਚੜ੍ਹਾਉਣ ਨਾਲ । ਨ ਰਾਜ ਸਾਜ ਹੋਣ ਨਾਲ ਜਦੋਂ ਕਿ ਸੰਗਲਾਂ ਨਾਲ ਬੱਧੇ ਹਾਥੀ ਮਹਲਾਂ ਬਾਹਰ ਹੋਣ ਤੇ ਗਾਈਆਂ ਦੇ ਵੱਗ ਬਾਹਰ ਘਾਹ ਚਰਦੇ ਹੋਣ, ਦੁੱਧ ਦੀ ਥੁੜ੍ਹ ਨਾਹ ਹੋਵੇ । ਇਹ 'ਸਤਿ' ਉਸੇ ਨੂੰ ਮਿਲਦਾ ਹੈ, ਜਿਸ ਅੰਦਰ ਸ਼ਬਦ ਦਾ ਪਿਆਰ ਘਰ ਕਰ ਜਾਵੇ ।

**ਨਾ ਸਤਿ ਦੁਖੀਆ,**
**ਨਾ ਸਤਿ ਸੁਖੀਆ,**
**ਨਾ ਸਤਿ ਪਾਣੀ ਜੰਤ ਫਿਰਹਿ ।**
**ਨਾ ਸਤਿ ਮੂੰਡ ਮੁਡਾਈ ਕੇਸੀ,**
**ਨਾ ਸਤਿ ਪੜਿਆ ਦੇਸ ਫਿਰਹਿ ।**
**ਨਾ ਸਤਿ ਰੁਖੀ ਬਿਰਖੀ ਪਥਰ,**
**ਆਪੁ ਤਛਾਵਹਿ ਦੁਖ ਸਹਹਿ ।**
**ਨਾ ਸਤਿ ਹਸਤੀ ਬਧੇ ਸੰਗਲ,**
**ਨਾ ਸਤਿ ਗਾਈ ਘਾਹੁ ਚਰਹਿ ।**
**ਜਿਸੁ ਹਥਿ ਸਿਧਿ ਦੇਵੈ ਜੇ ਸੋਈ,**
**ਜਿਸ ਨੋ ਦੇਇ ਤਿਸੁ ਆਇ ਮਿਲੈ ।**
**ਨਾਨਕ ਤਾ ਕਉ ਮਿਲੈ ਵਡਾਈ,**
**ਜਿਸੁ ਘਟ ਭੀਤਰਿ ਸਬਦੁ ਰਵੈ ।**

**(ਸਲੋਕ ਮਹਲਾ ੧, ਪੰਨਾ ੯੫੨)**

## ਨਾਮੁ

**ਨਾਮੁ** ਦਾ ਭਾਵ ਹੈ, ਸਰਬ-ਵਿਆਪੀ ਆਤਮਾ । ਉਹ ਨਿਰਾਕਾਰ ਹੈ, ਨਿਰੋਲ ਪ੍ਰਾਣ ਹੈ । ਨਾਮ; ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਦੀ ਸਮੁੱਚੀ ਸ਼ਕਤੀ ਨੂੰ ਦਰਸਾਉਣ ਲਈ ਵਰਤਿਆ ਗਿਆ ਹੈ । 'ਨਾਮ ਕੇ ਧਾਰੇ ਸਗਲੇ ਜੰਤ', ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ । ਦੂਜੇ, ਭਾਰਤੀ ਦਰਸ਼ਨ ਅਨੁਸਾਰ ਹਰ ਕੋਈ ਨਾਮ ਤੇ ਰੂਪ ਦਾ ਸੁਮੇਲ ਹੈ ਪਰ ਮੂਲ-ਮੰਤਰ ਅਨੁਸਾਰ ਉਸ ਦਾ ਰੂਪ ਮਿਥਿਆ ਨਹੀਂ ਜਾ ਸਕਦਾ ।

ਰੂਪ ਵਿਚੋਂ ਕੱਢਣ ਲਈ ਨਾਮ ਦਾ ਸ਼ਬਦ ਵਰਤਿਆ । ਉਸ ਦੇ ਨੂਰ ਦੇ ਤੱਤ ਨੂੰ ਗੁਰਬਾਣੀ ਵਿਚ ਨਾਮ ਕਿਹਾ ਹੈ ।

**'ਜੇਤਾ ਕੀਤਾ ਤੇਤਾ ਨਾਉ'**, ਲਿਖ ਕੇ ਇਸੇ ਖ਼ਿਆਲ ਨੂੰ ਜਪੁਜੀ ਵਿਚ ਦੁਹਰਾਇਆ ਹੈ । ਹਰ ਵਸਤੂ ਜੋ ਉਸ ਨੇ ਸਿਰਜੀ ਹੈ, ਉਹ ਨਾਮ ਦਾ ਚਮਤਕਾਰ ਹੈ । ਵਾਹਿਗੁਰੂ ਦਾ ਕੋਈ ਖ਼ਾਸ ਨਾਂ ਨਹੀਂ ਮਿਥਿਆ ਜਾ ਸਕਦਾ । ਨਾਮ ਕਹਿਣ ਨਾਲ ਉਸਦੀ ਸਰਵ-ਵਿਆਪੀ ਸ਼ਖਸੀਅਤ ਸਾਹਮਣੇ ਆ ਜਾਂਦੀ ਹੈ ।

ਗੁਰੂ ਅਰਜਨ ਦੇਵ ਜੀ ਨੇ ਮਾਰੂ ਸੋਹਿਲੇ ਵਿਚ ਇਸ ਦੀ ਹੋਰ ਵਿਆਖਿਆ ਕੀਤੀ ਹੈ । ਪ੍ਰਭੂ ਦੇ ਜਿਤਨੇ ਨਾਮ ਹਨ ਸਭ ਕਿਰਤਮ ਨਾਮ ਹਨ, ਸਿਰਫ਼ ਇਕ ਸਤਿਨਾਮ ਹੈ ਜੋ ਸਭ ਤੋਂ ਸ੍ਰੇਸ਼ਟ ਹੈ ।

**ਕਿਰਤਮ ਨਾਮ ਕਥੇ ਤੇਰੇ ਜਿਹਬਾ ।**
**ਸਤਿਨਾਮੁ ਤੇਰਾ ਪਰਾ ਪੂਰਬਲਾ ।** **(ਮਾਰੂ ਸੋਹਿਲੇ ਮਾਲਾ ੫)**

ਵਾਹਿਗੁਰੂ ਨਾਮ ਵਿਚ ਆਪ ਵੱਸਦਾ ਹੈ ।

**ਨਾਵੈਂ ਅੰਦਰਿ ਹਉ ਵਸਾਂ,**
**ਨਾਉ ਵਸੈ ਮਨਿ ਆਇ ।** **(ਸਿਰੀ ਰਾਗ ਮਹਲਾ ੧)**

ਦੇਹ ਅੰਦਰ ਬਹੁਤ ਪਸਾਰਾ ਹੈ, ਉਹ ਵਿਆਪਕ ਨਾਮ ਦੇਹੀ ਦੇ ਅੰਦਰ ਮੌਜੂਦ ਹੈ, ਇਥੋਂ ਫੇਰ ਨਾਮ ਨੂੰ ਨਿਰੰਜਨ ਤੇ ਅਗਮ ਅਪਾਰ ਲਿਖਿਆ ਹੈ ।

**ਇਸੁ ਕਾਇਆ ਅੰਦਰਿ ਬਹੁਤੁ ਪਸਾਰਾ,**
**ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ।** **(ਮਾਝ ਮ: ੩)**

ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਨਾਮ ਪ੍ਰਮਾਤਮਾ ਨਾਲ ਅਭੇਦ ਉਸ ਦੀ ਕੋਈ ਆਪਣੀ ਕਲਾ ਵਿਆਪਕ ਵਸਤੂ ਹੈ । ਉਸ ਨੂੰ ਪ੍ਰਗਟਾਉਣਾ ਹੈ । ਨਾਮ ਜਪਣ ਨਾਲ ਉਹ ਵਿਆਪਕ, ਹਿਰਦੇ ਵਸਦੇ ਵਿਆਪਕ ਨਾਮ ਨਾਲ ਜੁੜ ਜਾਵੇਗਾ । ਦ੍ਰਿਸ਼ਟਮਾਨ ਤੋਂ ਅਦ੍ਰਿਸ਼ਟ-ਮਾਨ ਤੱਕ ਦੇ ਸਫ਼ਰ ਨੂੰ ਜੇ ਸਿਮਰਨ ਕਹਿ ਲਈਏ ਅਤੇ ਜਦ ਪੁੱਜ ਗਏ ਤਾਂ ਨਾਮ ਮਿਲ ਗਿਆ ਜਾਣੋ । ਗੁਰੂ ਗ੍ਰੰਥ ਸਾਹਿਬ ਵਿਚ ਸਿਮਰਨ ਦੀ ਕੋਈ ਵਿਆਖਿਆ ਨਹੀਂ ਪਰ ਨਾਮ ਦੀ ਹੈ । ਸਿਮਰਨ ਦੀਆਂ ਬਰਕਤਾਂ ਤਾਂ ਦੱਸੀਆਂ ਹਨ, ਪਰ ਸਿਮਰਨ ਦੀ ਕੋਈ ਉਪਮਾ ਨਹੀਂ ਕੀਤੀ । ਇੰਝ ਲੱਗਦਾ ਹੈ ਕਿ ਸਿਮਰਨ ਹਰ ਕਿਸੇ ਕੋਲ ਹੈ । ਇਸ ਨੂੰ ਪਕਾਉਣਾ ਹੀ ਨਾਮ ਹੈ ।

ਫਿਰ ਸਿਮਰਨ ਨੂੰ ਦੂਜੇ ਪੱਖੋਂ ਤੱਕੋ । ਕੋਈ ਕਿਸ ਸ਼ਹਿਰ ਉਤਰੇ ਤੇ ਉਤਰਦਿਆਂ...

ਭੁੱਲ ਜਾਏ ਕਿ ਕਿਸ ਕੰਮ ਉਹ ਸ਼ਹਿਰ ਆਇਆ ਹੈ ਤੇ ਕਿਥੇ ਜਾਣਾ ਹੈ ਤਾਂ, ਜੋ ਉਸ ਦੀ ਹਾਲਤ ਹੋਵੇ, ਉਹ ਹੀ ਜਾਣ ਸਕਦਾ ਹੈ। ਉਹ ਪਾਗਲ ਹੀ ਕਰਾਰ ਦੇ ਦਿੱਤਾ ਜਾਏਗਾ ਜੇ ਪੁੱਛੀ ਫਿਰੇ ਕਿ ਮੈਂ ਕਿਥੇ ਜਾਣਾ ਹੈ, ਮੈਂ ਕਿਸ ਕੰਮ ਆਇਆ ਹਾਂ? ਹੁਣ ਜੀਵ ਨੂੰ ਇਹ ਭੁੱਲ ਹੀ ਗਿਆ ਹੈ ਕਿ ਉਹ ਕਿਸ ਕਾਰਨ ਇਥੇ ਆਇਆ ਹੈ? ਕੀ ਵਿਹਾਝਣਾ ਹੈ? ਦਰ ਕਿਹੜਾ ਹੈ ਤੇ ਘਰ ਕਿਹੜਾ? ਬਾਵਲੇ ਵਾਂਗ ਬਉਰਾਨਾ ਹੋ ਫਿਰੀ ਜਾ ਰਿਹਾ ਹੈ। ਸੋ ਸਿਮਰਨ ਹੈ ਕਿ ਹਰ ਸਮੇਂ, ਹਰ ਪਲ, ਇਹ ਖ਼ਿਆਲ ਰਹੇ ਕਿ ਉਹ ਯਾਦ ਪਕਾਉਣ ਆਇਆ ਹੈ। ਜਦ ਯਾਦ ਪੱਕ ਜਾਏਗੀ ਤਾਂ ਨਾਮ ਪ੍ਰਗਟ ਹੋ ਜਾਏਗਾ। 'ਦ੍ਰਿਸ਼ਟਮਾਨ ਦੇ ਉਲਟ, ਜਦ ਅੰਦਰ ਚਾਣਨ, ਹੋ ਜਾਏ ਕਿ ਉਸ ਤੋਂ ਸਿਵਾ ਹੋਰ ਕੁਝ ਨਹੀਂ ਤਾਂ, ਉਹ ਨਾਮ ਹੈ।

**ਨਾਮ ਉਸ ਦੀ ਹੋਂਦ ਦਾ ਪ੍ਰਕਾਸ਼ ਹੈ।**

ਨਾਮ ਮਿਲੇ ਕਿਵੇਂ?

ਗੁਰੂ ਨਾਨਕ ਦੇਵ ਜੀ ਉੱਤਰ ਦੇਂਦੇ ਹਨ; ਮਨ ਰੂਪੀ ਧਰਤੀ ਨੂੰ ਸੋਹਣਾ ਕਰੇ, ਸੋਧ ਕਰ ਸਵਾਰੇ, ਗੁਰੂ ਉਪਦੇਸ਼ ਰੂਪੀ ਅੱਖਰਾਂ ਦੇ ਬੂਟੇ ਲਾਵੇ, ਪ੍ਰੇਮ ਜਲ ਨਾਲ ਸਿੰਚੇ। ਐਸਾ ਬਾਗ਼ ਤਿਆਰ ਕਰਨ ਵਾਲੇ ਨੂੰ ਨਾਮ ਦਾ ਫਲ ਲੱਗਦਾ ਹੈ, ਹਰ ਇਕ ਨੂੰ ਲੱਗ ਸਕਦਾ ਹੈ, ਇਕੋ ਜਹਿਆ ਬਗੈਰ ਭਿੰਨ ਭੇਦ ਦੇ।

**ਅਖਰ ਬਿਰਖ ਬਾਗ ਭੁਇ ਚੋਖੀ,**
**ਸਿੰਚਿਤ ਭਾਉ ਕਰੇਹੀ।**
**ਸਭਨਾ ਫਲੁ ਲਾਗੈ, ਨਾਮੁ ਏਕੋ,**
**ਬਿਨੁ ਕਰਮਾ ਕੈਸੇ ਲੇਹੀ। (ਆਸਾ ਮ: ੧)**

ਇਹ ਵੀ ਗੁਰੂ ਨਾਨਕ ਦੇਵ ਜੀ ਨੇ ਹੀ ਫ਼ਰਮਾਇਆ ਸੀ ਕਿ ਜੋ ਉਹ ਨਾਮ ਦਾ ਅੱਖਰ ਦੱਸ ਰਹੇ ਹਨ, ਉਹ ਪ੍ਰਮੇਸ਼ਰ ਨੇ ਆਪ ਪ੍ਰਚਾਰਨ ਲਈ ਉਨ੍ਹਾਂ ਨੂੰ ਦਿੱਤਾ ਹੈ।

**"ਅਖਰ ਨਾਨਕ ਅਖਿਓ ਆਪਿ ॥"**
**(ਮਾਝ ਕੀ ਵਾਰ ਮਹਲਾ ੧)**

ਘਾਲ ਕਮਾਈ ਨਹੀਂ ਛੱਡਣੀ। ਨਾਮ ਧਨ ਹੈ। ਕਮਾਉਣਾ ਹੈ। ਲੈਣਾ ਨਹੀਂ। ਪ੍ਰਗਟ ਕਰਨਾ ਹੈ। ਪਰ ਮਿਲੇਗਾ ਬਖ਼ਸ਼ਿਸ਼ ਦੁਆਰਾ। "ਲਹੈ ਭਰਾਤਿ ਹੋਵੈ ਜਿਸੁ ਦਾਤਿ।" ਨਾਮ ਸਾਡਾ ਮੂਲ ਹੈ।

ਨਾਮ ਦੀ ਬਰਕਤ ਵੀ ਵੱਡੀ ਹੈ। ਨਾਮ ਹਰ ਥਾਂ, ਹਰ ਕਾਰਜ ਇਵੇਂ ਸਹਾਈ ਹੁੰਦਾ ਹੈ ਜਿਵੇਂ:

**ਬੂਡਤ ਕਉ ਜੈਸੇ ਬੇੜੀ ਮਿਲਤ।**
**ਬੂਝਤ ਦੀਪਕ ਮਿਲਤ ਤਿਲਤੁ।**
**ਜਲਤ ਅਗਨੀ ਮਿਲਤ ਨੀਰ।**
**ਜੈਸੇ ਬਾਰਿਕ ਮੂਖਹਿ ਖੀਰ। ੧।**
**ਜੈਸੇ ਰਣ ਮਹਿ ਸਖਾ ਭ੍ਰਾਤ।**
**ਜੈਸੇ ਭੂਖੇ ਭੋਜਨ ਮਾਤ।**
**(ਮਾਲੀ ਗਉੜੀ ਮਹਲਾ ੫, ਪੰਨਾ ੯੮੭)**

## ਕਰਤਾ

ਕਰਤਾ, ਉਹ ਸਾਜਣ ਵਾਲਾ ਹੈ, ਸਿਰਜਣ ਵਾਲਾ ਹੈ, 'ਕਰਤਾਰ' ਵੀ ਇਸੇ ਲਈ ਕਿਹਾ ਜਾਂਦਾ ਹੈ । ਗੁਰੂ ਨਾਨਕ ਸਾਹਿਬ ਨੇ 'ਤੂੰ ਕਰਣਹਾਰ ਕਰਤਾਰ' ਆਸਾ ਰਾਗ ਵਿਚ ਵਰਤਿਆ ਹੈ ।

ਉਹ ਨਿਰਾ ਨਿਰੰਜਨ ਨਹੀਂ, ਉਸ ਦੀ ਹੋਂਦ ਦਾ ਅਹਿਸਾਸ ਹਰ ਸਮੇਂ ਹੁੰਦਾ ਹੈ ਕਿਉਂਕਿ ਕਰਨ ਵਾਲੇ ਦੀ ਹੋਂਦ ਪ੍ਰਗਟ ਰਹਿੰਦੀ ਹੈ ।

ਕਰਤਾ ਵੀ ਦੋ ਪ੍ਰਕਾਰ ਦੇ ਹਨ । ਪਦਾਰਥ ਤੋਂ ਕੁਝ ਘੜ੍ਹਨਾ ਜਿਵੇਂ ਘੁਮਿਆਰ ਮਿੱਟੀ ਤੋਂ ਘੜਾ ਬਣਾ ਲੈਂਦਾ ਹੈ । ਦੂਜਾ ਹੈ, ਆਪਣੇ ਆਪ ਤੋਂ ਬਣਾਉਣਾ । ਜਿਵੇਂ ਡੈਰ ਆਪਣੇ ਆਪ ਤੋਂ ਜਾਲਾ ਕੱਢ ਲੈਂਦਾ ਹੈ । ਫਿਰ ਇਕ ਉਹ ਕਰਤੇ ਹਨ ਜੋ ਸਾਜ ਕੇ ਵਿਚ ਨਹੀਂ ਰਹਿ ਸਕਦੇ, ਜਿਵੇਂ ਰਾਜ ਅਤੇ ਤਰਖਾਣ, ਪਰ ਡੈਰ ਆਪ ਹੀ ਜਾਲ ਰਚ ਕੇ ਆਪ ਵਿਚ ਟਿਕ ਜਾਂਦਾ ਹੈ ਅਤੇ ਜਾਲ ਤੇ ਕਬਜ਼ਾ ਰੱਖਦਾ ਹੈ । ਐਸੇ ਕਰਤਾ ਨੂੰ ਗੁਰੂ ਨਾਨਕ ਜੀ ਨੇ 'ਕਾਦਿਰ ਕਰਤਾ' ਕਿਹਾ ਹੈ । 'ਕੁਦਰਤਿ ਕਰਕੇ ਵਸਿਆ ਸੋਇ ।' 'ਸਭ ਤੇਰੀ ਕੁਦਰਤ ਤੂੰ ਕਾਦਰ ਕਰਤਾ, ਪਾਕੀ ਨਾਈ ਪਾਕ ।'

ਪ੍ਰਭੂ ਨੂੰ ਕਰਤਾ ਕਹਿਣ ਦਾ ਭਾਵ ਹੈ ਕਿ ਇਹ ਪ੍ਰਤੱਖ ਹੋ ਜਾਏ ਕਿ ਸਿੱਖ ਦਰਸ਼ਨ ਦਾ ਪ੍ਰਮਾਤਮਾ ਯੋਗ ਦਰਸ਼ਨ ਵਾਲਾ ਨਹੀਂ, ਜੋ ਜਗਤ ਦਾ ਕਰਤਾ ਨਹੀਂ, ਸਿੱਖੀ ਵਿਚ ਉਹ ਕਰਤਾ ਹੈ, ਦਾਤਾ ਕਰਤਾ ਵਾਲਾ, ਕੰਮ ਕਰ ਰਿਹਾ ਹੈ । ਇਸ ਤਰ੍ਹਾਂ ਉਹ ਆਪ 'ਸ਼ਿਵ ਕਰਤਾ ਹੈ, ਓਪਤਾ ਕਰਤਾ, ਪਰਲਓ ਕਰਤਾ' ਹੈ । ਇਹ ਗੁਰੂ ਅਰਜਨ ਪਾਤਸ਼ਾਹ ਦਾ ਫ਼ਰਮਾਨ ਹੈ । ਸੋ ਸਿੱਖ ਦਰਸ਼ਨ ਦਾ ਸਾਰਾ ਜ਼ੋਰ ਹੈ ਕਿ ਉਸ ਦੇ ਪਦਾਰਥਾਂ ਪਿਛੇ ਜੀਵ ਨਾ ਭਟਕੇ, ਕਰਤੇ ਨੂੰ ਚੇਤੇ ਰਖੇ । ਦੁੱਖ ਉਸ ਸਮੇਂ ਹੀ ਆਉਂਦਾ ਹੈ ਜਦ ਕੀਤੇ ਦੀ ਸਾਲਾਹ ਸ਼ੁਰੂ ਹੋ ਜਾਂਦੀ ਹੈ । 'ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ', ਗੁਰੂ ਅੰਗਦ ਦੇਵ ਜੀ ਦਾ ਹੁਕਮ ਹੈ ।

ਸੋ ਕਰਤਾ ਕਹਿ ਕੇ ਗੁਰੂ ਜੀ ਨੇ ਜੀਵਾਂ ਦੀ ਦ੍ਰਿਸ਼ਟੀ ਕ੍ਰਿਤ ਤੋਂ ਉੱਠਾ ਕੇ ਉੱਚੀ ਕਰ ਦਿੱਤੀ । ਧੋਖੇ ਤੋਂ ਬਚਾ ਲਿਆ । ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ, 'ਕਰਤਾ ਪੁਰਖ ਨ ਸੇਵਿਓ, ਕੀਤੇ ਨੂੰ ਕਰਤਾ ਕਰ ਜਾਣੇ ।' ਭੁਲੇਖੇ ਅਤੇ ਭਟਕਣਾ ਵਿਚ ਉਹ ਹੀ ਪੈਂਦਾ ਹੈ ਜੋ ਕੀਤੇ ਪਿਛੇ ਨੱਸਦਾ ਹੈ ।

## ਪੁਰਖੁ

**ਪੁਰਖੁ** ਦੇ ਅਰਥ ਵਿਆਪਕ ਆਤਮਾ ਹੈ । ਗੁਰੂ ਰਾਮ ਦਾਸ ਜੀ ਨੇ ਪੁਰਖ ਨੂੰ ਵਿਆਪਕ ਆਤਮਾ ਲਈ ਹੀ ਵਰਤਿਆ ਹੈ । 'ਪੁਰਖੇ ਪੁਰਖ ਮਿਲਿਆ, ਗੁਰੂ ਪਾਇਆ ।' ਜਦ ਗੁਰੂ ਪਾਇਆ ਤਾਂ ਆਤਮਾ ਪ੍ਰਮਾਤਮਾ ਨੂੰ ਮਿਲ ਗਈ ।

ਗੁਰੂ ਰਾਮ ਦਾਸ ਜੀ ਨੇ 'ਸੋ ਪੁਰਖੁ' ਸਿਰਲੇਖ ਵਾਲੀ ਬਾਣੀ ਵਿਚ ਫ਼ਰਮਾਇਆ ਹੈ, 'ਤੂੰ ਘਟ-ਘਟ ਅੰਤਰਿ ਸਰਬ ਨਿਰੰਤਰਿ ਜੀ, ਹਰਿ ਏਕੋ ਪੁਰਖੁ ਸਮਾਣਾ ।' 'ਸੋ ਪੁਰਖੁ' ਦੇ ਅਰਥ ਫ਼ਲਸਫ਼ੇ ਦੀ ਬੋਲੀ ਵਿਚ ਨਿਅੰਤ੍ਰਿਨ (ਕੰਟਰੋਲਰ) ਅਤੇ ਅਨੰਦ ਮਾਣਨ ਵਾਲਾ ਕੀਤੇ ਜਾਂਦੇ ਹਨ । ਇਸ ਲਈ ਕਈ ਪੁਰਖ ਤੋਂ ਹੀ ਦੋ ਹੋਰ ਪਦ ਬਣਾਂਦੇ ਹਨ ਪੁਰਖ ਤੇ ਪੁਰਖਾਸ਼

ਜਿਨ੍ਹਾਂ ਦਾ ਭਾਵ ਅਰਥ ਹੈ, ਬਲਵਾਨਤਾ, ਸ਼ਕਤੀਆਂ ਦਾ ਮਾਲਕ ਅਤੇ ਉਦਮ । 'ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ', ਇਸੇ ਸੰਬੰਧ ਵਿਚ ਕਿਹਾ ਗਿਆ ਹੈ । ਗੁਰੂ ਰਾਮ ਦਾਸ ਜੀ ਨੇ 'ਸੋ ਪੁਰਖ' ਸਿਰਲੇਖ ਹੇਠਾਂ ਸ਼ਬਦ ਉਚਾਰ ਕੇ ਇਸ 'ਪੁਰਖ' ਦੀ ਸਵਿਸਥਾਰ ਵਿਆਖਿਆ ਕੀਤੀ ਹੈ । ਭਾਈ ਗੁਰਦਾਸ ਜੀ ਨੇ ਵੀ 'ਪੁਰਖ' ਨੂੰ ਕਰਤਾ ਨਾਲੋਂ ਵੱਖ ਲਿਆ ਹੈ, ਅਰਥ 'ਨੀਸਾਣ ਅਪਾਰ' ਕੀਤੇ ਹਨ ।

ਪੁਰਖ ਦਾ ਆਮ ਅਰਥ 'ਨਰ' ਵੀ ਹੈ । ਭਾਵੇਂ ਪ੍ਰਭੂ ਵਿਚ ਲਿੰਗ-ਭੇਦ ਨਹੀਂ ਹੈ, ਪਰ ਇਥੇ 'ਪੁਰਖ' ਪਾ ਕੇ ਉਸ ਨੂੰ ਸ਼ਕਤੀਆਂ ਦਾ ਮਾਲਕ ਦਰਸਾਇਆ ਹੈ । ਬਾਕੀ ਸਾਰਾ ਜਗਤ 'ਨਾਰ' ਹੈ । 'ਏਕਾ ਪੁਰਖ ਸਬਾਈ ਨਾਰ', ਲਿਖਣ ਦਾ ਵੀ ਭਾਵ ਇਹ ਹੀ ਸੀ ਕਿ ਸ੍ਰਿਸ਼ਟੀ ਵਿਚ ਜਿਨਸੀ ਭੇਦ ਮੁੱਕ ਜਾਏ । 'ਮਰਦ-ਇਸਤਰੀ' ਦੀ ਊਚ-ਨੀਚ ਹੀ ਕਈ ਬੁਰਾਈਆਂ ਦੀ ਜੜ੍ਹ ਬਣੀ ਹੈ, ਰਹੀ ਹੈ । ਪੁਰਖ ਪਾਉਣ ਨਾਲੋਂ ਉਹ ਵੀ ਮੇਟ ਦਿੱਤੀ ।

## ਨਿਰਭਉ

**ਨਿਰਭਉ** ਦੇ ਸਾਧਾਰਣ ਤੌਰ ਤੇ ਕੀਤੇ ਜਾਂਦੇ ਅਰਥ **ਡਰ ਬਿਨਾ** ਹਨ ਪਰ ਜ਼ਰਾ ਗਹੁ ਨਾਲ ਤਕੀਏ ਤਾਂ ਇਹ ਅਰਥ ਇਸ ਪ੍ਰਸੰਗ ਵਿਚ ਨਹੀਂ ਜਚਣਗੇ । ਜੇ ਉਸ ਨੂੰ ਡਰ ਬਿਨਾਂ ਮਿਥ ਲਈਏ ਤਾਂ ਇਹ ਪ੍ਰਗਟ ਹੋਇਆ ਕਿ ਉਸ ਤੋਂ ਇਲਾਵਾ ਕੋਈ ਡਰ ਵੀ ਹੈ । ਪਰ ਉਸੇ ਨੂੰ ਕਰਤਾ ਤੇ ਪੁਰਖ ਆਖ ਆਏ ਹਾਂ । ਉਹ ਸਭ ਸ਼ਕਤੀਆਂ ਦਾ ਮਾਲਕ ਹੈ । ਇਸ ਦੇ ਅਰਥ ਕਿਧਰੇ ਹੋਰ ਦੇਖਣੇ ਪੈਣਗੇ । ਭਉ ਦੇ ਅਰਥ ਮਰਿਆਦਾ, ਪਾਬੰਦੀ ਜਾਂ ਡਿਸਪਲਿਨ ਵੀ ਕੀਤੇ ਜਾਂਦੇ ਹਨ । ਹੁਣ ਜਦ ਨਿਰਭਉ ਆਖਾਂਗੇ ਤਾਂ ਇਸ ਦਾ ਅਰਥ ਹੈ : ਉਸ ਤੇ ਕਿਸੇ ਦੀ ਮਰਿਆਦਾ ਲਾਗੂ ਨਹੀਂ । ਉਸ ਦਾ ਆਪਣੇ ਆਪ ਤੇ ਨਿਅੰਤਰਣ ਹੈ । ਬਾਕੀ ਸਭ ਕਿਸੇ ਨ ਕਿਸੇ ਬੰਦਸ਼ ਵਿਚ ਹਨ ।

**'ਸਗਲਿਆ ਭਉ ਲਿਖਿਆ ਸਿਰਿ ਲੇਖੁ ।**
**ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ।'** (ਆਸਾ ਦੀ ਵਾਰ)

'ਤਿਸ ਤੇ ਉਪਰ ਨਾਹੀ ਕੋਇ', ਗੁਰੂ ਅਮਰਦਾਸ ਜੀ ਦਾ ਫ਼ਰਮਾਨ ਹੈ । ਸੋ ਠੀਕ, ਅਰਥ ਹਨ : ਉਹ ਮਰਿਆਦਾ ਰਹਿਤ ਹੈ, ਉਸ ਦੀ ਆਪਣੀ ਮਰਿਆਦਾ ਹੈ । ਭਾਈ ਗੁਰਦਾਸ ਜੀ ਨੇ ਵੀ ਨਿਰਭਉ ਦੇ ਅਰਥ 'ਡਰ ਰਹਿਤ' ਨ ਕਰਕੇ 'ਜੈ ਕਾਰ' ਕੀਤੇ ਹਨ ।

## ਨਿਰਵੈਰੁ

**ਨਿਰਵੈਰੁ,** ਉਸ ਵਿਚ ਸਜ਼ਾ ਦੀ ਭਾਵਨਾ ਨਹੀਂ । ਅਰਥ ਕਰਨ ਵੇਲੇ 'ਵੈਰ ਰਹਿਤ' ਕਹਿ ਕੇ ਇਹ ਹੀ ਗ਼ਲਤੀ ਖਾਈ ਜਾਂਦੀ ਹੈ ਜੋ 'ਡਰ ਰਹਿਤ' ਆਖ ਕੇ ਖਾਧੀ ਸੀ । ਜੇ ਇਹ ਮੰਨ ਲਈਏ ਕਿ ਉਹ ਵੈਰ ਰਹਿਤ ਹੈ ਤਾਂ ਇਹ ਭਾਵ ਨਿਕਲਿਆ ਕਿ ਉਸ ਤੋਂ ਇਲਾਵਾ ਕੋਈ ਹੋਰ ਵੈਰ ਹੈ । ਇਥੇ ਨਿਰਵੈਰੁ ਆਖ ਕੇ ਪ੍ਰਭੂ ਦਾ ਇਕ ਹੋਰ ਪੱਖ ਦਰਸਾਇਆ ਹੈ ਕਿ ਉਸ ਵਿਚ ਸਜ਼ਾ ਦੀ ਭਾਵਨਾ ਨਹੀਂ । ਉਹ ਮਿਹਰਬਾਨ ਹੈ । 'ਮਿਹਰਬਾਨ ਸਾਹਿਬੁ ਮੇਰਾ ਮਿਹਰਬਾਨ' ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ ।

ਉਸ ਦੀ ਸ਼ੱਖਸੀਅਤ ਵਿਚ ਅੰਤਰ ਵਿਰੋਧੀ ਕੋਈ ਗੱਲ ਨਹੀਂ । ਉਹ ਇਕ ਰਸ ਹੈ, ਇਕ ਸੁਰ ਹੈ ।

ਜੇ ਉਸ ਨੂੰ ਬਦਲੇ ਲੈਣ ਵਾਲਾ ਜਬਾਰ, ਕਹਾਰ ਮੰਨ ਲਈਏ ਤਾਂ ਨਿਰਾਸਤਾ ਵਧੇਗੀ। ਸਖ਼ਤੀ ਕਰਨ ਵਾਲੇ ਨਾਲ ਵਿਥ ਵੱਧਦੀ ਹੈ। ਨਿਰਵੈਰ ਆਖ ਕੇ ਉਸ ਨੂੰ ਸਖ਼ਤੀ ਕਰਨ ਵਾਲੇ ਤੋਂ ਉੱਚਾ ਦੱਸਿਆ ਹੈ। ਗੁਰੂ ਨਾਨਕ ਦੇਵ ਜੀ ਨੇ ਪ੍ਰਭਾਤੀ ਰਾਗ ਵਿਚ ਦੱਸਿਆ ਹੈ:

**'ਆਪੇ ਪ੍ਰੀਤਿ, ਪ੍ਰੇਮ ਪਰਮੇਸੁਰੁ, ਕਰਮੀ ਮਿਲੈ ਵਡਾਈ।**

**(ਗੁਰੂ ਗ੍ਰੰਥ ਸਾਹਿਬ, ਪੰਨਾ ੧੩੩੦)**

## ਅਕਾਲ

**ਅਕਾਲ** ਦਾ ਭਾਵ ਹੈ ਕਿ ਉਹ ਸਮੇਂ ਦੀ ਬੰਦਸ਼ ਵਿਚ ਨਹੀਂ। ਸਮੇਂ ਪਿੱਛੋਂ ਹਰ ਵਸਤੂ ਖੁਰ ਜਾਂਦੀ ਹੈ, ਪਰ ਉਹ ਮੁੱਕਣ ਵਾਲਾ ਨਹੀਂ। ਭੂਤ, ਵਰਤਮਾਨ ਤੇ ਭਵਿੱਖ ਵਾਲੀ ਗੱਲ ਉਸ ਤੇ ਲਾਗੂ ਨਹੀਂ ਹੁੰਦੀ। ਉਹ ਸਤਿ, ਸ੍ਰੀ ਅਕਾਲ ਹੈ। ਆਖ਼ਰੀ ਸਚਾਈ, ਸਿਰਫ਼ ਸਾਹਿਬ ਅਕਾਲ ਹੈ। ਉਸ ਦਾ ਰੂਪ ਕਦੇ ਢਲੇਗਾ ਨਹੀਂ। ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ: "ਤੂੰ ਅਕਾਲ ਪੁਰਖ, ਨਾਹੀ ਸਿਰਿ ਕਾਲਾ।" ਜਿਸ ਦਾ ਆਦਿ ਹੋਵੇ, ਉਸ ਦਾ ਅੰਤ ਅਵੱਸ਼ ਹੈ। ਸਿਰਫ਼ ਉਹ ਇਕ ਹੈ, ਜਿਸ ਦਾ ਨ ਆਦਿ ਹੈ ਅਤੇ ਨ ਅੰਤ। ਉਹ ਦੋਵਾਂ ਸਿਰਿਆਂ ਤੋਂ 'ਕਾਲ ਸੁਤੰਤਰ' ਹੈ।

## ਮੂਰਤਿ

**ਮੂਰਤਿ** ਦਾ ਭਾਵ ਹੈ, ਉਸ ਦੀ ਹੋਂਦ ਹੈ। ਅਕਾਲ ਕਹਿਣ ਨਾਲ ਇਕ ਸ਼ੰਕਾ ਉਪਜ ਖੜ੍ਹੀ ਹੋਈ ਸੀ ਕਿ ਜਦ ਉਹ ਕਾਲ ਦੀ ਪਕੜ ਵਿਚ ਨਹੀਂ ਤਾਂ ਉਹ ਹੋ ਹੀ ਨਹੀਂ ਸਕਦਾ। ਜੋ ਮੂਰਤਿ ਲਿਖ ਕੇ ਉਸ ਦਾ ਇਕ ਹੋਰ ਲਖਣ ਆ ਦੱਸਿਆ ਹੈ ਕਿ ਹਾਜ਼ਰ-ਹਜ਼ੂਰ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਉਸਤਤ ਵਿਚ ਇਸ ਅੜੌਣੀ ਨੂੰ ਖੋਲ੍ਹਿਆ ਹੈ। ਉਹਨਾਂ ਦਾ ਫ਼ਰਮਾਨ ਹੈ:

**ਅਕਾਲ ਰਹਤ,**
**ਅਨਕਾਲ ਸਰੂਪਾ।**

ਉਹ ਕਾਲ ਰਹਿਤ ਹੈ, ਕਾਲ ਤੋਂ ਪਰ੍ਹੇ ਹੈ ਪਰ ਉਸ ਦਾ ਸਰੂਪ ਹੈ, ਹਸਤੀ ਵਾਲਾ ਹੈ, ਹੋਂਦ ਰੱਖਦਾ ਹੈ। ਕਈ ਅਕਾਲ ਤੇ ਮੂਰਤਿ ਨੂੰ ਇਕੱਠਾ ਪੜ੍ਹਦੇ ਹਨ। ਇਹ ਜਚਦਾ ਨਹੀਂ। ਅਕਾਲ ਦਾ ਆਪਣਾ ਭਾਵ ਹੈ, ਜੋ ਅਸੀਂ ਰੋਜ਼ 'ਸਤਿ ਸ੍ਰੀ ਅਕਾਲ' ਆਖ ਕੇ ਪ੍ਰਗਟਾਉਂਦੇ ਹਾਂ। ਜੇ ਇਕੱਠਿਆਂ ਪੜ੍ਹਿਆ ਜਾਏ ਤਾਂ ਅਰਥ ਹੋਵੇਗਾ: ਸਮੇਂ ਦੀ ਬੰਦਸ਼ ਤੋਂ ਰਹਿਤ, ਸਾਕਾਰ ਰੂਪ ਜੋ ਸਮੇਂ ਦੀ ਬੰਦਸ਼ ਵਿਚ ਨਹੀਂ, ਉਹ ਪ੍ਰਤੱਖ ਕਿਵੇਂ ਹੋਇਆ। ਉਸ ਨੂੰ ਦਰਸਾਉਣ ਲਈ ਹੀ ਮੂਰਤਿ ਲਿਖਿਆ ਹੈ। ਮੂਰਤਿ ਦੇ ਅਰਥ ਹਨ ਜੋ ਗੁਰੂ ਨਾਨਕ ਦੇਵ ਜੀ ਨੇ ਸੋਹਲਾ ਦੇ ਸਿਰਲੇਖ ਵਾਲੀ ਬਾਣੀ ਦੇ ਸ਼ਬਦਾਂ 'ਗਗਨ ਮਹਿ ਥਾਲੁ' ਵਿਚ ਆਪੂੰ ਕੀਤੇ ਹਨ। ਉਸ ਸ਼ਬਦ ਦੀ ਤੁੱਕ ਹੈ 'ਸਹਸ ਮੂਰਤਿ ਨਨਾ ਏਕ ਤੋਹੀ।' ਹਜ਼ਾਰਾਂ ਉਸ ਦੇ ਸਰੂਪ ਹਨ, ਪਰ ਇਕ ਵੀ ਨਹੀਂ। ਜਾਤਿ ਮੰਹਿ ਜੋਤਿ ਹੈ। ਉਸ ਦੀ ਜੋਤ ਹਰ ਇਕ ਵਿਚ ਵੇਖੀ ਜਾ ਸਕਦੀ ਹੈ। ਬਾਹਰ ਭੌਜਣ, ਭਾਲਣ ਤੇ ਭਟਕਣ ਦੀ ਲੋੜ ਨਹੀਂ। 'ਮੂਰਤਿ' ਇਸ ਗੱਲ ਦਾ ਲਖਾਇਕ ਹੈ।

ਭਾਈ ਗੁਰਦਾਸ ਜੀ ਨੇ ਵੀ 'ਮੂਰਤਿ' ਦੇ ਅਰਥ 'ਹੋਂਦ' ਸੱਚ ਕੀਤੇ ਹਨ।

## ਅਜੂਨੀ

**ਅਜੂਨੀ**, ਜੋ ਜਨਮ ਰਹਿਤ ਹੈ, ਜਿਸ ਦੀ ਹੋਂਦ ਦਾ ਕੋਈ ਕਾਰਣ ਨਹੀਂ । ਉਹ ਆਪ ਕਾਰਨਾਂ ਦਾ ਕਾਰਨ ਹੈ ।

ਅਜੂਨੀ ਲਿਖ ਕੇ ਮੂਲ-ਮੰਤਰ ਵਿਚ ਅਵਤਾਰਵਾਦ ਦੀ ਪ੍ਰਪਾਟੀ ਤੇ ਵੀ ਸੱਟ ਮਾਰੀ ਹੈ । ਜਦ ਉਹ ਜਨਮ ਰਹਿਤ ਹੈ ਤਾਂ ਉਸ ਦੇ ਕਿਸੇ ਵੀ ਪ੍ਰਸਿਥਿਤੀ ਵਿਚ ਭਾਵੇਂ ਕੈਸਾ ਸੰਕਟ ਹੋਵੇ, ਜਨਮ ਲੈਣਾ ਅਸੰਭਵ ਹੈ । ਗੀਤਾ ਦਾ ਸਿਧਾਂਤ ਕਿ 'ਜਦ ਧਰਮ ਦੀ ਗਲਾਨੀ ਹੁੰਦੀ ਹੈ ਮੈਂ (ਪ੍ਰਭੂ) ਜਨਮ ਲੈਂਦਾ ਹਾਂ', ਸਿੱਖ ਆਸ਼ੇ ਦੇ ਅਨੁਕੂਲ ਨਹੀਂ । ਅਜੂਨੀ ਲਿਖ ਕੇ ਭਗਤੀ ਮਾਰਗ ਨਾਲੋਂ ਵੀ ਗੁਰੂ ਨਾਨਕ ਦਾ ਧਰਮ ਵੱਖ ਹੋ ਗਿਆ ।

ਭਗਤੀ ਮਾਰਗ ਵਾਲਿਆਂ ਤਿੰਨ ਦੇਵਤੇ ਮੰਨੇਂ ਹਨ, ਇਨ੍ਹਾਂ ਤਿੰਨਾਂ ਵਿਚ ਇਕ ਵਿਸ਼ਨੂੰ ਹੈ, ਜੋ ਜਦ ਵੀ ਧਰਮ ਦੀ ਗਲਾਨੀ ਹੁੰਦੀ ਹੈ, ਜਨਮ ਲੈਂਦਾ ਹੈ । ਇਸ ਤਰ੍ਹਾਂ ਉਹ ੨੪ ਵਾਰੀ ਆਏ ਤੇ ਉਨ੍ਹਾਂ ਵਿਚੋਂ ਕਿਸੇ ਇਕ ਦੀ ਪੂਜਾ ਕਰਨੀ ਭਗਤੀ ਹੈ । ਅਵਤਾਰਵਾਦ ਹੀ ਭਗਤੀ ਦਾ ਪਹਿਲਾ ਮੁੱਢ ਸਿਧਾਂਤ ਹੈ । ਗੁਰੂ ਪਾਤਸ਼ਾਹ ਉਸ ਨੂੰ ਅਜੂਨੀ ਕਹਿੰਦੇ ਹਨ, ਸੋ ਭਗਤੀ ਮਾਰਗ ਨਾਲੋਂ ਅੱਡ ਹੋ ਰਹੇ ਹਨ ।

ਗੁਰੂ ਅਮਰ ਦਾਸ ਜੀ ਨੇ ਸਿੱਖ ਦੀ ਭਗਤੀ ਨੂੰ ਨਿਰਾਲੀ ਕਿਹਾ ਹੈ । ਨਿਰਾਲੀ ਇਸ ਕਾਰਨ ਕਿ ਇਥੇ ਕਿਸੇ ਅਵਤਾਰ ਦੀ ਪੂਜਾ ਨਹੀਂ । ਕੇਵਲ ਅਲਾਹ ਦੀ ਯਾਦ ਨੂੰ ਪਕਾਉਣਾ ਹੈ । 'ਭਗਤਿ ਨਿਰਾਲੀ ਅਲਾਹ ਦੀ, ਜਾਪੈ ਗੁਰ ਵੀਚਾਰਿ' ।

SIKHBOOKCLUB.COM

## ਸੈਭੰ

**ਸੈਭੰ**; ਉਹ ਆਪਣੇ ਆਪ ਹੋਇਆ ਹੈ, ਆਪਣੇ ਆਪ ਹੀ ਪ੍ਰਕਾਸ਼ ਸਰੂਪ ਹੈ । ਚੇਤਨ ਸਰੂਪ ਹੈ, ਸਰਬ ਕਲਾ ਸੰਪੂਰਨ ਹੈ । ਸੁਤੇ ਸਿਧ ਦੀ ਆਪਣੀ ਚੇਤਨਾ ਹੈ । ਕਿਸੇ ਹੋਰ ਆਧਾਰ ਤੇ ਨਹੀਂ । ਉਹ ਨੂਰ ਹੈ, ਜੋਤ ਨੂੰ ਉਸ ਜੋਤ ਵਿਚ ਰਲਾਉਣਾ ਹੈ । ਉਸ ਦਾ ਪ੍ਰਕਾਸ਼ ਅਨੁਭਵ ਕਰਨਾ ਹੈ । ਸਰੀਰਕ ਕਿਰਿਆਵਾਂ, ਕਰਮ ਕਾਂਡ ਉਸ ਦੇ ਪ੍ਰਕਾਸ਼ ਨੂੰ ਨਹੀਂ ਪਾ ਸਕਦੀਆਂ । ਭਾਈ ਗੁਰਦਾਸ ਜੀ ਨੇ ਵਾਰ ਤੀਜੀ, ਪਉੜੀ ਪੰਦਰ੍ਹਵੀਂ ਵਿਚ ਇਸ ਮੂਲ-ਮੰਤਰ ਦੀ ਵਿਆਖਿਆ ਕਰਦੇ 'ਸਚ ਨਿਸਾਣ ਅਧਾਰ ਜੋਤਿ ਉਜਾਲਿਆ', ਲਿਖਿਆ ਹੈ । ਉਜਾਲਾ ਕਰਨ ਵਾਲੀ ਜੋਤ ਹੈ । ਗੁਰੂ ਨਾਨਕ ਜੀ ਨੇ ਤੁਖਾਰੀ ਰਾਗ ਵਿਚ ਇਸ ਜੋਤ ਨੂੰ ਉਸ ਜੋਤ ਵਿਚ ਰਲਾਉਣ ਲਈ ਕਿਹਾ ਹੈ :

> **"ਜੋਤੀ ਅੰਦਰਿ ਜੋਤਿ ਸਮਾਣੀ,**
> **ਆਪੁ ਪਛਾਤਾ ਆਪੈ ।"**

ਸੈਭੰ ਦਾ ਇਕ ਭਾਵ 'ਆਪੂੰ ਮਾਲਕ ਆਪ' ਵੀ ਹੈ । ਸਿੱਖ ਧਰਮ ਸੈਭੰ (Sovereign) ਹੈ ।

## ਗੁਰ

**ਗੁਰ** ਦੇ ਅਰਥ 'ਅੰਧੇਰਾ ਦੂਰ' ਕਰਨ ਵਾਲਾ ਹੈ । ਉਸ ਦੀਆਂ ਸੱਭ ਉਪਮਾਵਾਂ ਤੇ ਜੋਤ ਦਾ ਪ੍ਰਕਾਸ਼ ਗੁਰੂ ਹੀ ਹੈ, 'ਸਤਿਗੁਰੁ ਵਿਚ ਆਪਿ ਰਖਿਓਨੁ', ਕਰਿ ਪਰਗਟ ਆਖਿ

ਸੁਣਾਇਆ' । ਉਸ ਨੇ ਆਪਣੀ ਜੋਤ ਸਤਿਗੁਰੂ ਵਿਚ ਰੱਖੀ । ਇਹ ਗੱਲ ਗੁਰੂ ਨਾਨਕ ਜੀ ਨੇ ਉੱਚੀ ਅਵਾਜ਼ ਨਾਲ ਪ੍ਰਗਟ ਕੀਤੀ । 'ਗੁ' ਦੇ ਅਰਥ, ਅੰਧੇਰਾ, ਲਾਲਚ, ਸਰੀਰ, ਅਗਿਆਨਤਾ, ਅਸਥਿਰਤਾ ਵੀ ਕੀਤੇ ਜਾਂਦੇ ਹਨ । 'ਰੂ' ਦਾ ਭਾਵ ਪ੍ਰਕਾਸ਼ ਕਰਨ ਵਾਲਾ ਹੈ । ਇਨ੍ਹਾਂ ਪੰਜਾਂ ਨੂੰ ਦੂਰ ਕਰ ਕੇ ਰੌਸ਼ਨੀ ਦੇਣ ਵਾਲਾ ਗੁਰੂ ਹੈ :

**ਗ, ਤਮ, ਤਨ, ਅਗਿਆਨ ਅਨਿਤ ।**
**ਰੂ ਪ੍ਰਕਾਸ਼ ਕੀਉ ਜਿਨ ਚਿਤ ।**

ਇਸ ਤੋਂ ਪਹਿਲਾਂ ਵਾਹਿ ਹੀ ਲੱਗਾ ਕਿ ਵਾਹਿ ਗੁਰੂ ਬਣਿਆ ।

**ਵਾਹ ਨਾਮ ਅਚਰਜ ਕੋ ਹੋਈ ।**
**ਅਚਰਜ ਤੇ ਪਰ ਉਕਤ ਨ ਕੋਈ ।**

ਸੋ ਗੁਰੂ ਕੋਈ ਸਰੀਰ ਨਹੀਂ । ਗੁਰੂ ਜੋਤ ਜਾਂ ਸ਼ਬਦ ਹੈ । ਸ਼ਬਦ ਦੀ ਸ਼ਕਤੀ ਨਾਲ ਹੀ ਮਨੁੱਖ ਪੰਜਾਂ ਤੋਂ ਛੁਟਕਾਰਾ ਪਾ ਸਕੇਗਾ । ਵਾਹਿਗੁਰੂ ਬਾਰੇ ਗੁਰੂ ਨਾਨਕ ਦੇਵ ਜੀ ਦਾ ਇਹ ਕਹਿਣਾ ਕਿ ਪ੍ਰਭੂ ਇਕ ਐਸੇ ਸੋਹਣੇ ਭਵਨ ਵਾਂਗ ਹੈ, ਜਿਸ ਵਿਚ ਮਾਣਕ ਤੇ ਲਾਲ ਲੱਗੇ ਹੋਏ ਹਨ । ਅਨੰਦ ਦੇਣ ਵਾਲੇ ਮੋਤੀ ਤੇ ਸੁਥਰੇ ਹੀਰੇ, ਸੋਨੇ ਦੇ ਕਿਲ੍ਹੇ ਵਿਚ ਜੜੇ ਹੋਏ ਹਨ । ਇਸ ਕਿਲ੍ਹੇ ਤੇ ਬਗੈਰ ਪਉੜੀ ਤੇ ਕਿਵੇਂ ਚੜ੍ਹਿਆ ਜਾ ਸਕਦਾ ਹੈ । ਗੁਰੂ ਹੀ ਪਉੜੀ ਹੈ, ਜਿਸ ਰਾਹੀਂ ਚੜ੍ਹ ਤੁਸੀਂ ਉਸ ਵਾਹਿਗੁਰੂ ਦਾ ਜਲਵਾ ਲੈ ਸਕਦੇ ਹੋ । **ਗੁਰੂ ਸ਼ਬਦ ਬਖ਼ਸ਼ਦਾ ਹੈ ਜਿਸ ਰਾਹੀਂ ਧਿਆਨ ਹਰੀ ਤੇ ਨਿਰੰਤਰ ਟਿੱਕ ਜਾਂਦਾ ਹੈ :**

SIKHBOOKCLUB.COM

**ਪ੍ਰਭੁ ਹਰਿਮੰਦਰੁ ਸੋਹਣਾ**
**ਤਿਸੁ ਮਹਿ ਮਾਣਕ ਲਾਲ।**
**ਮੋਤੀ ਹੀਰਾ ਨਿਰਮਲਾ,**
**ਕੰਚਨ ਕੋਟ ਰੀਸਾਲ ।**
**ਬਿਨੁ ਪਉੜੀ ਗੜਿ ਕਿਉ ਚੜਉ**
**ਗੁਰ ਹਰਿ ਧਿਆਨ ਨਿਹਾਲ।** (ਸਿਰੀ ਰਾਗ ਮਹਲਾ ੧, ਪੰਨਾ ੧੭)

ਬਸ ਗੁਰੂ ਸ਼ਬਦ ਹੀ ਪਉੜੀ ਹੈ, ਵਾਹਿਗੁਰੂ ਦਾ ਸਹੀ ਨਜ਼ਾਰਾ ਲੈਣ ਲਈ, ਸ਼ਬਦ ਹੀ ਬੇੜੀ ਹੈ, ਇਸ ਭਵ ਸਾਗਰ ਤੋਂ ਪਾਰ ਉਤਰਨ ਲਈ । ਗੁਰੂ ਸ਼ਬਦ ਹੀ 'ਤੁਲਹਾ' ਹੈ ਜੋ ਅੰਦਰੋਂ ਸਹਾਇਤਾ ਕਰਦਾ ਹੈ ਤੇ ਗੁਰੂ ਹੀ ਜਹਾਜ਼ ਹੈ, ਜੋ ਤੂਫ਼ਾਨਾਂ ਤੋਂ ਬਚਾਂਦਾ ਹੈ । ਸਹੀ ਗੱਲ ਤਾਂ ਇਹ ਹੈ ਕਿ ਇਹ ਸ਼ਬਦ ਹੀ ਹੈ, ਜੋ ਦਰਿਆਵਾਂ ਕਿਨਾਰੇ ਬਣਿਆ ਤੀਰਥ ਹੈ, ਜੋ ਪਾਪ ਕਢੈ ਧੋਇ । ਬਾਹਰੋਂ ਅੰਦਰੋਂ ਮਦਦ ਕਰਦਾ ਹੈ, ਗੁਰੂ ਸ਼ਬਦ । ਜਦ ਅੰਤਲੇ ਸਲੋਕ ਵਿਚ 'ਪਵਨ ਗੁਰੂ' ਕਹਿੰਦੇ ਹਨ ਤਾਂ ਉਸ ਦਾ ਭਾਵ ਵੀ ਇਹ ਹੀ ਹੈ ਕਿ 'ਗੁਰੂ ਵਿਅਕਤੀ' ਨਹੀਂ, ਸ਼ਬਦ ਹੈ ਉਹ ਜਾਹਰ ਮੂਰਤ ਵਾਂਗ, ਪਰ ਸਮੇਂ (ਕਾਲ) ਦਾ ਅਸਰ ਉਸ ਤੇ ਨਹੀਂ ਹੈ ।

## ਪ੍ਰਸਾਦਿ

**ਪ੍ਰਸਾਦਿ** ਦੇ ਅਰਥ 'ਟਿੱਕ ਬੈਠਣਾ' ਹੈ । ਜਦੋਂ ਜਗਿਆਸੂ ਦੀ ਮਨ, ਬੁੱਧੀ ਵਿਚ ਤਮੋ ਦਾ ਹਨੇਰਾ ਤੇ ਰੱਜ ਦੀ ਭਟਕਣਾ ਮੁੱਕ ਜਾਂਦੀ ਹੈ ਤਾਂ ਉਸ ਦਾ ਚਿੱਤ ਸ਼ਾਂਤ ਹੋ ਜਾਂਦਾ ਹੈ । ਐਸੇ ਟਿਕੇ ਹੋਏ ਦਾ ਸੁਭਾਅ ਮਿਹਰ ਤੇ ਦਇਆ ਵਾਲਾ ਹੋ ਜਾਂਦਾ ਹੈ । ਪ੍ਰਸਾਦਿ ਦੇ ਹੋਰ

ਅਰਥ ਪ੍ਰਵਾਨ, ਸੱਚਾ, ਪ੍ਰਸੰਨ, ਕ੍ਰਿਪਾਲ ਤੇ ਦਿਆਲ ਵੀ ਹਨ । ਕ੍ਰਿਪਾ ਉਸੇ ਤੇ ਹੋਵੇਗੀ ਜੋ ਘਾਲ ਸਹਾਰੇ ਨ ਰਹਿ, ਕੇਵਲ ਉਸ ਦੀ ਮਿਹਰ ਵੱਲ ਦੇਖੇਗਾ । 'ਨਦਰਿ ਤੁਧੁ, ਅਰਦਾਸਿ ਮੇਰੀ ।' ਸਾਡੇ ਘਰ ਦੀ ਮਰਿਆਦਾ ਹੈ ਕਿ ਪ੍ਰਸਾਦਿ ਬੈਠ ਕੇ ਹੀ ਲੈਣਾ ਹੈ ।

**ਸੋ ਮੂਲ ਮੰਤਰ ਦੇ ਅਰਥ ਹੋਏ :**

ਉਹ ਇਕ ਹੈ, ਜੋ ਟੁੱਟ ਤੇ ਭੱਜ ਨਹੀਂ ਸਕਦਾ, ਉਹ ਹੈ ਤੇ ਲਗਾਤਾਰ ਹੈ ।

ਸਤਿ ਹੈ, ਇਸ ਲਈ ਦੁਨਿਆਵੀ ਨਾਮ ਕੋਈ ਨਹੀਂ, ਉਹ ਸਭ ਗੁਣਾਂ ਦਾ ਸਮੂਹ ਹੈ, ਸਿਰਜਨਹਾਰ ਹੈ ਤੇ ਸਭ ਸ਼ਕਤੀਆਂ ਦਾ ਪ੍ਰਤੀਕ ਹੈ । ਉਸ ਦੀ ਮਰਿਆਦਾ ਆਪਣੀ ਬਣਾਈ ਹੈ, ਉਸ ਤੇ ਕੋਈ ਸੰਜਮ-ਮਰਯਾਦਾ ਲਾਗੂ ਨਹੀਂ ਹੈ । ਉਸ ਨੇ ਆਪਣੀ ਮਰਯਾਦਾ ਆਪ ਘੜੀ ਹੈ ਅਤੇ ਉਹ ਮਿਹਰਬਾਨ ਹੈ, ਉਹ ਸਮੇਂ ਦੀ ਬੰਦਸ਼ ਵਿਚ ਨਹੀਂ, ਉਸ ਦੀ ਜੋਤ ਹਰ ਕਿਸੇ ਵਿਚ ਦੇਖੀ ਜਾ ਸਕਦੀ ਹੈ । ਹੈ ਉਹ ਜ਼ਾਹਰ ਮੂਰਤ ਵਾਂਗ, ਪਰ ਸਮੇਂ (ਕਾਲ) ਦਾ ਕੋਈ ਅਸਰ ਉਸ ਤੇ ਨਹੀਂ ਹੈ । ਉਹ ਜਨਮ ਰਹਿਤ ਹੈ । ਉਸ ਦਾ ਪ੍ਰਕਾਸ਼ ਸੁਤੇ-ਸਿੱਧ ਹੈ । ਇਨ੍ਹਾਂ ਰਹਸਾਂ ਦੀ ਸੋਝੀ ਗੁਰੂ ਪਾਸੋਂ ਮਿਲਦੀ ਹੈ ਅਤੇ ਜਦ ਗੁਰੂ ਪ੍ਰਾਪਤ ਹੋ ਜਾਂਦਾ ਹੈ ਤਾਂ ਭਟਕਣਾ ਮੁੱਕ ਜਾਂਦੀ ਹੈ ।

ਭਾਈ ਗੁਰਦਾਸ ਜੀ ਨੇ ਮੂਲ-ਮੰਤਰ ਦੇ ਭਾਵ ਨੂੰ ਆਪਣੀ ਤੀਜੀ ਵਾਰ ਦੀ ਪੰਦਰ੍ਹਵੀਂ ਪਉੜੀ ਵਿਚ ਇਸ ਪ੍ਰਕਾਰ ਖੋਲ੍ਹਿਆ ਹੈ :

**ਏਕਾ ਏਕੰਕਾਰੁ, ਲਿਖਿ ਦੇਖਾਲਿਆ ।**
**ਊੜਾ ਓਅੰਕਾਰੁ, ਪਾਸਿ ਬਹਾਲਿਆ ।**
**ਸਤਿ ਨਾਮੁ ਕਰਤਾਰ, ਨਿਰਭਉ ਭਾਲਿਆ ।**
**ਨਿਰਵੈਰਹੁ ਜੈਕਾਰੁ, ਅਜੂਨੀ ਅਕਾਲਿਆ ।**
**ਸਚੁ ਨੀਸਾਣੁ ਅਪਾਰੁ, ਜੋਤਿ ਉਜਾਲਿਆ ।**
**ਪੰਜ ਅੱਖਰ ਉਪਕਾਰ, ਨਾਮੁ ਸਮਾਲਿਆ ।**

ਜਦ ਭਾਈ ਜੀ 'ਨਉ ਅੰਗਿ ਸੁੰਨ ਸੁਮਾਰ ਸੰਗਿ ਨਿਰਾਲਿਆ', ਕਹਿੰਦੇ ਹਨ ਤਾਂ ਜਪੁ ਦਾ ਭਾਵ ਤੇ ਮੂਲ-ਮੰਤਰ ਦੀ ਵਡਿਆਈ ਨਾਲ ਦੇ ਜਾਂਦੇ ਹਨ ।

ਇਹ ਨੌਂ ਅੰਗ ਜਾਂ ਮੂਲ-ਮੰਤ੍ਰ ਜੋ ਗੁਰੂ ਜੀ ਨੇ ਬਖ਼ਸ਼ਿਆ ਹੈ, ਇਹ ਅਸਲ ਕੀਮਤ ਵਾਲੀ ਸ਼ੈ ਹੈ ਤੇ ਜੋ ਉਸ ਦੀ ਸੰਭਾਲ, ਯਾਦ, ਸਿਮਰਨ ਜਪੁ ਹੈ, ਸੋ ਬਿੰਦੀ ਹੈ । ਜਦ ਨਾਲ ਨਾਮ ਸਿਮਰਨ ਮਿਲੇਗਾ, ਕੀਮਤ ਦਸ ਗੁਣਾ ਹੋ ਜਾਏਗੀ । ਜਿਉਂ-ਜਿਉਂ ਵਧੀਕ ਸਿਮਰਾਂਗੇ ਨਾਮ ਦੀ ਕੀਮਤ ਵੱਧਦੀ ਜਾਏਗੀ । ਜੇ ਗੁਣ ਵਿਚਾਰ ਮੂਲ-ਮੰਤ੍ਰ ਛੱਡ ਕੇ ਸਿਮਰੀਏ ਤਾਂ ਕੁਝ ਮੁੱਲ ਨਹੀਂ ਪੈਂਦਾ, ਉਹ ਤਾਂ ਸੁੰਨ (ਜ਼ੀਰੋ) ਹੈ । ਇਸੇ ਲਈ ਅੰਮ੍ਰਿਤ ਛੱਕਣ ਵੇਲੇ ਮੂਲ-ਮੰਤ੍ਰ ਦ੍ਰਿੜ੍ਹ ਕਰਾਇਆ ਜਾਂਦਾ ਹੈ ।

ਜਿੰਨੀਆਂ ਬਿੰਦੀਆਂ ਲਗਾਈ ਚਲੀ ਜਾਵਾਂਗੇ, ਉਤਨਾ ਹੀ ਮੂਲ-ਮੰਤ੍ਰ ਤੋਂ ਅਧਿਕ ਸੁੱਖ ਮਿਲੇਗਾ । ਫਿਰ ਗਿਣਤੀਆਂ ਵੀ ਮੁੱਕ ਜਾਣਗੀਆਂ ਅਤੇ ਪ੍ਰੇਮ ਦੇ ਪਿਆਲੇ ਵਿਚ ਪੈ ਕੇ ਉਥੇ ਪੁੱਜ ਜਾਵਾਂਗੇ ਜਿੱਥੋਂ ਇਹ ਮੂਲ-ਮੰਤ੍ਰ ਆਇਆ ਹੈ । ਉਸ ਦਾ ਸਰੂਪ ਹੀ ਹੋ ਜਾਵਾਂਗੇ ।

**ਨੀਲ ਅਨੀਲ ਵੀਚਾਰਿ,**
**ਪਿਰਮ ਪਿਆਲਿਆ । ੧੫ ॥ ੩ ॥**

**ਸ਼ਬਦ-ਭਾਵ : ੧** : ਹਿੰਦਸੇ ਵਾਲਾ ਇਕ (Numeral 1) ਵਾਹਿਗੁਰੂ ਐਸਾ ਇਕੋ ਇਕ ਹੈ ਜਿਸ ਨੂੰ ਨ ਭੰਨਿਆ ਅਤੇ ਨ ਵੰਡਿਆ ਜਾ ਸਕਦਾ ਹੈ। ਤ੍ਰਿਕੜੀ ਦਾ ਕਾਨੂੰਨ (Law of Trinity) ਉਸ ਤੇ ਲਾਗੂ ਨਹੀਂ ਹੁੰਦਾ। ਵਾਹਿਗੁਰੂ ਦੀ ਕਿਸੇ ਸ਼ਕਤੀ ਨੂੰ ਵਾਹਿਗੁਰੂ ਤੋਂ ਨਿਖੇੜ ਕੇ ਦੱਸਣਾ ਤੇ ਪੂਜਣਾ, ਗੁਰੂ ਸਿੱਖਿਆ ਨਹੀਂ ਹੈ।

**ਓ** : ਹੈ, ਹਰ ਥਾਂ ਹੈ (Being).

**⌒** : ਲਗਾਤਾਰ, ਅਮੁਕ (Eternal).

**ਸਤਿ** : ਸੱਚਾ, ਅਸਲ, ਜਿਸ ਦੀ ਨਕਲ ਨਹੀਂ ਉਤਾਰੀ ਜਾ ਸਕਦੀ। (Real).

**ਨਾਮੁ** : ਹੋਂਦ ਦਾ ਪ੍ਰਕਾਸ਼ (Manifestation).

**ਕਰਤਾ** : ਸਾਜਣਹਾਰਾ (Creator).

**ਪੁਰਖੁ** : ਸਮਾਇਆ (Pervasive).

**ਨਿਰਭਉ** : ਸਿਰ ਤੇ ਕੋਈ ਬਾਹਰੋਂ ਕੁੰਡਾ ਨਹੀਂ (Self-Controller).

**ਨਿਰਵੈਰੁ** : ਕਿਸੇ ਲਈ ਵੈਰ ਭਾਵਨਾ ਨ ਹੋਣ ਕਾਰਨ, ਸਦਾ ਇਕ ਸੁਰ। (Internal Harmony).

**ਅਕਾਲ** : ਸਮੇਂ ਦੀ ਬੰਦਸ਼ ਤੋਂ ਉਤਾਂਹ, ਸਮਾਂ ਖਾ ਨਹੀਂ ਸਕਦਾ। (Not Subject to Time or Death).

**ਮੂਰਤਿ** : ਹੋਂਦ ਪ੍ਰਤੱਖ ਹੈ (Form and shape).

**ਅਜੂਨੀ** : ਜਨਮ ਵਿਚ ਨਹੀਂ ਆਂਦਾ, ਅਵਤਾਰੀ ਪੁਰਸ਼ ਨਹੀਂ ਹੈ। (Unincarnated).

**ਸੈਭੰ** : ਆਪੇ ਆਪ ਹੈ (Sovereign).

**ਗੁਰ** : ਚਾਨਣ-ਦਾਤਾ ਹੈ (Enlightener).

**ਪ੍ਰਸਾਦਿ** : ਮਿਹਰਾਂ ਨਾਲ, ਕ੍ਰਿਪਾ ਦੁਆਰਾ, ਟਿਕਾਅ ਵਿਚ ਆਇਆਂ।

## ਜਪੁ

ਇਹ ਬਾਣੀ ਦਾ ਨਾਮ ਹੈ। ਸ਼ਾਂਤ ਸਾਧਨਾ ਤੋਂ ਉਪਜਿਆ ਰਸ ਹੈ। ਅੰਦਰਲੀ ਪ੍ਰਾਰਥਨਾ ਹੈ। ਮੂਕ ਹੂਕ (ਅਨਾਦਿ ਅਨਾਹਤਿ, Silent Communicator) ਹੈ। ਜਪੁ ਸਾਹਿਬ 'ਆਦਿ ਸਚਿ' ਵਾਲੇ ਸਲੋਕ ਤੋਂ ਸ਼ੁਰੂ ਹੁੰਦਾ ਹੈ। ਜਨਮ ਸਾਖੀ ਵਿਚ ਜ਼ਿਕਰ ਹੈ ਕਿ 'ਇਹ ਸਲੋਕ ਮੁੱਢ ਆਪ ਬਾਬੇ ਨਾਨਕ ਰੱਖਿਆ।' ਦੋ ਸਲੋਕਾਂ ਵਿਚਕਾਰ ਲਿਖੀ ਬਾਣੀ 'ਜਪੁ' ਹੈ।

———

## ੬

# ਜਪੁ

**ਆਦਿ ਸਚੁ, ਜੁਗਾਦਿ ਸਚੁ ॥**
**ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ॥**

ਜਦ ਜੁਗ ਅਰੰਭ ਨਹੀਂ ਸਨ ਹੋਏ, ਆਦਿ ਵਿਚ ਉਸ ਦੀ ਪ੍ਰਤੱਖ ਹੋਂਦ ਸੀ। ਜਦ ਜੁਗਾਂ ਦਾ ਅਰੰਭ ਹੋਇਆ, ਜੁਗਾਦਿ ਵਿਚ ਉਸ ਦਾ ਪ੍ਰਕਾਸ਼ ਹਰ ਥਾਵੇਂ ਸੀ। ਉਸ ਦੀ ਪ੍ਰਤੱਖ ਹੋਂਦ ਹੁਣ ਵੀ ਹੈ, ਉਸ ਦੀ ਹੋਂਦ, ਨਾਨਕ ਛਾਪ ਲਗਾ ਕੇ ਗੁਰੂ ਜੀ ਕਹਿੰਦੇ ਹਨ ਕਿ ਅੱਗੋਂ ਵੀ ਰਹੇਗੀ।

ਸਿੱਧੀ ਗੱਲ ਦੇਖਣ ਨੂੰ ਬੜੀ ਸਾਧਾਰਨ ਲੱਗਦੀ ਹੈ, ਪਰ ਉਹ ਸਮਝਣ ਤੇ ਵਰਤਣ ਵਿਚ ਉਤਨੀ ਹੀ ਔਖੀ ਹੋ ਜਾਂਦੀ ਹੈ। ਜਿਵੇਂ ਕਿਸੇ ਨੂੰ ਕਿਹਾ ਜਾਏ ਕਿ ਉਹ ਸਿੱਧੀ ਲਕੀਰ ਪਾਏ ਤਾਂ ਉਹ ਆਖੇਗਾ ਕਿ ਫੁੱਟਾ ਲਿਆਓ ਤੇ ਕਾਗਜ਼ ਨੂੰ ਟਿਕਾ ਕੇ ਰੱਖੋ ਤਾਂ ਹੀ ਐਸਾ ਹੋ ਸਕਦਾ ਹੈ। ਕੋਈ ਟਿੱਕਵੇਂ ਹੱਥ ਤੇ ਲੰਮੇ ਅਭਿਆਸ ਪਿਛੋਂ ਹੀ ਸਿੱਧੀ ਲਕੀਰ ਪਾ ਸਕੇਗਾ। ਇਸ ਦੇ ਉਲਟ ਕਿਸੇ ਨੂੰ ਕਿਹਾ ਜਾਏ ਕਿ ਉਹ ਵਿੰਗੀ-ਟੇਢੀ ਲਕੀਰ ਪਾਏ ਤਾਂ ਉਹ ਤੁਰੰਤ ਖਿੱਚ ਦੇਵੇਗਾ। ਇਸ ਸਚਿਆਈ ਨੂੰ ਵੀ ਲੰਮੇ ਅਭਿਆਸ ਵਾਲਾ ਹੀ ਕਹਿ ਸਕਦਾ ਹੈ, ਉਸ ਦੀ ਹੋਂਦ ਆਦਿ, ਜੁਗਾਦਿ, ਹੁਣ ਅਤੇ ਸਦਾ ਹੈ। ਸਿਰਫ਼ ਇਕ ਉਸ ਦੀ ਹੋਂਦ ਹੈ, ਜੋ ਹੋਸੀ ਭੀ ਸਚੁ ਹੈ।

ਪ੍ਰਭੂ ਦੇ ਕਿਰਤਮ ਨਾਂ ਦੀ ਥਾਂ ਸਚੁ ਲਿਖ ਕੇ ਗੁਰੂ ਜੀ ਉਸ ਦੀ ਹੋਂਦ ਨੂੰ ਦ੍ਰਿੜ੍ਹ ਕਰਾਉਣਾ ਚਾਹੁੰਦੇ ਹਨ। ਜਪ ਸਾਹਿਬ ਵਿਚ ਹੈਰਾਨੀ ਨਾਲ ਪੜ੍ਹਿਆ ਜਾਏਗਾ ਕਿ ਵਾਹਿਗੁਰੂ ਦਾ ਕੋਈ ਕਿਰਤਮ ਨਾਂ ਨਹੀਂ ਹੈ। ਜਿਥੇ ਵੀ ਪ੍ਰਭੂ ਦਾ ਵਰਨਣ ਕਰਨਾ ਹੈ, ਉਥੇ, ਸਚੁ ਤੂੰ, ਤੁੱਧ, ਤੇਰੇ ਆਪ, ਆਪੇ ਆਵੇਗਾ। ਇਸੇ ਲਈ ਜਪ ਦੇ ਅਰਥ ਵੀ ਜਪਣਾ ਨਹੀਂ ਢਬਦੇ। ਜਪੁ ਦੇ ਅਰਥ **ਜਾਣਨਾ** ਹੀ ਹੈ। ਜਾਂ 'ਸ਼ਾਂਤ ਰਸ' ਕੁਝ ਨੇੜੇ-ਨੇੜੇ ਪੁੱਜਦਾ ਹੈ।

**ਸ਼ਬਦ-ਭਾਵ :**

**ਆਦਿ** : ਮੂਲ ਮੁਢੋਂ।
**ਜੁਗਾਦਿ** : ਜੁਗਾਂ ਦੇ ਮੁੱਢ ਤੋਂ।
**ਹੈ ਭੀ** : ਹੁਣੇ (Even now).
**ਹੋਸੀ** : ਸਦਾ ਹੀ (Ever More).

**ਸਚੁ** : ਉਹ ਹੋਂਦ ਹਸਤੀ-ਖ਼ਿਆਲ-ਕਰਦਾਰ ਜੋ ਮਿਟਾਇਆ ਨਾ ਜਾ ਸਕੇ ।
ਆਸਾ ਦੀ ਵਾਰ ਵਿਚ 'ਸਚੁ' ਦੀ ਵਿਆਖਿਆ ਆਪ ਹੀ ਗੁਰੂ ਨਾਨਕ ਦੇਵ ਜੀ ਨੇ ਕਰ ਦਿੱਤੀ ਹੈ ।

ਪਹਿਲਾਂ, ਅੰਦਰ ਯਕੀਨ ਹੋਵੇ ਕਿ ਉਹ ਹੈ : **ਰਿਦੈ ਸਚੁ ਹੋਇ ।**

ਝੂਠ ਜ਼ਿੰਦਗੀ ਦੇ ਨੇੜੇ ਨ ਹੋਇ : **ਕੂੜ ਕੀ ਮਲੁ ਉਤਰੈ ।**

ਕਰਦਾਰ ਸਵੱਛ ਹੋਵੇ : **ਤਨੁ ਕਰੇ ਹਛਾ ਧੋਇ ।**

ਅਸਲੀਅਤ ਨਾਲ ਪਿਆਰ ਹੋਵੇ : **ਸਚਿ ਧਰੇ ਪਿਆਰੁ ।**

ਵਾਹਿਗੁਰੂ ਦੇ ਗੁਣ ਸੁਣਕੇ ਮਨ ਟਿਕ ਜਾਏ
ਖ਼ੁਸ਼ੀ ਇਸੇ ਵਿਚ ਜਾਣੇ : **ਨਾਉ ਸੁਣਿ ਮਨ ਰਹਸੀਐ ।**

ਜੀਉਣ ਦਾ ਢੰਗ ਆਉਂਦਾ ਹੋਵੇ
(Art of Living) : **ਜੁਗਤਿ ਜਾਣੈ ਜੀਉ ।**

ਸਰੀਰ ਰੂਪੀ ਧਰਤ ਨੂੰ ਵਾਹ ਕੇ : **ਧਰਤਿ ਕਾਇਆ ਸਾਧਿ ਕੈ ।**

ਫਿਰ ਨਾਮ ਬੀਜ ਪਾ ਦੇਵੇ । : **ਵਿਚਿ ਦੇਇ ਕਰਤਾ ਬੀਉ ।**

ਮਾੜੀਆਂ ਨੀਵੀਆਂ ਵਿਚਾਰਾਂ ਨੇੜੇ ਹੀ ਨ
ਆਉਣ ਦੇਵੇ । : **ਸਿਖ ਸਚੀ ਲੇਇ ।**

ਪਤਾ ਹੋਵੇ ਕਿ ਭਲਾ ਕੰਮ ਕਰਨਾ ਹੈ । : **ਦਇਆ ਜਾਣੈ ਜੀਅ ਕੀ ।**

ਨਿਰਾ ਖ਼ਿਆਲ ਹੀ ਨ ਹੋਵੇ, ਦਇਆ
ਕਰੇ ਵੀ । : **ਕਿਛੁ ਪੁੰਨੁ ਦਾਨੁ ਕਰੇਇ ।**

ਬਾਹਰ ਨ ਭਟਕਦਾ ਫਿਰੇ, ਅੰਤਰ ਆਤਮੇ
ਝਾਕਦਾ ਰਹੇ । ਇਸ ਨੂੰ ਤੀਰਥਾਂ ਦਾ
ਇਸ਼ਨਾਨ ਜਾਣੇ । : **ਅੰਤਰਿ ਤੀਰਥਿ ਕਰੇ ਨਿਵਾਸੁ**

ਆਪਣੀ ਜ਼ਿੱਦ ਨੂੰ ਛੱਡ ਦੇਵੇ : **ਸਤਿਗੁਰੂ ਨੋ ਪੁਛਿ ਕੈ ।**

ਪੂਰਨ ਟਿਕਾਅ ਲਈ ਨਿਰੋਲ ਗੁਰੂ ਸ਼ਬਦ
ਦਾ ਸਹਾਰਾ ਲਵੇ । ਕੋਈ ਹੋਰ ਕਰਮਕਾਂਡੀ
ਢੰਗ ਨ ਵਰਤੇ : **ਬਹਿ ਰਹੈ ਕਰੇ ਨਿਵਾਸੁ ।**

ਬਸ, ਇਹ 'ਸਚ' ਸਭ ਰੋਗਾਂ, ਪਾਪਾਂ ਦਾ
ਦਾਰੂ ਹੈ । : **ਸਚੁ ਸਭਨਾਂ ਹੋਇ ਦਾਰੂ ।**

SIKHBOOKCLUB.COM

**੨**

# ਜਪੁ ਤੇ ਉਹਦੇ ਪੱਖ

**੧ (੧)**

**ਸੋਚੈ ਸੋਚਿ ਨ ਹੋਵਈ[1], ਜੇ ਸੋਚੀ ਲਖ ਵਾਰ ॥**
**ਚੁਪੈ ਚੁਪ ਨ ਹੋਵਈ, ਜੇ ਲਾਇ ਰਹਾ ਲਿਵਤਾਰ ॥**
**ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ ॥**
**ਸਹਸ ਸਿਆਣਪਾ ਲਖ ਹੋਹਿ, ਤ ਇਕ ਨ ਚਲੈ ਨਾਲਿ ॥**
**ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥**
**ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥ ੧ ॥**

ਗੁਰੂ ਪਾਤਸ਼ਾਹ ਅਰੰਭ ਵਿਚ ਹੀ ਰੱਬ ਦੇ ਰਾਹ ਅਤੇ ਜੱਗ ਦੇ ਰਾਹ ਦਾ ਅੰਤਰ ਸਪੱਸ਼ਟ ਅਰਥਾਂ ਵਿਚ ਸਮਝਾ ਦੇਣਾ ਚਾਹੁੰਦੇ ਹਨ ਤਾਂ ਕਿ ਟੁਰਨ ਵਾਲੇ ਪੰਥੀ ਦਾ ਮਾਰਗ ਦਰਸ਼ਨ ਹੁੰਦਾ ਰਹੇ ।

ਜੱਗ ਦਾ ਰਾਹ ਹੈ ਵਾਦ-ਵਿਵਾਦ (ਸੋਚੈ ਸੋਚਿ), ਯੋਗਾਂ ਦੇ ਸਾਧਨ (ਚੁਪੈ ਚੁਪ), ਧਨ ਦੌਲਤ ਦਾ ਭੰਡਾਰ ਇਕੱਠੇ ਕਰਨਾ (ਬੰਨਾ ਪੁਰੀਆ ਭਾਰ) ਤੇ ਹਜ਼ਾਰਾਂ ਅਕਲਾਂ ਸਮਝਾਂਦਾ ਸਹਾਰਾ (ਸਹਸ ਸਿਆਣਪਾਂ) । ਰੱਬ ਦਾ ਰਾਹ ਇਨ੍ਹਾਂ ਸਾਰਿਆਂ ਵਸੀਲਿਆਂ ਤੋਂ ਉਪਜੀ ਹਉਮੈ ਨੂੰ ਮਾਰ ਕੇ ਉਸ (ਪ੍ਰਭੂ) ਵਿਚ ਲੀਨ ਹੋ ਜਾਣਾ ਅਤੇ ਰਜ਼ਾ ਵਿਚ ਰਾਜ਼ੀ ਰਹਿਣਾ ਹੈ । ਸੋਚ, ਚੁੱਪ, ਪੁਰੀਆ ਭਾਰ ਤੇ ਸਿਆਣਪਾਂ ਹਉਮੈ ਨੂੰ ਸਗੋਂ ਵਧਾਉਣ ਵਾਲੇ ਹਨ ।

ਨਹੀਂ ਮੁੱਕਦੀਆਂ ਸੋਚਾਂ, ਜੇ ਲੱਖਾਂ ਵਾਰੀ,
ਇਕ ਖ਼ਿਆਲ ਨੂੰ ਸਾਹਮਣੇ ਰੱਖ ਸੋਚੀ ਜਾਵਾਂ ।
ਨਹੀਂ ਹੁੰਦਾ ਅੰਦਰਲਾ ਚੁੱਪ (ਸ਼ਾਂਤ-ਟਿਕਾ),
ਜੇ ਲੰਮੀ ਤੋਂ ਲੰਮੇਰੀ ਤਾੜੀ ਲਗਾ ਬੈਠ ਜਾਵਾਂ ।
ਨਹੀਂ ਹੱਟਦੀ ਤ੍ਰਿਸ਼ਨਾ ਦੀ ਭੁੱਖ ਜੇ ਦੁਨੀਆਂ ਦੇ,
ਪਦਾਰਥਾਂ ਦੇ ਅੰਬਾਰ ਵੀ ਮਿਲ ਜਾਣ ।

---

1. **ਨੋਟ ਜ਼ਰੂਰੀ** : ਮੂਲ-ਪਾਠ ਛਾਪੇ ਦੀ ੧੪੩੦ ਪੰਨਿਆਂ ਵਾਲੀ ਬੀੜ ਤੋਂ ਲਿਆ ਹੈ । ਬ੍ਰੈਕਟ ਵਿਚ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਹੈ । ਬਾਹਰਲਾ ਹਿੰਦਸਾ ਪਉੜੀ ਦਾ ਨੰਬਰ ਹੈ ।

ਨਹੀਂ ਹੁੰਦਾ ਛੁਟਕਾਰਾ (ਇਕ ਨ ਚਲੈ ਨਾਲਿ) ਜੇ ਹਜ਼ਾਰਾਂ-ਲੱਖਾਂ
ਤਰ੍ਹਾਂ ਦੇ ਚਤੁਰਾਈ ਭਰੇ ਫ਼ਲਸਫ਼ੇ ਨਾਲ ਉਡਾਰੀਆਂ ਮਾਰਨ ਦਾ ਤਰੀਕਾ
ਵੀ ਆ ਜਾਏ ।

ਸੋ ਕਿਵੇਂ ਹੋਵੀਏ, ਉਸ ਸੱਚੇ ਅਗੇ ਸਚੇ (ਸਚਿਆਰ)
ਅਤੇ ਭੱਜੇ ਇਹ ਭਰਮ ਨਾਲ ਨਕੋ ਨਕ ਭਰਿਆ ਮਨੋਰਾ (ਪਾਲਿ) ?
ਰਾਹ ਹੈ ਇਕੋ ਹੁਕਮ ਤੇ ਟੁਰਨਾ ਤੇ ਰਜ਼ਾ ਨੂੰ ਮਿੱਠਾ ਕਰ ਮੰਨਣਾ ।

ਹੈ ਇਹ ਕਠਨ ਪਰ ਗੁਰੂ ਨਾਨਕ ਦੇਵ ਜੀ ਛਾਪ ਲਗਾ ਕੇ ਕਹਿੰਦੇ ਹਨ
ਕਿ ਰਹਿਮਤ ਕਰਨੀ ਵੀ ਧੁਰੋਂ ਲਿਖ ਦਿੱਤੀ ਹੈ । ਰਜ਼ਾ ਤੇ ਆਪੇ ਟੋਰੇਗਾ
ਸਿਰਫ਼ ਉਸ ਦੀ ਰਹਿਮਤ ਦੀ ਦ੍ਰਿਸ਼ਟੀ ਤੇ ਨਜ਼ਰ ਹੋਵੇ ।

ਮੁੱਖ ਪ੍ਰਸ਼ਨ ਹੈ ਕਿਵ ਸਚਿਆਰਾ ਹੋਈਐ, ਆਪਣਾ ਆਇਆ ਜਾਇਜ਼ ਕਿਵੇਂ ਕਰਾਰ-ਦਿੱਤਾ ਜਾਏ ? ਅਤੇ ਉੱਤਰ ਹੈ : ਹੁਕਮ, ਰਜ਼ਾਈ, ਚਲਣਾ ।

ਹਉਮੈ ਤੇ ਹੁਕਮ ਦਾ ਵਿਰੋਧ ਹੈ । ਹੁਕਮੀ ਬੰਦਾ, ਹਉਮੈ ਵਾਲੇ ਕਰਮ ਕਦੇ ਨਹੀਂ ਕਰੇਗਾ । ਕੁਝ ਟੀਕਾਕਾਰਾਂ ਨੇ ਸੋਚੈ ਸੋਚਿ ਦੇ ਅਰਥ ਇਸ਼ਨਾਨ ਅਤੇ ਭੁਖਿਆ ਭੁਖ ਦੇ ਭੁੱਖਿਆਂ ਰਹਿਣਾ ਕੀਤੇ ਹਨ । ਇਹ ਦੋਵੇਂ ਅਰਥ ਇਸ ਪਉੜੀ ਦੇ ਮੁੱਖ ਭਾਵ ਨਾਲ ਮੇਲ ਨਹੀਂ ਖਾਂਦੇ । ਇਹ ਦੋਵੇਂ ਰੀਤਾਂ ਤੇ ਰਸਮਾਂ ਵੱਲ ਇਸ਼ਾਰਾ ਕਰਦੇ ਹਨ ਜਦ ਕਿ ਇਸ ਪਉੜੀ ਵਿਚ ਰੀਤਾਂ, ਰਸਮਾਂ ਦਾ ਜ਼ਿਕਰ ਜਾਂ ਖੰਡਨ ਨਹੀਂ ਹੋ ਰਿਹਾ । ਇਥੇ ਹਉਮੈ ਦਾ ਪਸਾਰਾ ਦਰਸਾ ਕੇ, ਉਸ ਨੂੰ ਛੱਡਣ ਦੀ ਗੱਲ ਹੋ ਰਹੀ ਹੈ ।

SIKHBOOKCLUB.COM

ਭਗਤ ਰਵਿਦਾਸ ਜੀ ਨੇ ਇਹ ਹਉਮੈ ਦਾ ਹੱਲਾ ਇਨ੍ਹਾਂ ਹੀ ਪੱਖਾਂ ਤੋਂ ਹੁੰਦਾ ਦੱਸਿਆ ਹੈ :

**'ਹਮ ਬਡ, ਕਬਿ ਕੁਲੀਨ, ਹਮ ਪੰਡਿਤ, ਹਮ ਜੋਗੀ, ਸੰਨਿਆਸੀ ।**
**ਗਿਆਨੀ, ਗੁਨੀ, ਸੂਰ, ਹਮ ਦਾਤੇ, ਇਹ ਬੁਧਿ ਕਬਹਿ ਨ ਨਾਸੀ ।'**

**(ਗੁਰੂ ਗ੍ਰੰਥ ਸਾਹਿਬ, ਪੰਨਾ ੯੭੪)**

ਧਨਾਸਰੀ ਰਾਗ ਵਿਚ ਗੁਰੂ ਨਾਨਕ ਜੀ ਹਉਮੈ ਨੂੰ ਦੋ ਸ਼ਬਦਾਂ ਵਿਚ ਦਰਸਾਉਂਦੇ ਹਨ ਉਹ ਹੈ "ਹਿਕਮਤ ਤੇ ਹੁਕਮ ।" ਹਿਕਮਤ ਦਾ ਭਾਵ ਸਿਆਣਪ ਤੇ ਵਾਦ ਵਿਵਾਦ ਅਤੇ ਹੁਕਮ ਦਾ ਭਾਵ ਹੈ ਤਾਕਤ ਦਾ ਰੋਹਬ । ਤਾਕਤ ਭਾਵੇਂ ਸਿਆਣਪ ਦੀ ਹੋਵੇ, ਮਾਇਆ ਦੀ ਜਾਂ ਰਿਧੀ ਸਿੱਧੀ ਦੀ ਹੋਵੇ । ਤਿਲੰਗ ਰਾਗ ਵਿਚ ਉਨ੍ਹਾਂ ਦਾ ਫ਼ਰਮਾਨ ਹੈ ਕਿ ਇਹ ਹਿਕਮਤ ਤੇ ਹੁਕਮ ਟੁੱਟਦੀ ਹੈ ਸਿਰਫ਼ ਰਜ਼ਾ ਵਿਚ ਟਿਕਣ ਨਾਲ ।

**ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ,**
**ਹਿਕਮਤਿ ਹੁਕਮੁ ਚੁਕਾਈਐ ।**

**(ਗੁਰੂ ਗ੍ਰੰਥ ਸਾਹਿਬ, ਪੰਨਾ ੭੨੨)**

ਹੁਕਮ ਤੇ ਰਜ਼ਾ ਦੇਖਣ ਨੂੰ ਇਕੋ ਹੀ ਚੀਜ਼ ਲੱਗਦੇ ਹਨ, ਪਰ ਅਵਸਥਾ ਵਿਚ ਫ਼ਰਕ ਹੈ । ਹੁਕਮ ਉਹ ਕਰਮ ਹੈ ਜਿਸ ਵਿਚ ਮਨੁੱਖ ਟੁਰੀ ਜਾਂਦਾ ਹੈ, ਮਨ ਭਾਵੇਂ ਹੋਵੇ ਜਾਂ ਨਾ ਹੋਵੇ । ਕੜ੍ਹਦਿਆਂ ਵੀ ਹੁਕਮ ਮੰਨੀ ਜਾਂਦਾ ਹੈ । ਰਜ਼ਾ ਤਾਂ ਹੈ, ਹੁਕਮ ਸੁਣ ਕੇ ਪ੍ਰਸੰਨਤਾ ਹੋਵੇ । ਰਜ਼ਾ ਅਰਬੀ ਭਾਸ਼ਾ ਵਿਚ ਪ੍ਰਸੰਨਤਾ ਨੂੰ ਕਹਿੰਦੇ ਹਨ । ਹੁਕਮ ਦੇਣ ਵਾਲੇ ਦੀ ਜਿਸ

ਵਿਚ ਖ਼ੁਸ਼ੀ ਹੈ । ਰਜ਼ਾ ਵਾਲਾ ਜੀਵ ਉਸ ਵਿਚ ਪ੍ਰਸੰਨ ਹੁੰਦਾ ਹੈ । ਰਜ਼ਾ ਵਿਚ ਤੁਰਨ ਵਾਲੇ ਆਪਣਾ ਸੁਭਾਅ ਛੱਡ ਦਿੰਦੇ ਹਨ ਅਤੇ ਪ੍ਰਭੂ ਦੇ ਸੁਭਾਅ ਵਾਲੇ ਹੀ ਹੋ ਜਾਂਦੇ ਹਨ ।

**"ਜਿਨਾ ਭਾਣੇ ਕਾ ਰਸੁ ਆਇਆ ।**
**ਤਿਨ ਵਿਚਹੁ ਭਰਮੁ ਚੁਕਾਇਆ ।"**

**(ਗੁਰੂ ਗ੍ਰੰਥ ਸਾਹਿਬ, ਪੰਨਾ ੭੨)**

ਹੁਕਮ ਵਿਚ ਸਖ਼ਤੀ ਜ਼ਰੂਰ ਹੈ ਪਰ ਟੁਰਿਆਂ ਸਹਜ ਉਪਜਦਾ ਹੈ । ਤਨ ਨੂੰ ਹੁਕਮ ਮਨਾਉਣਾ ਤੇ ਮਨ ਨੂੰ ਰਜ਼ਾ ਵਿਚ ਰੱਖਣਾ ਹੈ ।

ਇਕ ਗੱਲ ਹੋਰ ਸਪੱਸ਼ਟ ਹੋ ਗਈ ਕਿ ਜਪ ਦੇ ਰਾਹ ਟੁਰਨ ਵਾਲੇ ਨੇ ਉਹ ਸਾਧਨ ਨਹੀਂ ਵਰਤਣੇ ਜੋ ਦੁਨੀਆਂ ਦੇ ਲੋਕ ਵਰਤਦੇ ਹਨ । ਤੀਰਥ ਇਸ਼ਨਾਨ, ਮੋਨੀ ਰਹਿਣਾ, ਕੁਝ ਨ ਕਰਨਾ; ਕਰਮ-ਕਾਂਡੀ ਹੋਣਾ, ਚੁੰਝ-ਚਰਚਾ, ਕਰਮ, ਗਿਆਨ ਅਤੇ ਯੋਗ ਦੇ ਮਾਰਗਾਂ ਦਾ ਸਿੱਖੀ ਨਾਲ ਰਤਾ ਵੀ ਮੇਲ ਨਹੀਂ ਹੈ । ਕੈਸੀ ਸੁਤੰਤਰ ਦਿਸ਼ਾ ਦਿੱਤੀ ਹੈ, ਗੁਰੂ ਬਾਬੇ ਨੇ ! ਰਜ਼ਾ ਦੇ ਦਾਤੇ ਦੇ ਹੁਕਮ ਵਿਚ ਤੁਰਨ ਨਾਲ ਹੁਕਮੀ ਨਾਲ ਖ਼ੂਬ ਬਣ ਸਕਦੀ ਹੈ ।

ਇਸ ਪਉੜੀ ਵਿਚ ਪਹਿਲਾਂ ਬੁਧੀ ਨੂੰ ਫ਼ਜ਼ੂਲ ਵਾਦ-ਵਿਵਾਦ ਵਿਚ ਪੈਣ ਤੋਂ ਵਰਜਿਆ ਹੈ । ਫਿਰ ਸੁਰਤਿ ਨੂੰ ਸੋਚ ਤੋਂ ਖ਼ਾਲੀ ਨਿਰੀ ਇਕਾਗ੍ਰਤਾ ਕਮਾਣ ਤੋਂ ਮਨ੍ਹਾਂ ਕੀਤਾ ਹੈ, ਫਿਰ ਇੱਛਾਵਾਂ ਨੂੰ ਵਧਾਉਣ ਤੋਂ ਟੋਕਿਆ ਹੈ, ਅੰਤ ਮਤਿ ਨੂੰ ਕੁਰਾਹੇ ਪੈਣ ਤੋਂ ਹਟਾਇਆ ਹੈ । ਸੁਰਤਿ, ਮਤਿ, ਮਨ, ਬੁਧਿ ਜਿਨ੍ਹਾਂ ਨੂੰ ਘੜਨਾ ਹੈ, ਉਨ੍ਹਾਂ ਦੀ ਉਲ੍ਹੀ ਉਤਾਰੀ ਹੈ ਤੇ ਜ਼ੰਗਾਲ ਉਤਾਰ ਸ਼ੁੱਧ ਕੀਤਾ ਹੈ ।

**ਹੁਕਮਿ ਰਜਾਈ ਸਾਖਤੀ,**
**ਦਰਗਹ ਸਚੁ ਕਬੂਲੁ ।**

**(ਗੁਰੂ ਗ੍ਰੰਥ ਸਾਹਿਬ, ਪੰਨਾ ੧੦੯੦)**

**ਸ਼ਬਦ-ਭਾਵ :**

**ਸੋਚਿ** : ਇਵੇਂ ਫ਼ਜ਼ੂਲ ਦੀ ਚਿਤਵਣੀ ।

**ਚੁਪੈ ਚੁਪ** : ਅੰਦਰਲਾ ਸਵਾਲ ਕਰਨੋਂ ਰੁਕ ਜਾਏ, ਪੂਰਨ ਟਿਕਾਅ ।

**ਲਿਵ ਤਾਰ** : ਲੰਮੀ ਤਾੜੀ (Long Meditation).

**ਭੁਖਿਆ ਭੁਖ ਨ ਉਤਰੀ** : ਨਹੀਂ ਮੁੱਕਦੀਆਂ ਖ਼ਾਹਿਸ਼ਾਂ ।

**ਬੰਨਾ ਪੁਰੀਆ ਭਾਰ** : ਕਈ ਹਜ਼ਾਰ ਜਗਤਾਂ ਦਾ ਮਾਲ ਮਿਲ ਜਾਏ । (Multiple worlds).

**ਸਹਸ ਸਿਆਣਪਾ** : ਹਜ਼ਾਰਾ ਤਰ੍ਹਾਂ ਦੀਆਂ ਚਤੁਰਾਈਆਂ (Feats of Intellect).

**ਕਿਵ ਸਚਿਆਰਾ ਹੋਈਐ** : ਜਨਮ ਲਿਆ ਕਿਵੇਂ ਜਾਇਜ਼ ਕਰਾਰ ਦਿੱਤਾ ਜਾਏ । ਕਿਵੇਂ ਹੋਈਏ ਸੱਚੇ ਅਗੇ ਸਚੇ ।

**ਪਾਲਿ** : ਮਨ੍ਹੇਰ । ਨੱਕਾ-ਨੱਕ ਭਰੀ ।

**ਹੁਕਮਿ** : ਆਗਿਆ, ਆਦੇਸ਼ (Ordinance).
**ਰਜਾਈ** : ਰਜ਼ਾ, ਮਰਜ਼ੀ (Will).
**ਚਲਣਾ** : ਸਿਰ ਨਿਵਾ ਟੁਰਨਾ ।
**ਲਿਖਿਆ ਨਾਲਿ** : ਨਾਲ (ਰਹਿਮਤ) ਵੀ ਲਿਖੀ ਹੈ ।

**੨ (੧)**

**ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ ॥**
**ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥**
**ਹੁਕਮੀ ਉਤਮੁ ਨੀਚੁ, ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥**
**ਇਕਨਾ ਹੁਕਮੀ ਬਖਸੀਸ, ਇਕਿ ਹੁਕਮੀ ਸਦਾ ਭਵਾਈਅਹਿ ॥**
**ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ ॥**
**ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ ॥ ੨ ॥**

ਜਪੁਜੀ ਦੀ ਪਹਿਲੀ ਪਉੜੀ ਵਿਚ ਹੁਕਮ ਵਿਚ ਤੁਰਨਾ ਜ਼ਰੂਰੀ ਦੱਸਿਆ ਹੈ । ਹੁਕਮ ਵਿਚ ਤੁਰਨ ਵਾਲੇ ਦਾ ਰਾਹ ਵੀ ਦਰਸਾਇਆ ਹੈ । ਇਹ ਹੁਕਮ ਜਾਨਣਾ ਜ਼ਰੂਰੀ ਹੈ । ਹੁਕਮ ਤਾਂ ਹੀ ਪਛਾਣਿਆ ਜਾ ਸਕੇਗਾ ਜੇ ਉਸ ਦੇ ਹੁਕਮੀ ਕਰਮਾਂ ਨੂੰ ਜਾਣ ਲਿਆ ਜਾਏ । ਉਸ ਦੇ ਹੁਕਮ ਨਾਲ ਸੰਸਾਰ ਬਣਿਆ, ਸੋ ਸੰਸਾਰ ਦੀ ਖੇਡ ਜਾਣਨੀ ਹੁਕਮ ਨੂੰ ਪਾਉਣਾ ਹੈ । ਹੁਕਮ ਨਾਲ ਹੀ ਸਾਰੇ ਜੀਅ ਸਾਜੇ ਗਏ ਅਤੇ ਹੁਕਮ ਨਾਲ ਹੀ ਵਡਿਆਈ ਮਿਲੀ ਅਤੇ ਹੁਕਮ ਨਾਲ ਹੀ ਊਚ-ਨੀਚ ਬਣੇ; ਹੁਕਮ ਨਾਲ ਹੀ ਦੁੱਖ-ਸੁੱਖ ਭੋਗੇ ਜਾ ਰਹੇ ਹਨ । ਸਭ ਕੁਝ ਉਸ ਦੇ ਹੁਕਮ ਵਿਚ ਹੈ । ਜੋ ਉਸ ਦੇ ਹੁਕਮ ਨੂੰ ਸਮਝਦਾ ਹੈ, ਉਹ ਹੀ ਹਉਮੈ ਨੂੰ ਮਾਰ ਸਕਦਾ ਹੈ ।

ਉਸ ਹੁਕਮ ਨੇ ਦਿੱਸਦਾ ਆਕਾਰ ਬਣਾਇਆ, ਪਰ ਦੱਸ ਨਹੀਂ ਸਕਦਾ ਕੋਈ ਕਿ ਹੁਕਮ ਦੀ ਕਿਤਨੀ ਕੁ ਸ਼ਕਤੀ ਹੈ ।

ਹੁਕਮ ਨੇ ਪੈਦਾ ਕੀਤੇ ਜੀਵ, ਅਤੇ ਫਿਰ ਉਨ੍ਹਾਂ ਜੀਵਾਂ ਵਿਚੋਂ ਹੀ ਕਈਆਂ ਨੂੰ ਹੁਕਮ ਦੀ ਵਡਿਆਈ ਸਮਝਾ, ਆਤਮਿਕ ਉਚਿਆਈ ਬਖ਼ਸ਼ ਦਿੱਤੀ ।

ਹੁਣ ਪਤਾ ਲੱਗਾ ਕਿ ਜਿਨ੍ਹਾਂ ਨੂੰ ਸਮਝ ਨ ਆਈ ਕਿ 'ਹੁਕਮ' ਕੀ ਹੈ, ਉਹ ਆਤਮਕ ਤੌਰ ਤੇ ਨੀਵੇਂ ਰਹੇ ।

ਅਤੇ ਜਿਨ੍ਹਾਂ ਨੂੰ ਦੇ ਦਿੱਤੀ ਉਸ ਨੇ ਸੂਝ ਕਿ ਹੁਕਮ ਤੇ ਟੁਰਨਾ ਧਰਮ ਹੈ, ਉਹ 'ਉੱਚੇ' (ਉਤਮੁ) ਹੋ ਗਏ, ਆਤਮਿਕ ਤੌਰ ਤੇ ਜੋ ਆਪਣੀਆਂ ਮਰਜ਼ੀਆਂ ਕਰਦੇ ਰਹੇ, ਉਹ ਨੀਵੇਂ (ਨੀਚੁ) ਕਹਿਲਾਏ ।

ਇਸੇ 'ਹੁਕਮ' ਨੂੰ ਨਾ ਜਾਣ ਵਿਛੋੜੇ ਦਾ ਦੁੱਖ ਸਹਾਰਦੇ ਰਹੇ ਅਤੇ ਜਿਨ੍ਹਾਂ ਜਾਣ ਲਿਆ ਉਹ ਕਦੇ ਨਾ ਵਿਛੜੇ ਤੇ ਮਿਲਾਪ ਦਾ ਸੁੱਖ ਮਾਣਦੇ ਰਹੇ ।

ਕਈਆਂ ਤੇ ਇਸੇ ਕਾਰਨ ਹੀ ਰਹਿਮਤ ਹੋਈ ਕਿ ਉਹ ਹੁਕਮ ਵਰਤਦਾ ਦੇਖ ਟਿਕੇ ਰਹੇ ਅਤੇ ਨਹੀਂ ਡੋਲੇ, ਅਤੇ ਕਈ 'ਹੁਕਮ' ਵਰਤੀਂਦਾ ਦੇਖ ਡੋਲ ਗਏ ਤੇ ਜਨਮ ਮਰਨ ਦੇ ਗੇੜਾਂ ਵਿਚ ਪੈ ਗਏ, ਭਟਕਦੇ ਹੀ ਰਹੇ ।

ਕੋਈ ਅਜਿਹਾ ਨਹੀਂ ਹੈ ਜੋ ਉਸ 'ਹੁਕਮ' ਹੇਠ ਨਾਹ ਹੋਵੇ । ਗੁਰੂ ਨਾਨਕ

ਦੇਵ ਜੀ 'ਨਾਨਕ' ਨਾਮ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜੋ ਜਾਣ ਲਵੇ ਉਸ ਦੇ 'ਹੁਕਮ ਦੀ ਸ਼ਕਤੀ' ਤਾਂ ਫਿਰ ਕਦੇ ਆਪਣੇ ਤੇ ਮਾਣ (ਹਉਮੈ) ਨਾ ਕਰੇ ।

ਜਪੁਜੀ ਦਾ ਸਾਰਾ ਪਸਾਰਾ ਹੀ ਇਹ ਹੈ ਕਿ ਹੁਕਮ ਨੂੰ ਸਮਝਿਆ ਜਾਏ ਅਤੇ ਐਸਾ ਕਰੇ ਬਗੈਰ ਉਸ ਦੀ ਰਜ਼ਾ ਵਿਚ ਟਿਕਣਾ ਮੁਸ਼ਕਿਲ ਹੈ । ਸਤਾਈਵੀਂ ਪਉੜੀ ਵਿਚ ਹੁਕਮ ਦਾ ਪਸਾਰਾ ਦੱਸ ਕੇ ਆਖਦੇ ਹਨ—ਉਹ ਸਾਰਿਆਂ ਦਾ ਸਾਈਂ ਪਾਤਸ਼ਾਹ ਦਾ ਪਾਤਸ਼ਾਹ ਹੈ ਤੇ ਉਸੇ ਦੀ ਰਜ਼ਾ ਵਿਚ ਹੀ ਰਹਿਣਾ ਫੱਬਦਾ ਹੈ । ਜਦ ਇਹ ਪਤਾ ਲੱਗ ਗਿਆ ਕਿ ਸਭ ਕੁਝ ਉਸ ਦੇ ਹੁਕਮ ਵਿਚ ਹੈ ਤਦ ਹਉਮੈ ਦੀ ਕਿਹੜੀ ਥਾਂ ਰਹੀ । ਹੁਕਮ ਨੂੰ ਪਹਿਲਾਂ ਆਕਾਰ (ਰਚਨਾ) ਵਿਚ ਦੇਖੋ, ਫਿਰ ਉਸ ਦੇ ਜੀਆਂ ਵਿਚ ਅਤੇ ਫਿਰ ਜੀਆਂ ਨੂੰ ਦੁੱਖ-ਸੁੱਖ ਸਹਿੰਦੇ ਤੇ ਕਿਸੇ ਨੂੰ ਟਿਕੇ ਹੋਏ ਤੇ ਕਿਸੇ ਨੂੰ ਭਟਕਦੇ ।

ਸਿਧ ਗੋਸ਼ਟ ਵਿਚ ਗੁਰੂ ਨਾਨਕ ਜੀ ਨੇ ਇਹ ਹੀ ਫ਼ਰਮਾਇਆ ਹੈ :

**ਹੁਕਮੁ ਬਿਸਮਾਦੁ ਹੁਕਮਿ ਪਛਾਣੈ,**
**ਜੀਅ ਜੁਗਤਿ ਸਚੁ ਜਾਣੈ ਸੋਈ ।**

ਗੁਰਬਾਣੀ ਵਿਚ ਜਿਥੇ ਹੁਕਮ ਹੈ, ਉਥੇ ਹੀ ਕਰਮ ਦਾ ਵਰਨਣ ਹੈ । ਜੀਵ ਮਿਤ ਵਾਲਾ ਹੈ, ਹੁਕਮ ਅਮਿਤ ਹੈ । ਸਮੇਂ ਤੇ ਸਥਾਨ ਦੇ ਗ਼ੁਲਾਮ ਵਾਲਾ ਹੁਕਮ ਵੀ ਦੇਸ਼, ਕਾਲ ਦੀ ਬੰਦਸ਼ ਵਿਚ ਹੋਵੇਗਾ । ਉਹ ਅਕਾਲ ਹੈ ਅਤੇ ਅਜੂਨੀ ਹੈ ਸੋ ਉਸ ਦਾ ਹੁਕਮ ਵੀ ਦੇਸ਼, ਕਾਲ ਤੋਂ ਪਰ੍ਹੇ ਹੈ ।

SIKHBOOKCLUB.COM

**ਇਕ ਹੋਰ ਗੱਲ** : ਫਲ ਜ਼ਰੂਰ ਕਰਮਾਂ ਦਾ ਹੁੰਦਾ ਹੈ, ਪਰ ਫਲ ਦੇਣ ਵਾਲਾ ਮਾਲਕ ਉਹ ਆਪ ਹੈ । ਸਭ ਕੁਝ ਉਸ ਦੇ ਵੱਸ ਹੀ ਹੈ, ਪਰ ਉਹ ਕਰਮਾਂ ਅਨੁਸਾਰ ਵੀ ਕਰਦਾ ਹੈ । ਹੁਕਮ ਦੀ ਪਉੜੀ ਇਸ ਲਈ ਰਚੀ ਹੈ ਕਿ ਉਸ ਨੂੰ ਹਾਕਮ ਤੇ ਹੁਕਮ ਦਾ ਕਰਤਾ ਜਾਣਿਆ ਜਾਏ । ਦੋਸ਼ੀ ਨੂੰ ਸਜ਼ਾ ਕਿਸ ਨੇ ਦਿੱਤੀ ? ਉੱਤਰ ਹੋਵੇਗਾ ਕਾਨੂੰਨ ਨੇ । ਕਿਉਂ ਦਿੱਤੀ ? ਤਾਂ ਜਵਾਬ ਹੋਵੇਗਾ ਉਸ ਨੇ ਦੋਸ਼ ਕੀਤਾ । ਹੁਕਮ ਤੇ ਕਰਮ ਦੋਵੇਂ ਇਕੱਠੇ ਹਨ, ਸੰਸਾਰ ਦੀ ਮਰਯਾਦਾ ਹੁਕਮ ਤੇ ਕਰਮ ਸਹਾਰੇ ਚੱਲ ਰਹੀ ਹੈ :

**ਨਾਨਕ ਹੁਕਮੀ ਲਿਖੀਐ ਲੇਖੁ ।**
**ਜੇਹਾ ਵੇਖਹਿ ਤੇਹਾ ਵੇਖੁ ।**
**(ਗੁਰੂ ਗ੍ਰੰਥ ਸਾਹਿਬ, ਪੰਨਾ ੪੬੬)**

'ਬਾਹਰ ਹੁਕਮ ਨ ਕੋਇ' ਤੋਂ ਵੀ ਇਹ ਹੀ ਭਾਵ ਨਿਕਲਦਾ ਹੈ ਕਿ ਉਸ ਤੋਂ ਇਲਾਵਾ ਹੋਰ ਕੋਈ ਨਹੀਂ । ਕੁਝ ਮੱਤਾਂ ਵਾਲਿਆਂ ਨੇ ਸ਼ੈਤਾਨ ਜਾਂ ਅਹਿਰਮਨ ਨੂੰ ਉਸ ਦੇ ਹੁਕਮ ਤੋਂ ਬਾਹਰ ਕਰਮ ਵਾਲਾ ਲਿਖਿਆ ਹੈ । ਸ਼ੈਤਾਨ ਉਸ ਦੇ ਪਿਆਰਿਆਂ ਨੂੰ ਪੁੱਠੇ ਰਾਹ ਪਾਉਂਦਾ ਹੈ ਪਰ ਇਥੇ ਸਿੱਖ ਘਰ ਵਿਚ ਸਾਫ਼ ਕਿਹਾ ਹੈ ਕਿ ਉਸ ਦੇ ਹੁਕਮ ਤੋਂ ਬਾਹਰ ਕੋਈ ਨਹੀਂ । ਕਈ ਕਹਿੰਦੇ ਹਨ ਕਿ ਕਰਮਾਂ ਦਾ ਫਲ ਹੈ, ਪਰ ਉਹ ਇਹ ਕਿਉਂ ਭੁੱਲ ਜਾਂਦੇ ਹਨ ਕਿ 'ਕਰਮਹਿ ਕਿਨ ਕੀਨ ਰੇ ।' ਹੋ ਸਕਦਾ ਹੈ ਕਿ ਕਿਰਤ ਕਰਮ ਦਾ ਸਿਧਾਂਤ ਕੁਝ ਦੇਰ ਕੰਮ ਕਰਦਾ ਹੋਵੇ, ਪਰ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਕਰਮਾਂ ਦਾ ਚੱਕਰ ਸ਼ੁਰੂ ਕਿਉਂ ਹੋਇਆ ? ਜਿਸ ਇਹ ਜਾਣ ਲਿਆ, ਉਹ ਰਜ਼ਾ ਵਿਚ ਟੁਰ ਗਿਆ । ਇਹ ਹੈ : '**ਹੁਕਮ** ਰਜਾਈ, ਭਾਣਾ ।'

ਵਿਕਾਰਾਂ ਦਾ ਅਰੰਭ ਉਸੇ ਵੇਲੇ ਸ਼ੁਰੂ ਹੋ ਗਿਆ ਜਦ ਇਹ ਵਿਚਾਰ ਉਪਜ ਖੜੋਤੀ ਕਿ ਅਸੀਂ ਹੀ ਬੁਰਾ ਕਰਦੇ ਹਾਂ ਤੇ ਭਲਾ ਵੀ ਅਸੀਂ । ਉਚੇਰੀ ਦ੍ਰਿਸ਼ਟੀ ਵਾਲਾ ਸਭ ਉਸ ਦੇ ਹੁਕਮ ਵਿਚ ਦੇਖਦਾ ਹੈ ।

**"ਬੁਰਾ ਭਲਾ ਕਿਛੁ ਆਪਸ ਤੇ ਜਾਨਿਆ,**
**ਏਈ ਸਗਲ ਵਿਕਾਰਾ ।**
**ਇਹੁ ਫ਼ਰਮਾਇਆ ਖਸਮ ਕਾ ਹੋਆ,**
**ਵਰਤੈ ਇਹੁ ਸੰਸਾਰਾ ।**
**ਇੰਦ੍ਰੀ ਧਾਤੁ ਸਬਲ ਕਹੀਅਤ ਹੈ,**
**ਇੰਦ੍ਰੀ ਕਿਸ ਤੇ ਹੋਈ ।**
**ਆਪੇ ਖੇਲ ਕਰੈ ਸਭਿ ਕਰਤਾ,**
**ਐਸਾ ਬੂਝੈ ਕੋਈ ।"**

**(ਮਾਰੂ ਮਹਲਾ ਤੀਜਾ)**

ਸਿੱਖ ਭਾਣੇ ਵਿਚ ਰਹਿੰਦਾ ਹੈ । ਕਰਮਾਂ ਦੇ ਚੱਕਰ ਵਿਚ ਨਹੀਂ ਪੈਂਦਾ । ਆਪਣਾ ਜ਼ੋਰ ਕਦੇ ਨਹੀਂ ਦਿਖਾਇਆ ਸਿੱਖ ਨੇ । ਤੇਰਾ ਜ਼ੋਰ, ਇਸ ਦਾ ਜਾਪ ਹੈ । ਗੁਰੂ ਦੇ ਹੁਕਮ ਅੱਗੇ ਸਿਰਾ ਝੁਕਾ ਕੇ ਟੁਰਨ ਵਾਲਾ, ਹਰੀ ਵਿਚ ਹੀ ਸਮਾ ਜਾਂਦਾ ਹੈ ।

**ਗੁਰਮੁਖਿ ਹੋਇ ਸੁ ਹੁਕਮੁ ਪਛਾਣੈ,**
**ਮਾਨੈ ਹੁਕਮੁ ਸਮਾਇਦਾ ।**

**(ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੬)**

**ਸ਼ਬਦ-ਭਾਵ** :

**ਆਕਾਰ** : ਸਭ ਸ੍ਰਿਸ਼ਟੀ, ਜੋ ਵੀ ਆਕਾਰ ਵਾਲੀਆਂ ਸ਼ੈਆਂ ਹਨ ।

**ਜੀਅ** : ਜੀਵ (Beings).

**ਵਡਿਆਈ** : ਆਤਮਿਕ ਉਚਿਤਾ । ਹੁਕਮ ਤੇ ਟੁਰ ਕੇ ਹੀ ਜੀਵ ਮਾਣਸ ਬਣਿਆ ਤੇ ਫਿਰ ਦੇਵਤਾ ਤੇ ਆਖ਼ੀਰ ਸੇਵਕ ।
'ਨਾਨਕ ਜੀਅ ਉਪਾਇਕੈ, ਲਿਖਿ ਨਾਵੈ 'ਧਰਮ' ਬਹਾਲਿਆ' । ਕਿਸੇ ਮਿਥੀ ਮਰਯਾਦਾ ਵਿਚ, ਬਗੈਰ ਕਿੰਤੂ ਕੀਤੇ ਟੁਰੇ ਜਾਣ ਨਾਲ ਵਡਿਆਈ ਮਿਲਦੀ ਹੈ ।

**ਹੁਕਮੀ ਉਤਮੁ**

**ਨੀਚੁ** : ਜਿਉਂ ਜਿਉਂ ਹੁਕਮ ਨੂੰ ਜਾਣਿਆ, ਵਿਚਾਰ ਕੀਤੀ ਅਤੇ ਨਿਸ਼ਚਾ ਆਇਆ । ਜਿਤਨਾ ਨਿਸ਼ਚਾ ਦ੍ਰਿੜ੍ਹ, ਉਤਨਾ ਹੀ 'ਉੱਚਾ' ਅਤੇ ਜੇ ਮੂੰਹ ਮੋੜਿਆ 'ਨੀਵਾਂ ।'
ਇਹ ਰੂਹਾਨੀ ਤੌਰ ਤੇ ਕਹਿ ਰਹੇ ਹਨ ।

**ਦੁਖ** : ਵਾਹਿਗੁਰੂ ਤੋਂ ਵਿਛੜਣ ਦਾ ਦੁੱਖ (Bale).

**ਸੁਖ** : ਮਿਲਾਪ ਦਾ ਸੁਖ (Bliss).

**ਬਖਸੀਸ** : ਰਹਿਮਤ, (Grace).

**ਸਦਾ ਭਵਾਈਅਹਿ** : ਜਨਮ ਮਰਨ ਦੇ ਗੇੜ ਵਿਚ, ਭਟਕਣਾ ।
**ਬੂਝੇ** : ਜਾਣ ਲਏ ।

**੩ (੧-੨)**

**ਗਾਵੈ ਕੋ ਤਾਣੁ, ਹੋਵੈ ਕਿਸੈ ਤਾਣੁ ॥**
**ਗਾਵੈ ਕੋ ਦਾਤਿ, ਜਾਣੈ ਨੀਸਾਣੁ ॥**
**ਗਾਵੈ ਕੋ ਗੁਣ, ਵਡਿਆਈਆ ਚਾਰ ॥**
**ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥**
**ਗਾਵੈ ਕੋ ਸਾਜਿ, ਕਰੇ ਤਨੁ ਖੇਹ ॥**
**ਗਾਵੈ ਕੋ ਜੀਅ ਲੈ, ਫਿਰਿ ਦੇਹ ॥**
**ਗਾਵੈ ਕੋ ਜਾਪੈ ਦਿਸੈ ਦੂਰਿ ॥**
**ਗਾਵੈ ਕੋ ਵੇਖੈ ਹਾਦਰਾ ਹਦੂਰਿ ॥**
**ਕਥਨਾ ਕਥੀ ਨ ਆਵੈ ਤੋਟਿ ॥**
**ਕਥਿ ਕਥਿ ਕਥੀ, ਕੋਟੀ ਕੋਟਿ ਕੋਟਿ ॥**
**ਦੇਦਾ ਦੇ ਲੈਦੇ ਥਕਿ ਪਾਹਿ ॥**
**ਜੁਗਾ ਜੁਗੰਤਰਿ ਖਾਹੀ ਖਾਹਿ ॥**
**ਹੁਕਮੀ ਹੁਕਮੁ ਚਲਾਏ ਰਾਹੁ ॥**
**ਨਾਨਕ ਵਿਗਸੈ ਵੇਪਰਵਾਹੁ ॥ ੩ ॥**

SIKHBOOKCLUB.COM

ਰੱਬ ਪ੍ਰਾਪਤੀ ਦਾ ਵੱਲ, ਰਾਹ ਦੀ ਸੂਝ ਦਾ ਕਿਵੇਂ ਪਤਾ ਮਿਲੇ ਅਤੇ ਉਸ ਨੂੰ ਕਿਸ ਤਰ੍ਹਾਂ ਜਾਣਿਆ ਜਾਏ, ਇਹ ਪ੍ਰਸ਼ਨ ਉਥੇ ਹੀ ਖੜ੍ਹੇ ਹਨ । ਇਹ ਤਾਂ ਪਤਾ ਲੱਗ ਗਿਆ ਕਿ ਸਭ ਕੁਝ ਉਸਦੇ ਹੁਕਮ ਅਨੁਸਾਰ ਹੋ ਰਿਹਾ ਹੈ, ਪਰ ਹੁਕਮ ਕੀ ਹੈ, ਦੀ ਸੋਝੀ ਲੈਣੀ ਵੀ ਜ਼ਰੂਰੀ ਹੈ । ਇਹ ਤਾਂ ਹੋ ਸਕਦਾ ਹੈ ਜੇ ਪਹਿਲਾਂ ਉਸ ਦੇ ਕੀਤੇ ਪਸਾਰੇ ਨੂੰ ਜਾਣੀਏ । ਜਾਪ ਸਾਹਿਬ ਵਿਚ ਜਦ 'ਕਰਮ ਨਾਮ ਬਰਨਤ ਸੁਮਤਿ' ਕਿਹਾ ਹੈ ਤਾਂ ਉਸ ਦਾ ਵੀ ਇਹ ਭਾਵ ਹੈ ਕਿ ਉਸ ਨੂੰ ਕੇਵਲ ਉਸ ਦੇ ਕਰਮ, ਪਸਾਰੇ ਤੋਂ ਹੀ ਜਾਣਿਆ ਜਾ ਸਕਦਾ ਹੈ ਤੇ ਅੱਛੀ ਮਤਿ (ਸੁਮਤਿ) ਨਾਲ ਵਰਨਣ ਕੀਤਾ ਜਾ ਸਕਦਾ ਹੈ । ਪਰ ਉਸ ਦੇ ਕਰਤੱਵ ਇਤਨੇ ਅਸੀਮ ਹਨ ਕਿ ਅਸੀਂ ਚਕ੍ਰਿਤ ਹੋ ਜਾਂਦੇ ਹਾਂ । ਸੋ ਹੁੰਦਾ ਇਸ ਤਰ੍ਹਾਂ ਹੈ ਕਿ ਉਸ ਨੂੰ ਜਾਣਨੇ ਦੀ ਕੋਸ਼ਿਸ਼ ਕਰਦੇ-ਕਰਦੇ ਉਸ ਦੇ ਗੁਣ ਹੀ ਗਾਈ ਤੁਰੀ ਜਾਂਦੇ ਹਾਂ ।

**'ਏਕੋ ਨਾਮ ਹੁਕਮ ਹੈ,**
**ਸਤਿਗੁਰ ਦੀਆ ਬੁਝਾਇ ਜੀਉ ।'**

ਅਤੇ ਜਪੁਜੀ ਵਿਚ ਹੀ ਇਸ ਤਰ੍ਹਾਂ ਦਾ ਇਕ ਹੋਰ ਫ਼ਰਮਾਨ ਹੈ 'ਵਿਣ ਗੁਣ ਕੀਤੇ ਭਗਤਿ ਨਾ ਹੋਇ ।' ਸੋ ਭਗਤੀ, ਲਿਵ ਦੇ ਰਾਹ ਦੀ ਸੋਝੀ ਮਿਲੀ ਕਿ ਗੁਣ ਗਾਏ ਜਾਣ ।

ਜਿਸ ਕੋਲ ਕਿਸੇ ਪ੍ਰਕਾਰ ਦੀ ਸ਼ਕਤੀ ਹੈ, ਉਹ ਵਾਹਿਗੁਰੂ ਦੇ ਉਸੇ ਸ਼ਕਤੀ ਪੱਖ ਨੂੰ ਸਾਲਾਹੀ ਤੁਰੀ ਜਾਂਦਾ ਹੈ ।

ਜਿਸ ਨੂੰ 'ਸੰਸਾਰੀ' ਦਾਤਾਂ ਨਾਲ ਉਸ ਭਰਿਆ ਹੈ, ਉਹ ਉਸ ਨੂੰ ਪ੍ਰਤੱਖ ਦੇਖ (ਨੀਸਾਣੁ) ਗੁਣ ਗਾਂਦਾ ਹੈ ।

ਕਈ ਉਸਦੇ ਬੇਅੰਤ ਗੁਣਾਂ ਨੂੰ ਪ੍ਰਗਟਾ ਉਪਮਾ ਕਰਨ ਵਿਚ ਲੱਗੇ ਹੋਏ ਹਨ ਤੇ ਕਈ ਉਸ ਨੂੰ ਅਤਿ ਉੱਚੇ 'ਦਰਬਾਰ' ਵਿਚ ਬੈਠਾ ਤੱਕ ਗੀਤ ਗਾ ਰਹੇ ਹਨ ।

ਕਈ ਉਸ ਦੀ ਵਿਚਾਰ (ਫਲਸਫੇ) ਦੀ ਔਖਿਆਈ (ਵਿਖਮੁ) ਨੂੰ ਪਕੜ ਵਿਚ ਨਾ ਆਂਦਾ ਦੇਖ, ਆਮ ਬੋਲੀ ਵਿਚ ਲਿਖ ਲਿਖ, ਉਪਮਾ ਵਿਚ ਲੱਗੇ ਹਨ ।

ਕਈ ਇਸ ਪੱਖ ਨੂੰ ਹੀ ਦ੍ਰਿੜ ਕਰਾਈ ਜਾਂਦੇ ਹਨ ਕਿ ਉਹ ਜਗਤ ਦਾ ਸਾਜਣਹਾਰ ਹੈ ਤੇ ਮੇਟਣ ਵਾਲਾ ਵੀ ਉਹ ਹੀ ਹੈ । ਕਈ ਇਹ ਦੱਸਦੇ ਹਨ ਕਿ ਉਹ ਜੀਵਨ ਦਾਤਾ ਹੈ ਤੇ ਸੁਆਸ ਖਿੱਚਣ ਵਾਲਾ ਵੀ ਉਹ ਹੀ ਹੈ ।

ਕਈ ਇਸ ਤੇ ਹੀ ਜ਼ੋਰ ਦਈ ਜਾਂਦੇ ਹਨ ਕਿ ਉਹ ਇਨ੍ਹਾਂ ਅੱਖੀਆਂ ਤੋਂ ਦੂਰ ਪਰ੍ਹਾਂ ਹੈ ।

ਕਈ ਆਪਣੇ ਤਜਰਬੇ ਤੋਂ ਇਹ ਦ੍ਰਿੜ੍ਹ ਕਰਾਉਣਾ ਚਾਹੁੰਦੇ ਹਨ ਕਿ ਉਹ ਤਾਂ ਸਾਹਮਣੇ ਹਾਜ਼ਰ ਹੈ ।

ਉਸ ਨੂੰ ਕਈ ਰੂਪਾਂ, ਢੰਗਾਂ, ਤਰੀਕਿਆਂ, ਤੱਥਾਂ, ਵੀਚਾਰਾਂ, ਫ਼ਲਸਫ਼ੇ ਨਾਲ ਬਿਆਨ ਕਰੀ ਜਾਓ, ਕੋਈ ਅੰਤ ਨਹੀਂ । ਕਰੋੜਾਂ-ਕਰੋੜਾਂ ਵਾਰ ਬਿਆਨ ਕਰੀ ਜਾਣ, ਅਸਲ ਗੱਲ ਇਹ ਹੈ ਕਿ ਉਹ ਆਪਣੇ 'ਚਮਤਕਾਰ' ਕਈ ਤਰ੍ਹਾਂ ਨਾਲ ਪ੍ਰਗਟ ਕਰਦਾ ਹੈ ਤੇ ਲੋਕੀਂ ਆਪਣੇ ਬਣੇ ਸੁਭਾ ਨਾਲ ਟੁਰੀ ਜਾਂਦੇ ਹਨ । ਆਖ਼ਿਰ ਹੁੰਦਾ ਇਹ ਹੈ ਕਿ ਉਹ ਤਾਂ ਰਹਿਮਤਾਂ ਕਰੀ ਜਾਂਦਾ ਹੈ ਪਰ 'ਜੀਵ' ਲੈਣ ਵਾਲੇ ਥੱਕ ਜਾਂਦੇ ਹਨ । ਜੋ 'ਇਕ ਰੂਪ' ਦੇਖ ਗਾਉਣ ਵਿਚ ਲੱਗੇ ਸਨ, ਉਹ ਹੀ ਮੁੱਕ ਜਾਂਦੇ ਹਨ ।

ਉਸਦੀਆਂ ਰਹਿਮਤਾਂ ਦੇ ਭੰਡਾਰ ਇਤਨੇ ਹਨ ਕਿ ਇਕ ਨਹੀਂ ਕਈ ਜੁਗਾਂ ਤੱਕ ਖਾਂਦੇ ਰਹੀਏ, ਮੁਕਣ ਵਿਚ ਨਹੀਂ ਆਉਣੇ । ਹੁਕਮ ਦੇਣ ਵਾਲੇ (ਹੁਕਮੀ) ਦੀ ਆਗਿਆ ਵਿਚ ਟੁਰ ਰਿਹਾ ਹੈ, ਇਹ ਬ੍ਰਹਮੰਡ ਪਰ ਅਸਚਰਜ ਹੈ, ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਸਦਾ ਖੇੜੇ ਵਿਚ ਹੈ ਤੇ ਕਿਸੇ ਤੋਖਲੇ ਫ਼ਿਕਰ ਵਿਚ ਨਹੀਂ ।

ਇਸ ਦਾ ਇਹ ਭਾਵ ਵੀ ਹੈ ਕਿ ਜੋ ਉਸ ਦਾ ਇਕੋ ਗੁਣ ਦੇਖ ਉਸ ਪਾਸੇ (ਲ) ਗਾ ਹੈ, ਉਹ ਕਿਧਰੇ ਜਾ ਥਕ ਹੱਟ ਟੁੱਟ ਬੈਠ ਜਾਏਗਾ ਪਰ ਜਿਸ ਨੇ ਉਸ ਦੇ ਸੰਪੂਰਨ ਰੂਪ (ਹੁਕਮ) ਨੂੰ ਦੇਖ ਲਿਆ, ਉਸ ਵਿਚ ਵਾਹਿਗੁਰੂ ਵਾਂਗ ਖੇੜਾ ਤੇ ਬੇਪਰਵਾਹੀ ਰਹੇਗੀ ।

**ਦਰਸ਼ਨ ਦਾ ਮੁੱਖ ਸਿਧਾਂਤ ਹੈ 'ਜੈਸਾ ਸੇਵੈ ਤੈਸਾ ਹੋਇ ।' ਸੋ ਉਸ ਦਾ ਕੇਵਲ ਇਕੋ ਪੱਖ ਗਾਣ ਨਾਲ ਅਸੀਂ ਵੀ ਇਕ ਪੱਖੀ ਹੋ ਜਾਵਾਂਗੇ । ਸੰਪੂਰਨ ਸ਼ਖ਼ਸੀਅਤ ਨਹੀਂ ਘੜੀ**

ਜਾਏਗੀ ਤੇ ਇਸ ਤਰ੍ਹਾਂ ਉਸ ਦਾ ਇਕੋ ਪੱਖ ਹੀ ਸਾਡੇ ਸਾਹਮਣੇ ਮੂਰਤੀਮਾਨ ਹੋਵੇਗਾ। ਐਸਾ ਕਰਨ ਨਾਲ ਉਸ ਦਾ ਸੰਪੂਰਣ ਰੂਪ ਸਾਡੇ ਸਾਹਮਣੇ ਨਹੀਂ ਆ ਸਕੇਗਾ।

ਆਮ ਲੋਕੀਂ ਆਪਣੀ ਥੁੜ੍ਹ, ਲੋੜ ਜਾਂ ਘਬਰਾਹਟ ਨੂੰ ਸਾਹਮਣੇ ਰੱਖ ਕੇ ਹੀ ਉਸ ਨੂੰ ਯਾਦ ਕਰਦੇ ਹਨ। ਇਸ ਲਈ ਕਦੀ ਉਸ ਨੂੰ ਤਾਣ, ਸ਼ਕਤੀ, ਸ਼ਿਵ, ਬ੍ਰਹਮਾ ਜਰ ਕੇ ਗਾਂਦੇ ਹਨ। ਇਸ ਤਰ੍ਹਾਂ ਵਾਹਿਗੁਰੂ ਦਾ ਕੇਵਲ ਇਕ ਰੂਪ ਦਾਤਾ ਹੀ ਮਿਥਿਆ ਗਿਆ ਕਿ ਉਹ ਲੋੜਾਂ ਪੂਰੀਆਂ ਕਰਨ ਵਾਲਾ, ਸ਼ਕਤੀ ਦਾ ਮਾਲਕ, ਡਰ ਦੂਰ ਕਰਨ ਵਾਲਾ ਹੈ। ਐਸੇ ਗਾਉਣ ਵਾਲਿਆਂ ਲਈ ਉਹ ਬੇਪ੍ਰਵਾਹ ਹੈ। ਦਾਤਾ, ਪਾਤਸ਼ਾਹ ਜਾਂ ਬੇਪ੍ਰਵਾਹ ਉਸ ਲਈ ਵਰਤੇ ਗਏ ਹਨ। ਦਾਤਾ, ਪਾਤਸ਼ਾਹ ਅਤੇ ਬੇਪ੍ਰਵਾਹ ਸ਼ਬਦਾਂ ਨੂੰ ਸਮਝ ਕੇ ਅਸੀਂ ਕੁਝ ਕੁ ਅੱਗੇ ਲਿਵ ਵਾਲੇ ਪਾਸੇ ਤੁਰ ਸਕਦੇ ਹਾਂ। ਤ੍ਰਾਣ ਵਾਲਾ, ਸਦਾ ਹਾਜ਼ਰ, ਨੇੜੇ ਰਹਿ ਕੇ ਦੂਰ ਰਹਿਣ ਵਾਲਾ, ਆਖਣ ਨਾਲ ਭਾਵੇਂ ਉਸ ਦਾ ਠੀਕ ਰੂਪ ਤਾਂ ਸਾਹਮਣੇ ਨਹੀਂ ਆਉਂਦਾ ਪਰ ਦਾਤਾ ਤੇ ਬੇਪ੍ਰਵਾਹ ਕਹਿਣ ਨਾਲ ਦੋ ਗੱਲਾਂ ਪ੍ਰਗਟ ਹੋ ਆਈਆਂ। **ਇਕ,** ਉਹ ਸਭ ਵਿਚ ਹੈ, ਅਤੇ ਸਭ ਲਈ ਹੈ। **ਦੂਜੇ,** ਉਸ ਦੇ ਕੀਤੇ ਕਰਮਾਂ ਦਾ ਕੋਈ ਪਾਰਾਵਾਰ ਨਹੀਂ। ਬਸ ਉਸ ਨੂੰ ਲੱਭਿਆ ਜਾ ਸਕਦਾ ਹੈ, ਉਸ ਦੀ ਰਚਨਾ ਵਿਚੋਂ ਭਾਵੇਂ ਉਸ ਦਾ ਪੂਰਾ ਸਰੂਪ ਜਾਣਨਾ ਕਠਨ ਹੈ, ਪਰ ਵਿਗਸੈ ਤੇ ਬੇਪ੍ਰਵਾਹ ਹੋਣ ਨਾਲ, ਉਸ ਦੇ ਸਰੂਪ ਦੀ ਕੁਝ ਝਲਕ ਮਿਲ ਸਕਦੀ ਹੈ।

ਬੇਪ੍ਰਵਾਹ ਤੋਂ ਇਕ ਹੋਰ ਗੱਲ ਵੀ ਸਪੱਸ਼ਟ ਹੋਈ ਕਿ ਉਸ ਲਈ ਕੋਈ ਜ਼ਰੂਰੀ ਨਹੀਂ ਸੀ ਕਿ ਉਹ ਸੰਸਾਰ ਸਾਜੇ। ਇਹ ਦਿੱਸਦਾ ਸੰਸਾਰ ਉਸ ਦੀ ਮੌਜ ਹੈ। ਉਹ ਆਪੂੰ ਨਿਰਭਉ ਹੈ, ਉਸ ਤੇ ਕਿਸੇ ਦਾ ਕੋਈ ਦਬਾਅ ਨਹੀਂ। ਉਹ ਬੇਪ੍ਰਵਾਹ ਹੈ। ਸੋ ਇਹ ਜਗਤ ਬੇਪ੍ਰਵਾਹ ਦੀ ਮੌਜ ਹੈ।

ਕਈਆਂ ਇਸੇ ਨੂੰ 'ਲੀਲਾ' ਕਿਹਾ ਹੈ। ਲੀਲਾ ਦਾ ਭਾਵ ਵੀ ਖੇਡ ਹੈ ਅਤੇ ਖੇਡ ਵਿਚ ਜਿੱਥੇ ਹੁਲਾਸ ਤੇ ਵਿਗਾਸ ਜ਼ਰੂਰੀ ਹੈ, ਉੱਥੇ ਬੇਪ੍ਰਵਾਹੀ ਵੀ ਉਤਨੀ ਹੀ ਲਾਜ਼ਮੀ ਹੈ :

**ਵੇਖੈ ਵਿਗਸੈ ਸਭਿ ਰੰਗ ਮਾਣੇ,**
**ਰਚਨੁ ਕੀਨਾ ਇਕੁ ਅਖਾੜਾ।**
**(ਮਾਰੂ ਸੋਲਹੇ ਮਹਲਾ ੫, ਪੰਨਾ ੧੦੮੧)**

ਇਸ ਖ਼ਿਆਲ ਤੇ ਵੀ ਗੁਰੂ ਜੀ ਨੇ ਟਕੋਰ ਕਰ ਦਿੱਤੀ ਕਿ ਵਾਹਿਗੁਰੂ ਦੁਨੀਆਂ ਸਾਜ ਥੱਕ ਨਹੀਂ ਗਿਆ ਤੇ ਸੱਤਵੇਂ ਦਿਨ ਆਰਾਮ ਨਹੀਂ ਕੀਤਾ, ਜਿਵੇਂ ਈਸਾਈ ਲੋਕ ਕਹਿੰਦੇ ਹਨ। 'ਵਿਗਸੈ ਵੇਪਰਵਾਹੁ', ਕਹਿ ਕੇ ਇਸ ਵਿਚਾਰ ਨੂੰ ਵੀ ਰੱਦ ਕਰ ਦਿੱਤਾ ਕਿ ਵਹਿਗੁਰੂ ਆਪਣੇ ਬਣਾਏ ਜੀਵਾਂ ਦੇ ਚਾਲਿਆਂ ਤੇ ਗੁੱਸੇ ਹੋ ਕੇ ਤਬਾਹ ਵੀ ਕਰ ਦੇਂਦਾ ਹੈ। ਵਾਹਿਗੁਰੂ ਸਦਾ ਖਿੜਿਆ ਰਹਿੰਦਾ ਹੈ।

**ਸ਼ਬਦ-ਭਾਵ :**

**ਤਾਣੁ :** ਤ੍ਰਾਣ, ਤਾਕਤ (Might).
**ਦਾਤਿ :** ਮਿਲੀ ਰਹਿਮਤ (Blessings).
**ਨੀਸਾਣੁ :** ਨਿਸ਼ਾਨੀ (Mark).

**ਗਾਵੈ** : ਇਕ ਪਾਸੇ ਲੱਗੇ ਰਹਿਣਾ ।
ਕਿਸੇ ਕੰਮ ਵਿਚ ਲਗਾਤਾਰ ਲੱਗੇ ਰਹਿਣ ਨੂੰ 'ਗਾਵੈ' ਕਹਿਆ ਹੈ ।
ਇਥੇ 'ਗਾਣੇ-ਗੀਤ' ਤੋਂ ਭਾਵ ਨਹੀਂ ।

**ਗੁਣ** : ਸਿਫ਼ਤਾਂ (Atributes).

**ਚਾਰ** : ਸੋਹਣੀਆਂ ।

**ਵਿਦਿਆ ਵਿਖਮ**

**ਵੀਚਾਰੁ** : 'ਵੀਚਾਰਾਂ ਦੀ ਔਖਿਆਈ' ਨੂੰ ਆਮ ਬੋਲੀ ਵਿਚ ਕਰ ਕੇ ਦੱਸਣਾ ਅਤੇ ਪਰਚਾਰਨਾ ।

**ਜੀਅ ਲੈ** : ਸੁਆਸ ਖਿੱਚ ਲੈਂਦਾ ਹੈ ।

**ਫਿਰਿ ਦੇਹ** : ਜਨਮ ਦੇਂਦਾ ਹੈ ।

**ਦਿਸੈ ਦੂਰਿ** : ਅੱਖੀਆਂ ਤੋਂ ਦੂਰ (Transcendence).

**ਹਾਦਰਾ ਹਦੂਰਿ** : ਸਾਹਮਣੇ ਪ੍ਰਤੱਖ (Ever Manifest).

**ਨ ਆਵੈ ਤੋਟਿ** : ਕੋਈ ਅੰਤ ਨਹੀਂ (No End).

**ਕੋਟੀ ਕੋਟਿ ਕੋਟਿ** : ਕਰੋੜਾਂ ਹੀ ਕਰੋੜਾਂ ਵਾਰ ।

**ਦੇਦਾ ਦੇ** : ਦਾਤ ਵੰਡਦੇ ਵੰਡਦੇ ।

**ਜੁਗਾ ਜੁਗੰਤਰਿ** : ਜੁਗ ਦੇ ਜੁਗ (Infinitely).

**ਹੁਕਮੀ ਹੁਕਮੁ ਚਲਾਏ ਰਾਹੁ** : ਹੁਕਮ ਵਾਲੇ ਦੀ ਆਗਿਆ ਹੀ, ਜਗਤ ਨੂੰ ਟੋਰ ਰਹੀ ਹੈ ।

**ਵਿਗਸੈ ਵੇਪਰਵਾਹੁ** : ਸਦਾ ਖਿੜਿਆ ਤੇ ਤੌਖਲੇ ਰਹਿਤ । ਜਗਤ ਨੂੰ ਟੋਰ, ਚਲਾ, ਭੰਨ ਤੋੜ, ਆਪੂੰ ਸਦਾ ਖੇੜੇ ਤੇ ਬੇਫ਼ਿਕਰੀ ਵਿਚ ਹੈ । (Ever in Bliss & Without Anxiety).

SIKHBOOKCLUB.COM

## ੪ (੨)

**ਸਾਚਾ ਸਾਹਿਬੁ ਸਾਚੁ ਨਾਇ, ਭਾਖਿਆ ਭਾਉ ਅਪਾਰੁ ॥**
**ਆਖਹਿ ਮੰਗਹਿ ਦੇਹਿ ਦੇਹਿ, ਦਾਤਿ ਕਰੇ ਦਾਤਾਰੁ ॥**
**ਫੇਰਿ ਕਿ ਅਗੈ ਰਖੀਐ, ਜਿਤੁ ਦਿਸੈ ਦਰਬਾਰੁ ॥**
**ਮੁਹੌ ਕਿ ਬੋਲਣੁ ਬੋਲੀਐ, ਜਿਤੁ ਸੁਣਿ ਧਰੇ ਪਿਆਰੁ ॥**
**ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ ॥**
**ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ ॥**
**ਨਾਨਕ ਏਵੈ ਜਾਣੀਐ, ਸਭੁ ਆਪੇ ਸਚਿਆਰੁ ॥ ੪ ॥**

ਉਹ ਸੱਚਾ ਪਾਤਸ਼ਾਹ ਜੋ ਨਿਰੋਲ ਆਤਮਾ ਰੂਪ ਹੈ ਅਤੇ ਜਿਸ ਬਾਰੇ ਕਈ ਤਰ੍ਹਾਂ ਦੇ ਵਿਚਾਰ ਦਿੱਤੇ ਗਏ ਹਨ, ਜਿਸ ਨੂੰ ਗੁਰੂ ਜੀ ਆਪੂੰ ਦਾਤਾ ਕਹਿੰਦੇ ਹਨ ਅਤੇ ਉਹ ਸਦਾ ਦਾਤਾਂ ਵੰਡਦਾ ਹੈ । ਹੁਣ ਪ੍ਰਸ਼ਨ ਇਹ ਉੱਠਦਾ ਹੈ ਕਿ ਅਸੀਂ ਆਪਣੇ ਅੱਗੇ (ਸਾਹਮਣੇ, ਮਤਵ) ਕੀ ਰੱਖੀਏ ? ਕੀ ਸ਼ਬਦ ਬੋਲੀਏ ਕਿ ਉਸ ਦੇ ਪਿਆਰ ਦੇ ਪਾਤਰ ਬਣ ਜਾਈਏ ? ਪਿਆਰ ਦਾ ਰਿਸ਼ਤਾ ਕਿਵੇਂ ਪਏ ? ਉੱਤਰ ਹੈ ਕਿ ਪ੍ਰਭਾਤ ਸਮੇਂ, ਅੰਮ੍ਰਿਤ ਵੇਲੇ ਟਿਕ ਕੇ,

ਉਸ ਦੀ ਵਡਿਆਈ ਅਨੁਭਵ ਕਰ ਕੇ ਉਸ ਦੇ ਅਸਲ ਰੂਪ ਨੂੰ ਜਾਣਨ ਦੀ ਕੋਸ਼ਿਸ਼ ਕਰੀਏ । ਉਸ ਦੀਆਂ ਵਡਿਆਈਆਂ ਵਿਚਾਰਦੇ-ਵਿਚਾਰਦੇ ਵਾਹਿਗੁਰੂ ਦਿੱਸ ਪਵੇਗਾ :

> **ਦੇਤ ਦਰਸਨੁ,**
> **ਸ੍ਰਵਨ ਹਰਿ ਜਸੁ,**
> **ਰਸਨ ਨਾਮ ਉਚਾਰ । (ਗੂਜਰੀ ਮਹਲਾ ੫)**

ਸੋ ਅਪਾਰ ਪ੍ਰਭੂ ਨਾਲ ਮੇਲ ਕਰਨ ਦਾ ਰਾਹ ਮਿਲਿਆ :
ਭਾਖਿਆ ਅਤੇ ਭਾਖਿਆ ਵੀ ਅਥਾਹ ਪਿਆਰ ਵਾਲੀ ।

ਇਕ ਗੱਲ ਹੋਰ ਸਦਾ ਚੇਤੇ ਰੱਖਣੀ ਚਾਹੀਦੀ ਹੈ ਕਿ ਇਹ ਉਸ ਦੀ ਨਦਰ ਹੀ ਹੈ ਜਿਸ ਕਾਰਨ ਸਾਨੂੰ ਸਰੀਰਕ ਜਾਮਾ ਮਿਲਿਆ ਹੈ ਤੇ ਹੁਣ ਵੀ ਉਸ ਦੀ ਬਖ਼ਸ਼ਸ਼ ਦੁਆਰਾ ਹੀ ਮੁਕਤੀ ਦਾ ਦਰ ਮਿਲੇਗਾ । ਇਹ ਹੀ ਇਕ ਰਾਹ ਹੈ ਕਿਉਂਕਿ ਉਹ ਸਚਿਆਰ ਸਭ ਥਾਂਈਂ ਆਪ ਹੈ । ਉਹ ਆਪ ਦੇਣ ਵਾਲਾ ਹੈ ਇਸ ਲਈ ਕੋਈ ਹੋਰ ਸਾਧਨ ਉਸ ਨੂੰ ਪ੍ਰਾਪਤੀ ਦਾ ਰਾਹ ਨਹੀਂ ਹੋ ਸਕਦਾ । ਨਿਰੋਲ ਰਾਹ ਹੈ ਨਦਰ, ਬਖ਼ਸ਼ਿਸ਼ ।

ਮਾਲਕ ਵਾਹਿਗੁਰੂ ਦੀ ਹਸਤੀ ਅਸਲੀਅਤ (ਸਾਚਾ ਸਾਹਿਬੁ) ਵਾਲੀ ਹੈ ਅਤੇ ਉਸਦਾ ਨਾਂ ਵੀ ਪਾਵਨ, ਹੋਂਦ ਵਾਲਾ ਹੈ । ਅਨੰਤ (ਅਪਾਰੁ) ਹੀ ਬਿਆਨ ਕਰਨ ਦੇ ਢੰਗ ਹਨ ਜਿਸ ਨਾਲ ਉਸ ਪ੍ਰਤੀ ਪਿਆਰ (ਭਾਉ) ਪੈਂਦਾ ਹੈ ।

ਸਭ ਉਸ ਪਾਸੋਂ 'ਦਾਤਾਂ' ਹੀ ਮੰਗਦੇ ਰਹਿੰਦੇ ਹਨ, ਉਹ ਵੀ ਦਾਤਾਂ ਦੀਆਂ ਰਹਿਮਤਾਂ ਕਰੀ ਜਾਂਦਾ ਹੈ ।

ਦਾਤਾਂ ਉਸੇ ਦੀਆਂ ਦਿੱਤੀਆਂ ਹਨ, ਉਨ੍ਹਾਂ ਵਿਚੋਂ ਹੀ ਮੋੜ ਕੇ ਉਸ ਅੱਗੇ ਰੱਖਣ ਨਾਲ ਪਿਆਰ ਨਹੀਂ ਪੈਣਾ । ਕੋਈ ਜੀਵਨ ਦਾ ਨਿਸ਼ਾਨਾ ਹੋਵੇ ਤਾਂ ਜੀਵਨ ਸਫਲ ਜਾਣੋ ।

ਸੋ ਜੀਵਨ ਦਾ ਕੀ ਨਿਸ਼ਾਨਾ ਮਿਥੀਏ (ਫੇਰਿ ਕਿ ਅਗੈ ਰਖੀਐ) ਕਿ ਉਸ ਨਿਸ਼ਾਨੇ ਦੀ ਪ੍ਰਾਪਤੀ ਵੱਲ ਵਧਦੇ ਹੋਏ, ਉਸ ਦੇ 'ਦਰਬਾਰ' ਵਿਖੇ ਜੋ ਹੁੰਦਾ ਹੈ, ਉਸ ਦਾ ਕੁਝ ਕੁ ਦਾ ਪਤਾ ਲੱਗੇ ।

ਕੀ ਬੋਲੀਏ ਮੂੰਹੋਂ ਕਿ ਉਸ ਨੂੰ ਸੁਣਦੇ ਸਾਰ ਹੀ ਪ੍ਰਭੂ ਪਿਆਰ ਕਰੇ ।

ਉਹ ਹੈ, ਉਦਮ ! ਅੰਮ੍ਰਿਤ ਵੇਲੇ ਉਸ ਦੀ ਹੋਂਦ ਦੇ ਪ੍ਰਕਾਸ਼ ਨੂੰ ਅਨੁਭਵ ਕਰਨ ਤੇ ਮਿਲੀਆਂ ਰਹਿਮਤਾਂ ਦਾ ਸ਼ੁਕਰ ਗੁਣ ਗਾ ਪ੍ਰਗਟ ਕਰਨਾ । ਉਸ ਦੀ ਰਹਿਮਤ ਹੋਈ ਤਾਂ ਹੀ ਸਰੀਰ ਰੂਪੀ ਕੱਪੜਾ ਮਿਲਿਆ ਤੇ ਹੁਣ ਰਹਿਮਤ ਕਰ ਕੇ ਹੀ ਉਸ ਦੀ ਮੁਕਤੀ ਵਾਲਾ ਦਰਵਾਜ਼ਾ ਖੁੱਲ੍ਹਣਾ ਹੈ ਤੇ ਸਿਰੋਪਾ ਮਿਲਣਾ ਹੈ । ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਬਸ ਇਹ ਹੀ ਇਕ ਤਰੀਕਾ ਹੈ (ਅੰਮ੍ਰਿਤ ਵੇਲੇ ਜਾਗ, ਉਸ ਦੀਆਂ ਮਿਲੀਆਂ ਰਹਿਮਤਾਂ ਦਾ ਸ਼ੁਕਰ ਕਰਨ ਵਾਲਾ), ਉਸ ਪੂਰਨ ਸ਼ਕਤੀ ਵਾਲੇ (ਸਭ ਆਪੇ) ਤੇ ਹਰ ਥਾਂ ਸਮਾਏ (ਸਚਿਆਰੁ) ਨੂੰ ਜਾਣਨ ਦਾ ।

ਗਿਆਨ ਰਾਹੀਂ ਮੁਕਤੀ ਹਾਸਿਲ ਕਰਨ ਦੇ ਰਾਹ ਵੱਲ ਇਸ਼ਾਰਾ ਉਪਨਿਸ਼ਦ ਕਰਦੇ ਰਹੇ ਹਨ । ਕਰਮ ਰਾਹੀਂ ਮੁਕਤੀ ਗੀਤਾ ਦੇ ਮੀਮਾਂਸਾਂ ਆਖਦੇ ਰਹੇ ਹਨ ਪਰ ਇਹ ਨਾ ਮਿਲ ਸਕੀ । ਭਟਕਣਾ ਕਾਇਮ ਰਹੀ । ਭਗਤੀ ਤੇ ਪਿਆਰ ਕਰਦੇ ਰਹਿਮਤ ਹੋਈ ਤਾਂ ਸਰੀਰ ਪ੍ਰਾਪਤ ਹੋਇਆ । ਸੋ ਉਸੇ ਭਗਤ—ਪਿਆਰ ਦੇ ਰਾਹ ਹੀ ਆਤਮਾ ਪ੍ਰਮਾਤਮਾ ਤਕ ਪੱਜ ਸਕੇਗੀ । ਨਦਰ ਲੈਣ ਲਈ ਘਾਲਣਾ ਕਰੇਗਾ, ਧਰਮ ਕਮਾਇਗਾ (ਧਰਮ ਖੰਡ) ਗਿਆਨ ਪ੍ਰਾਪਤ ਕਰੇਗਾ ਅਤੇ ਮਿਲੇ (ਗਿਆਨ ਖੰਡ) ਗਿਆਨ ਰਾਹੀਂ (ਸਰਮ ਖੰਡ) ਸਰਮ, ਸੇਵਾ ਕਰੇਗਾ । ਘਾਲਣਾ ਤੋਂ ਬਖਸ਼ਸ਼ ਤੇ ਫਿਰ ਸੇਵਾ ਕਰਦੇ ਸੱਚ ਖੰਡ ਦਾ ਵਾਸੀ ਹੋ ਜਾਏਗਾ ਅਤੇ ਨਦਰ ਪ੍ਰਾਪਤ ਕਰ ਕੇ ਸਰੀਰ ਤੋਂ ਮੁਕਤ ਹੋ ਜਾਏਗਾ ।

ਜਪੁਜੀ ਵਿਚ ਇਹ ਹੀ ਰਾਹ ਉਸਾਰ, ਸਾਡਾ ਪਾਰ ਉਤਾਰਾ ਕਰਾਇਆ ਹੈ ।

ਨਦਰ ਲਈ ਭਲਾ ਘਾਲ ਕੀ ਹੋਈ ? ਇਹ ਪ੍ਰਸ਼ਨ ਅੰਦਰੋਂ ਬਾਰ-ਬਾਰ ਉੱਠਦਾ ਹੈ । ਗੁਰੂ ਅੰਗਦ ਸਾਹਿਬ ਕੋਲੋਂ ਬਾਬਾ ਬੁੱਢਾ ਜੀ ਨੇ ਪੁੱਛਿਆ ਸੀ ਕਿ ਉਨ੍ਹਾਂ ਨੇ ਕਿਵੇਂ ਪਾਇਆ ਤਾਂ ਗੁਰੂ ਅੰਗਦ ਦੇਵ ਜੀ ਦਾ ਉੱਤਰ ਸੀ : ਕ੍ਰਿਪਾ ਦੀ ਘਾਲ ਘਾਲ ਕੇ ।

ਭਾਈ ਨੰਦ ਲਾਲ ਜੀ ਨੇ ਜ਼ਿੰਦਗੀ-ਨਾਮਾ ਵਿਚ ਲਿਖਿਆ ਹੈ ਕਿ ਰੱਬ ਦੇ ਰਾਹ ਵਿਚ ਅਦਬ ਵਿਚ ਰਹਿਣ ਤੋਂ ਸਿਵਾ ਹੋਰ ਕੋਈ ਵੱਡੀ ਸਿੱਖਿਆ ਨਹੀਂ । ਜਗਿਆਸੂ ਲਈ ਉਸ ਦੇ ਭਾਣੇ ਤੋਂ ਸਿਵਾ ਹੋਰ ਕੋਈ ਉੱਚੀ ਗੱਲ ਨਹੀਂ :

**ਦਰ ਰਾਹਿ ਹੱਕ ਜੁਜ਼ ਅਦਬ, ਤਾਅਲੀਮ ਨੀਸਤ ।**
**ਤਾਲਿਬਿ ਊ ਰਾ ਬਜੁਜ਼, ਤਸਲੀਮ ਨੀਸਤ ॥ ੩੧੨ ॥**

ਬੇਸ਼ੱਕ ਮੌਲਾ ਹੋ ਜਾਏ, ਪਰ ਜੀਵਨ ਬੰਦਗੀ, ਵਿਚ ਹੀ ਗੁਜ਼ਾਰਨਾ ਚੰਗੇਰਾ ਹੈ । ਅਰਦਾਸ ਦੇ ਅੰਤ ਵਿਚ ਜੋ 'ਤੇਰੇ ਭਾਣੇ ਸਰਬਤ ਦਾ ਭਲਾ' ਕਹਿੰਦੇ ਹਾਂ, ਉਸ ਦਾ ਭਾਵ ਵੀ ਇਹ ਹੈ ਕਿ **ਸਰਬਤ ਦਾ ਭਲਾ, ਉਸ ਦੇ ਭਾਣੇ** ਵਿਚ ਹੈ ।

**ਸ਼ਬਦ-ਭਾਵ :**

**ਸਾਚਾ ਸਾਹਿਬ** : ਮਾਲਕ ਵਾਹਿਗੁਰੂ ਦੀ ਹੋਂਦ ਹਸਤੀ ਹੈ ।

**ਭਾਖਿਆ ਭਾਉ**

**ਅਪਾਰੁ** : ਉਸ ਨਾਲ ਪਿਆਰ ਜਤਲਾਉਣ ਦੇ ਅਨੇਕਾਂ ਹੀ ਢੰਗ ਹਨ ।

**ਅਗੈ ਰਖੀਐ** : ਸਾਹਮਣੇ ਕੀ ਰਖੀਏ, ਮੰਤਵ ਕੀ ਹੋਵੇ ।

**ਕਰਮੀ ਆਵੈ**

**ਕਪੜਾ** : ਸਰੀਰ ਮਿਲਿਆ ਹੈ, ਰਹਿਮਤ ਕਰ ਕੇ ।

**ਮੋਖੁ ਦੁਆਰੁ** : ਮੁਕਤੀ ਦਾ ਦਰਵਾਜ਼ਾ ।

**ਸਭੁ ਆਪੇ** : ਆਪ ਹੈ ਵਾਹਿਗੁਰੂ ਸਭੁ ਕੁਝ (Almighty & Absolute)

ਪ (੨)

**ਥਾਪਿਆ ਨ ਜਾਇ, ਕੀਤਾ ਨਾ ਹੋਇ ॥**
**ਆਪੇ ਆਪਿ ਨਿਰੰਜਨੁ ਸੋਇ ॥**
**ਜਿਨਿ ਸੇਵਿਆ, ਤਿਨਿ ਪਾਇਆ ਮਾਨੁ ॥**

ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ, ਰਖੀਐ ਭਾਉ ॥
ਦੁਖੁ ਪਰਹਰਿ, ਸੁਖੁ ਘਰਿ ਲੈ ਜਾਇ ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ,
ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ, ਗੁਰੁ ਗੋਰਖੁ ਬਰਮਾ
ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ,
ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥ ੫ ॥

ਉਹ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੈ, ਉਹ ਸੁਤੇ-ਸਿਧ ਹੈ । ਨਾ ਉਹ ਪੈਦਾ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸਾਡੇ ਬਣਾਇਆਂ ਬਣਦਾ ਹੈ । ਜਿਸ ਨੇ ਉਸ ਨੂੰ ਸਿਮਰਿਆ ਹੈ, ਉਸੇ ਨੂੰ ਦਰਸ਼ਨ ਦੀ ਰਤਾ ਕੁ ਝਲਕ ਮਿਲ ਜਾਂਦੀ ਹੈ । ਸੋ ਉਸ ਦੇ ਗੁਣਾਂ ਅਤੇ ਦਾਤਾਂ ਦੀ ਹੀ ਸਿਫ਼ਤ ਸਾਲਾਹ ਕਰਨੀ ਉਸ ਨੂੰ ਪੇਖਣਾ ਹੈ । ਗੁਣ ਗਾ ਕੇ, ਸੁਣ ਕੇ, ਫਿਰ ਉਨ੍ਹਾਂ ਤੇ ਬਗੈਰ ਕਿੰਤੂ ਕੀਤਿਆਂ, ਪਿਆਰ ਦਾ ਰੂਪ ਹੋ ਕੇ ਤੁਰਿਆਂ ਵਿਛੋੜੇ ਦੇ ਦੁੱਖ ਦੂਰ ਹੋਈ ਚਲੇ ਜਾਂਦੇ ਹਨ ਅਤੇ ਸੁੱਖ ਦੇ ਘਰ ਪੁੱਜ ਜਾਈਦਾ ਹੈ । ਇਹ ਵਿਸ਼ਵਾਸ ਪੱਕਾ ਰੱਖਣਾ ਹੈ ਕਿ ਗੁਰੂ ਸ਼ਬਦ ਵਿਚ ਹੀ ਸੁੱਖ ਉਪਜਾਉਣ ਵਾਲੀ ਧੁਨੀ ਨਾਦ ਤੇ ਵੇਦ (ਗਿਆਨ) ਹੈ ਅਤੇ ਠੀਕ ਗੱਲ ਤਾਂ ਇਹ ਹੈ ਕਿ ਗੁਰੂ ਦੇ ਸ਼ਬਦ ਵਿਚ ਹੀ ਉਸ ਪ੍ਰਭੂ ਦਾ ਲਿਸ਼ਕਾਰਾ ਹੈ । ਗੁਰੂ ਸ਼ਬਦ ਵਿਚ ਸ਼ਿਵ, ਵਿਸ਼ਨੂੰ, ਬ੍ਰਹਮਾ ਤੇ ਪਾਰਬਤੀ ਹੈ :

ਗੁਰ ਕੀ ਸੇਵਾ ਸਬਦੁ ਵੀਚਾਰੁ ।
ਹਉਮੈ ਮਾਰੇ ਕਰਣੀ ਸਾਰ । ੭ ।
(ਗਉੜੀ ਮਹਲਾ ੧, ਪੰਨਾ ੨੨੩)

ਹੁਣ ਇਹ ਗੱਲ ਦੱਸਣੀ ਰਹਿ ਗਈ ਕਿ ਜੇ ਉਸ ਨੂੰ ਜਾਣ ਲਈਏ ਤਾਂ ਕੀ ਉਸ ਦਾ ਵਰਣਣ ਕੀਤਾ ਜਾ ਸਕਦਾ ਹੈ ? ਉੱਤਰ ਹੈ : ਬਿਲਕੁਲ ਨਹੀਂ । ਕਿਉਂਕਿ ਉਸ ਨੂੰ ਅੱਖਰਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ । ਸੋ ਸਾਡੇ ਲਈ ਇਹ ਹੀ ਬਣ ਆਂਵਦਾ ਹੈ ਕਿ ਗੁਰਬਾਣੀ ਰਾਹੀਂ ਇਕ ਗੱਲ ਦ੍ਰਿੜ੍ਹ ਕਰ ਲਈਏ ਕਿ ਸਭ ਦਾ ਦਾਤਾ ਉਹ ਹੈ ਅਤੇ ਜਿਸ ਰਾਹੀਂ ਜੀਅ ਪ੍ਰਾਨ ਤੁਰਦੇ ਹਨ, ਉਸ ਨੂੰ ਵਿਸਾਰਨਾ ਨਹੀਂ ਚਾਹੀਦਾ ।

ਉਹ ਮੰਦਰਾਂ ਵਿਚ ਟਿਕਾਇਆ ਨਹੀਂ ਜਾ ਸਕਦਾ । ਨਾ ਹੀ ਕਿਸੇ 'ਕਲਾ' ਦੁਆਰਾ ਦਰਸਾਇਆ ਜਾ ਸਕਦਾ ਹੈ । ਜਿਵੇਂ ਮੂਰਤੀਆਂ ਬਣਾ ਕੇ ਥਾਪਦੇ ਹਨ । ਉਹ 'ਆਪੇ ਆਪ' ਤੇ ਹਰ ਗੱਲ ਤੋਂ ਰਹਿਤ ਹੈ । ਦਰਬਾਰ ਵਿਚ ਉਸੇ ਨੂੰ ਇੱਜ਼ਤ ਆਦਰ ਮਿਲੇਗਾ ਜਿਸ ਭਗਤੀ (ਸੇਵਾ) ਕੀਤੀ । ਮੂਰਤੀ-ਪੂਜ ਨੂੰ ਨਹੀਂ ।

ਸੋ ਗੁਰੂ ਨਾਨਕ ਦੇਵ ਜੀ 'ਨਾਨਕ' ਛਾਪ ਲਗਾ ਕੇ ਕਹਿੰਦੇ ਹਨ ਕਿ ਪਤਿ ਪ੍ਰਾਪਤੀ ਲਈ ਉਸਦੇ ਗੁਣ ਗਾਓ ਜੋ ਅਮੁਕ ਹਨ। **'ਗੁਣੀ ਨਿਧਾਨੁ'**। ਜੋ ਉਸ ਦੀ ਸਿਫ਼ਤ-ਸਾਲਾਹ, ਚਾਅ ਨਾਲ, ਮਨ ਲਗਾ ਕੇ ਕਰਦੇ, ਸੁਣਦੇ ਹਨ ਅਤੇ ਐਸਾ ਕਰਦੇ ਸੁਣਦੇ ਹੰਕਾਰ ਵਿਚ ਨਹੀਂ ਆਉਂਦੇ, ਅੰਦਰ ਟਿਕਵਾਂ ਪਿਆਰ ਰੱਖ ਕੇ ਜੁੜੇ ਰਹਿੰਦੇ ਹਨ । 'ਰਖੀਐ ਭਾਉ ।'

ਐਸਿਆਂ ਦੇ, ਜੋ 'ਗਾਵੀਐ ਸੁਣੀਐ ਮਨਿ' ਅਤੇ ਅੰਦਰ ਟਿਕਵਾਂ ਪਿਆਰ ਉਪਜਾ ਲੈਂਦੇ ਹਨ, ਉਨ੍ਹਾਂ ਦੇ ਵਿਛੋੜੇ ਦੇ ਸਭ ਦੁੱਖ ਦੂਰ ਹੋ ਜਾਂਦੇ ਹਨ ਤੇ ਸੁੱਖ ਦੇ ਘਰ ਪ੍ਰਵੇਸ਼ ਕਰ ਜਾਂਦੇ ਹਨ ।

ਗੁਰੂ ਦੁਆਰਾ ਆਇਆ ਸ਼ਬਦ ਹੀ ਰਹਸਮਈ ਆਵਾਜ਼ (ਨਾਦ) ਹੈ, ਜਿਸ ਨੂੰ ਸੁਣਨ ਲਈ ਜੋਗੀ ਤਰਸਦੇ ਹਨ । ਗੁਰੂ ਦੁਆਰਾ ਆਇਆ ਸ਼ਬਦ ਹੀ ਸਹੀ ਵੇਦ ਹੈ ਤੇ ਉਹ ਸ਼ਬਦ ਹਰ ਥਾਂ ਪਸਰਿਆ ਹੈ ।

ਸ਼ਬਦ ਬਗੈਰ ਕੁਝ ਵੀ ਨਹੀਂ । ਉਹ ਹੀ ਸ਼ਿਵ ਹੈ, ਵਿਸ਼ਨੂੰ ਹੈ ਤੇ ਬ੍ਰਹਮਾ ਹੈ । ਉਹ ਹੀ ਦੇਵੀਆਂ—ਪਾਰਬਤੀ, ਲਕਸ਼ਮੀ ਜਾਂ ਸਰਸਵਤੀ ਹੈ ।

ਜੇ ਇਸ ਸ਼ਬਦ ਰਾਹੀਂ ਉਸ ਵਾਹਿਗੁਰੂ ਦੀ ਵਡਿਆਈ ਦਾ ਕੁਝ ਅੰਦਾਜ਼ਾ ਹੋ ਵੀ ਜਾਏ ਤਾਂ ਬਿਆਨ ਨਹੀਂ ਕੀਤਾ ਜਾ ਸਕਦਾ । ਉਸਦਾ ਸੁਆਦ, ਦੱਸਿਆ ਨਹੀਂ ਜਾ ਸਕਦਾ । ਲਫ਼ਜ਼ਾਂ ਵਿਚ ਕੋਈ ਸ਼ਕਤੀ ਨਹੀਂ ਹੈ, ਜੋ ਉਸ ਦਾ ਵਰਣਨ ਕਰ ਸਕੇ । ਸ਼ਬਦ ਰਾਹੀਂ ਇਕ ਗੱਲ ਦੀ ਸਮਝ ਆ ਗਈ ਹੈ ਕਿ ਸਭ ਦਾ ਰਿਜ਼ਕ ਦਾਤਾ ਉਹ ਹੈ, ਸੋ ਇਹ ਅਰਜ਼ੋਈ ਹੈ ਕਿ ਉਹ ਕਦੇ ਨਾ ਵਿਸਰੇ ।

ਸਿਮਰਨ ਪਕਾਉਣਾ, ਉਸ ਨੂੰ ਪਾਉਣਾ ਹੈ । ਇਸੇ ਪ੍ਰਥਾਇ ਭਾਈ ਗੁਰਦਾਸ ਜੀ ਨੇ ਕਿਹਾ ਹੈ ਕਿ ਗੁਰਸਿੱਖ ਅੰਦਰ ਤਾਂ ਦੇਵੀ, ਦੇਵਤੇ ਤੇ ਤੰਤ੍ਰ ਮੰਤ੍ਰ ਲਈ ਫੁਰਨਾ ਤਕ ਨਹੀਂ ਉੱਠਣਾ ਚਾਹੀਦਾ :

**ਦੇਵੀ ਦੇਵ ਨ ਸੇਵਕਾ,**
**ਤੰਤ ਮੰਤ ਨ ਫੁਰਨ ਵਿਚਾਰੇ ।**
**ਵੇਦ ਕਤੇਬਾ ਅਸ਼ਟਧਾਤ,**
**ਪੂਰਾ ਸਤਿਗੁਰ ਸਬਦਿ ਸਵਾਰੇ ।**
**ਗੁਰਮੁਖ ਪੰਥ ਸੁਹਾਵੜਾ,**
**ਧੰਨ ਗੁਰੂ ਧੰਨ ਗੁਰੂ ਪਿਆਰੇ ।**

ਜਦ ਕੋਈ ਉਸ ਨੂੰ ਬਣਾ ਜਾਂ ਥਾਪ ਨਹੀਂ ਸਕਦਾ ਤਾਂ ਇਕੋ ਹੀ ਰਾਹ ਸਾਡੇ **ਲਈ** ਰਹਿ ਗਿਆ ਕਿ ਆਪਣਾ ਮਨ ਉਸ ਵੱਲ ਮੋੜਿਆ ਜਾਏ । ਕਿਸੇ ਹੋਰ ਦਾ ਸਹਾਰਾ **ਭਾਵੇਂ** ਉਹ ਕਿਤਨਾ ਹੀ ਵੱਡਾ ਹੈ, ਲੈ ਕੇ ਤੁਰਨ ਨਾਲ ਉਸ ਦੀ ਪ੍ਰਾਪਤੀ ਨਹੀਂ ਹੋ **ਸਕਦੀ ।** ਆਪਣਾ ਮਨ ਨਿਰੋਲ ਉਸ ਦੇ ਦਾਤੇ ਰੂਪ ਵੱਲ ਮੋੜਨ ਨਾਲ ਹੀ ਉਹ ਮਿਲ ਸਕੇਗਾ । **ਮਨ** ਮੋੜਿਆ ਜਾ ਸਕਦਾ ਹੈ :

**ਗਾਉਣ ਨਾਲ**
**ਸੁਣਨ ਨਾਲ ।**

ਗਾਉਣਾ ਸੁਣਨਾ ਵੀ ਮਨ ਨਾਲ । ਹੋਰ ਧਿਆਨ ਲਾਂਭੇ ਰੱਖ ਕੇ ਅਤੇ ਸਦਾ ਅੰਦਰ ਟਿੱਕਵਾਂ ਪਿਆਰ ਰੱਖਣ ਨਾਲ । ਉਤਸ਼ਾਹ ਨਾ ਡਿੱਗਣ ਦੇਣ ਨਾਲ ;

**ਗਾਵੀਐ, ਸੁਣੀਐ ਮਨਿ, ਰਖੀਐ ਭਾਉ ।**

ਜਿਸ ਨੇ ਐਸਾ ਕੀਤਾ ਉਹ ਉਸ ਵਿਚ ਸਮਾ ਗਿਆ । ਅਜਿਹਾ ਕਰਨ ਵਾਲੇ **ਸੁੱਖ** ਦੇ ਘਰ ਪੁੱਜ ਜਾਣਗੇ । ਸੁਣਨ, ਮੰਨਣ ਤੇ ਨਿਧਆਸਣ (ਧਿਆਨ) ਦੀਆਂ ਤਿੰਨ ਮਰਯਾਦਾ ਮਿੱਥੀਆਂ ਗਈਆਂ ਹਨ, ਉਸ ਤਕ ਪੁੱਜਣ ਲਈ । ਇਹ ਸਭ ਸਾਧਨ ਹਨ । ਜਦ ਧਿਆਨ ਸਿਮਰਨ ਰਾਹੀਂ ਪੱਕ ਜਾਂਦਾ ਹੈ ਤਾਂ ਉਸ ਸਮੇਂ ਸ਼ਾਂਤ ਰਸ ਛਾ ਜਾਂਦਾ ਹੈ ਅਤੇ ਆਤਮਾ ਦਰ ਪ੍ਰਵਾਨ ਹੋਣ ਲਈ ਤਿਆਰ ਖੜ੍ਹੀ ਹੋ ਜਾਂਦੀ ਹੈ ।

ਸੁਣਨ ਤੇ ਮੰਨਣ ਨੂੰ ਜਪੁਜੀ ਵਿਚ ਮਨ ਨਾਲ ਕਰਨਾ ਲਿਖਿਆ ਹੈ ਤੇ ਧਿਆਨ ਨੂੰ 'ਰਖੀਐ ਭਾਉ' ਟਿਕਵਾਂ ਪਿਆਰ, ਮਾਨਸਿਕ ਸਹਿਜ ਕਿਹਾ ਹੈ ।

ਇਨ੍ਹਾਂ ਤਿੰਨਾਂ ਮਰਯਾਦਾਵਾਂ ਦੀ ਵਿਆਖਿਆ ਅੱਗੋਂ ਅੱਠਵੀਂ ਤੋਂ ਗਿਆਰ੍ਹਵੀਂ, ਬਾਰ੍ਹਵੀਂ ਤੋਂ ੧੯ਵੀਂ ਅਤੇ ਫਿਰ ਵੀਹਵੀਂ ਤੋਂ ਛੱਬੀਵੀਂ ਪਉੜੀ ਵਿਚ ਕੀਤੀ ਹੈ । ਬਗ਼ੈਰ ਇਨ੍ਹਾਂ ਪਉੜੀਆਂ ਤੇ ਚੜ੍ਹਿਆਂ, **ਸੋ ਦਰ** ਪੁੱਜਣਾ ਕਠਨ ਹੈ ।

ਇਸ ਪਉੜੀ ਵਿਚ ਇਕ ਹੋਰ ਗੱਲ ਕਹੀ ਹੈ ਕਿ ਨਾਮ ਕਿਸੇ ਨੂੰ ਦਿੱਤਾ ਨਹੀਂ ਜਾ ਸਕਦਾ, ਆਪ ਕਿਰਪਾ ਦੀ ਘਾਲ, ਘਾਲ ਕੇ ਪ੍ਰਾਪਤ ਕਰਨਾ ਹੈ । ਨਾਮ ਕਿਸੇ ਕੋਲੋਂ ਮਿਲ ਨਹੀਂ ਸਕਦਾ । 'ਆਪੇ ਆਪਿ ਨਿਰੰਜਨੁ ਸੋਇ ।' ਬੜੀ ਕਰਾਰੀ ਚੋਟ ਮਾਰੀ ਹੈ ਉਨ੍ਹਾਂ ਲੋਕਾਂ ਤੇ ਜੋ ਕਹੀ ਫਿਰਦੇ ਹਨ ਕਿ ਅਸਾਂ ਨਾਮ ਫਲਾਂ ਕੋਲੋਂ ਲਿਆ ਹੈ । ਇਸ ਤਰ੍ਹਾਂ ਨਾਮ ਦੇਣ ਵਾਲੇ ਲੋਕ 'ਗਲ ਫ਼ਰੋਸ਼' ਹਨ । ਜੰਦਰਾ ਅੰਦਰੋਂ ਬੰਦ ਵਾਹਿਗੁਰੂ ਨੇ ਆਪ ਕੀਤਾ ਹੈ । 'ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ' ਅਤੇ ਕੁੰਜੀ ਗੁਰ (ਬਾਣੀ) ਪਾਸ ਹੈ । ਖੋਲ੍ਹਣੀ ਉਸ ਨੇ ਹੈ ਜੋ ਅੰਦਰ ਬੈਠਾ ਹੈ । ਇਹ ਖੁੱਲ੍ਹਦੀ ਹੈ, ਗਾਵਣ, ਸੁਣਨ ਤੇ ਟਿਕਵੇਂ ਪਿਆਰ ਨਾਲ । ਇਕ ਹੋਰ ਗੱਲ ਦੇਖੋ । ਵਾਹਿਗੁਰੂ ਦੇ ਰੂਪ ਹਨ । 'ਸਰਗੁਣ, ਨਿਰਗੁਣ, ਨਿਰੰਕਾਰ, ਸੁੰਨ, ਸਮਾਧੀ ਆਪਿ ।' ਪੁੱਜਣਾ ਆਪਿ ਤਕ ਹੈ । ਰਤਾ ਕੁ ਗਹੁ ਕਰੋ । ਸਰਗੁਣ ਨਾਲੋਂ ਨਿਰਗੁਣ ਨੂੰ ਜਾਣਨਾ ਜ਼ਰਾ ਕਠਿਨ ਹੈ । ਨਿਰਗੁਣ ਨਾਲੋਂ ਨਿਹੰਕਾਰ ਨੂੰ ਪਾਉਣਾ ਵਧੇਰੇ ਸੂਖਮ ਹੈ । ਨਿਰੰਕਾਰ ਤੋਂ ਸੁੰਨਿ ਅਵਸਥਾ ਜਾਨਣੀ ਹੋਰ ਮੁਸ਼ਕਲ ਹੈ । ਸਮਾਧੀ ਵਿਚ ਜਾਣਾ ਬੜਾ ਜਤਨ ਮੰਗਦਾ ਹੈ ਤੇ ਆਪਿ ਨੂੰ ਪਾਉਣਾ ਬਹੁਤ ਹੀ ਘਾਲ ਮੰਗਦਾ ਹੈ, ਪਰ ਉਹ ਮਿਲ ਜਾਂਦਾ ਹੈ ਜੇ ਬਾਹਰਲੇ ਸਹਾਰੇ ਨਾਹ ਤੱਕੇ ਜਾਣ ।

ਗੁਰੂ ਨਾਨਕ ਜੀ ਨੇ ਹੀ ਰਾਮਕਲੀ ਰਾਗ ਵਿਚ ਫ਼ਰਮਾਇਆ ਹੈ ਕਿ :

**ਸਭਿ ਨਾਦ ਬੇਦ ਗੁਰਬਾਣੀ ।**
**ਮਨੁ ਰਾਤਾ ਸਾਰਿਗ ਪਾਣੀ ।**

**(ਗੁਰੂ ਗ੍ਰੰਥ ਸਾਹਿਬ, ਪੰਨਾ ੮੧੯)**

ਅਤੇ ਪ੍ਰਭੂ ਵੀ ਅਪ੍ਰੰਪਰ ਸ਼ਬਦ ਵਿਚ ਹੀ ਸਮਾਇਆ ਹੈ :

**"ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ।"**

**(ਵਾਰ ਮਲਾਰ ਮਹਲਾ ੧, ਪੰਨਾ ੧੨੭੯)**

ਗੁਰੂ ਅਰਜਨ ਦੇਵ ਜੀ ਨੇ ਆਸਾ ਰਾਗ ਵਿਚ ਇਸੇ ਸਬੰਧ ਵਿਚ ਉਚਾਰਿਆ ਹੈ :

**ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ।**
**ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ।**
**(ਗੁਰੂ ਗ੍ਰੰਥ ਸਾਹਿਬ, ਪੰਨਾ ੩੯੭)**

**ਸ਼ਬਦ-ਭਾਵ :**

**ਥਾਪਿਆ :** ਖ਼ਾਸ ਰੀਤੀ ਕਰ ਮੰਦਰ ਵਿਚ 'ਬੁੱਤ' ਅਸਥਾਪਣ ਕਰਨਾ ।
**ਕੀਤਾ ਨ ਹੋਇ :** ਕੋਈ 'ਕਲਾ' ਉਸ ਨੂੰ ਖੜਾ ਨਹੀਂ ਕਰ ਸਕਦੀ । ਉਹ ਕੋਈ ਸਥੂਲ ਨਹੀਂ ਹੈ ।
**ਆਪੇ ਆਪਿ :** ਕਿਸੇ ਸਹਾਰੇ ਦੀ ਲੋੜ ਨਹੀਂ ।
**ਨਰਿੰਜਨੁ :** ਮੁਲ ਰਹਿਤ ।
**ਸੇਵਿਆ :** ਭਗਤੀ; ਸਿਮਰਨ ।
**ਰਖੀਐ ਭਾਉ :** ਪਿਆਰ ਵਿਚ ਤੋਟ ਨ ਆਉਣ ਦੇਵੀਏ ।
**ਪਰਹਰਿ :** ਖ਼ਤਮ ਕਰਨਾ (Annuled).
**ਸੁਖ ਘਰਿ :** ਹਿਰਦੇ ਵਿਚ ਸਦਾ ਅਨੰਦ ਰਹਿਣਾ ।
**ਗੁਰਮੁਖਿ :** ਗੁਰੂ ਦਾ ਵਾਕ, ਸ਼ਬਦ ।
**ਨਾਦ :** ਰਹਸਮਈ ਆਤਮਕ ਉੱਠੀ ਆਵਾਜ਼ (Mystic Sound).
**ਪਾਰਬਤੀ ਮਾਈ :** ਪਾਰਬਤੀ ਤੇ ਹੋਰ ਦੇਵੀਆਂ, ਲਕਸ਼ਮੀ ਤੇ ਸਰਸਵਤੀ ।
**ਆਖਾ ਨਾਹੀ :** ਬਿਆਨ ਨਹੀਂ ਹੋ ਸਕਦਾ ।
**ਬੁਝਾਈ :** ਆਤਮਿਕ ਸੂਝ ।

**੬ (੨)**

**ਤੀਰਥਿ ਨਾਵਾ ਜੇ ਤਿਸੁ ਭਾਵਾ**
**ਵਿਣੁ ਭਾਣੇ ਕਿ ਨਾਇ ਕਰੀ ॥**
**ਜੇਤੀ ਸਿਰਠਿ ਉਪਾਈ ਵੇਖਾ**
**ਵਿਣੁ ਕਰਮਾ ਕਿ ਮਿਲੈ ਲਈ ॥**
**ਮਤਿ ਵਿਚਿ ਰਤਨ ਜਵਾਹਰ ਮਾਣਿਕ,**
**ਜੇ ਇਕ ਗੁਰ ਕੀ ਸਿਖ ਸੁਣੀ ॥**
**ਗੁਰਾ ਇਕ ਦੇਹਿ ਬੁਝਾਈ ॥**
**ਸਭਨਾ ਜੀਆ ਕਾ ਇਕੁ ਦਾਤਾ**
**ਸੋ ਮੈ ਵਿਸਰਿ ਨਾ ਜਾਈ ॥ ੬ ॥**

ਤੀਰਥਾਂ ਤੇ ਜਾ ਕੇ ਤਾਂ ਇਸ਼ਨਾਨ ਕਰਾਂ ਜੇ ਇਸ ਤਰ੍ਹਾਂ ਕਰਨ ਨਾਲ ਉਸ ਪ੍ਰਮਾਤਮਾ ਨੂੰ ਰੀਝਾ ਸਕਾਂ, ਪਰ ਜੇ ਇਸ ਤਰ੍ਹਾਂ ਪ੍ਰਮਾਤਮਾ ਖ਼ੁਸ਼ ਨਹੀਂ ਹੋਣਾ ਤਾਂ ਮੈਂ ਤੀਰਥ ਤੇ ਇਸ਼ਨਾਨ ਕਰ ਕੇ ਕੀ ਖੱਟਿਆ ? ਪਰ ਸਾਰੀ ਸ੍ਰਿਸ਼ਟੀ ਵਿਚ ਇਕ ਗੱਲ ਡਿੱਠੀ ਹੈ ਕਿ ਬਗੈਰ ਕੁਝ ਕੀਤੇ (ਕਰਮਾ) ਕਿਸੇ ਨੂੰ ਕੁਝ ਕਦੇ ਮਿਲਿਆ ਨਹੀਂ, ਕੋਈ ਕੁਝ ਲੈ ਨਹੀਂ

ਸਕਿਆ । ਸੋ ਮਨ ਕਰਮ ਕਰਨ ਲਈ ਦੌੜਦਾ ਹੈ ਭਾਵੇਂ ਉਹ ਫੋਕਟ ਹਨ । **ਸੋ ਠੀਕ ਘਾਲ,** ਕਰਮਾਂ ਦੇ ਟਾਕਰੇ ਇਹ ਹੈ ਕਿ ਜੇ ਸਤਿਗੁਰੂ ਦੀ ਸਿਰਫ਼ ਇਕ ਸਿੱਖਿਆ ਸੁਣ ਲਈ ਜਾਏ ਤਾਂ ਮਨੁੱਖ ਦੀ ਬੁੱਧ ਦੇ ਅੰਦਰ ਰਤਨ, ਜਵਾਹਰ ਤੇ ਮੋਤੀ ਆ ਜਾਂਦੇ ਹਨ । ਇਹ ਗੱਲ ਦ੍ਰਿੜ੍ਹ ਕਰਨੀ ਹੈ ਕਿ ਰਾਜ਼ਿਕ ਦਾਤਾ ਉਹ ਪ੍ਰਭੂ ਹੈ । ਸੋ ਘਾਲ ਕਰਦਿਆਂ, ਕਿਰਤ ਕਮਾਈ ਕਰਦਿਆਂ, ਉਸ ਨੂੰ ਵਿਸਾਰਨਾ ਨਹੀਂ :

**"ਅੰਤਰਿ ਰਤਨ ਜਵੇਹਰ ਮਾਣਕ,**
**ਗੁਰ ਕ੍ਰਿਪਾ ਤੇ ਲੀਜੇ ।"**

ਇਕ ਹੋਰ ਕਰਮ, ਸਾਧਨ, ਮਨ ਦੀ ਪਵਿੱਤਰਤਾ ਲਈ ਇਸ਼ਨਾਨ ਸਮਝਿਆ ਜਾਂਦਾ ਸੀ । ਇਥੇ ਫਿਰ ਦੁਹਰਾਂਦੇ ਹਨ ਕਿ ਇਹ ਕਰਮ ਵਿਅਰਥ ਹਨ । ਇਸ ਤਰ੍ਹਾਂ ਮਨ ਦੀ ਪਵਿੱਤਰਤਾ ਨਹੀਂ ਆ ਸਕਦੀ । ਲੋੜੀ ਤਾਂ ਉਸ ਦੀ ਖ਼ੁਸ਼ੀ ਹੈ ਅਤੇ ਖ਼ੁਸ਼ੀ ਕਿਰਤ ਕਰਦਿਆਂ, ਉਸ ਨੂੰ ਨਾ ਵਿਸਾਰਨ ਵਿਚ ਹੈ । ਇਹ ਦ੍ਰਿੜ੍ਹ ਕਰਨ ਵਿਚ ਹੈ ਕਿ ਸਭ ਦਾਤਾਂ ਉਹ ਹੀ ਦੇਣ ਵਾਲਾ ਹੈ ।

ਨਦੀਆਂ ਜਿਨ੍ਹਾਂ ਨੂੰ ਪਾਵਨ ਜਾਣ ਤੀਰਥ ਕਿਹਾ ਜਾਂਦਾ ਹੈ, ਜੇ ਇਸ਼ਨਾਨ ਕਰ ਵੀ ਆਵਾਂ ਤਾਂ ਕੀ ਵਾਹਿਗੁਰੂ ਦੀ ਨਦਰ ਮਿਲ ਜਾਏਗੀ । ਬਿਲਕੁਲ ਨਹੀਂ । ਇਹ ਇਸ਼ਨਾਨ ਤੇ ਤੀਰਥਾਂ ਤੇ ਜਾਣਾ ਵਿਅਰਥ ਹੈ ਜੇ ਉਸ ਦੀ ਰਹਿਮਤ ਨਹੀਂ ਮਿਲੀ ।

SIKHBOOKCLUB.COM

ਜਿਤਨੀ ਸ੍ਰਿਸ਼ਟੀ ਉਸ ਨੇ ਸਾਜੀ ਹੈ, ਉਸ ਵਿਚ ਫਿਰ ਘੋਖ ਦੇਖ ਲਿਆ ਹੈ ਕਿ ਕਿਸੇ ਨੂੰ ਕੁਝ ਨਹੀਂ ਮਿਲਿਆ ਤੇ ਮਿਲ ਸਕਦਾ ਵੀ ਨਹੀਂ, ਜਦ ਤਕ ਉਸ ਦੀ ਕ੍ਰਿਪਾ ਦੀ ਘਾਲ ਨਹੀਂ ਘਾਲੀ । ਰਹਿਮਤ ਦੀ ਨਦਰ ਉਸੇ ਤੇ ਹੈ, ਜਿਸ ਆਲਸ ਤਜਿਆ ਹੈ । ਠੀਕ ਕਰਮ ਵੀ ਇਹ ਹੈ ਤੇ ਰਹਿਮਤ ਵੀ ਇਹ ਹੀ ਹੈ ਕਿ ਗੁਰੂ ਦੀ ਕੇਵਲ ਇਕ ਸਿੱਖਿਆ ਹਿਰਦੇ ਵਸਾ ਕੇ, ਉਸ ਮੁਤਾਬਿਕ ਜੀਵਨ ਢਾਲ ਟੁਰ ਪਏ, ਜਿਵੇਂ ਤੀਰਥਾਂ ਤੇ ਜਾਂਦਾ ਹੈ । ਦੇਖਣਾ, ਐਸੇ ਦੀ ਮਤਿ, ਹੀਰੇ ਜਵਾਹਰ ਤੇ ਮੋਤੀ ਤੁਲ ਹੋ ਗਈ ।

ਗੁਰੂ ਨੇ ਇਹ ਇਕ ਸੋਝੀ ਦਿੱਤੀ ਹੈ ਕਿ ਸੱਭ ਦਾ ਰਿਜ਼ਕ ਦਾਤਾ ਉਹ ਹੈ ਤੇ ਉਸ ਪ੍ਰਭੂ ਦੀ ਯਾਦ ਕਦੇ ਵਿਸਰਣ ਨਹੀਂ ਦੇਣੀ ਚਾਹੀਦੀ । ਸ਼ੁਕਰ ਵਿਚ ਰਹਿਣਾ ਚਾਹੀਦਾ ਹੈ ।

ਇਸ ਪਉੜੀ ਰਾਹੀਂ ਗੁਰਮੁਖ ਨੂੰ ਮਨਮੁਖ ਤੋਂ ਨਿਖੇੜਦੇ ਹਨ । ਸਭ ਇਸ਼ਨਾਨ ਹੋ ਗਏ ਜੇ ਉਸ ਨੂੰ ਭਾ ਗਏ ਅਤੇ ਜੇ ਵਿਵਹਾਰ ਹੀ ਨਹੀਂ ਭਾਇਆ ਤਾਂ ਤੀਰਥ ਜਾ ਕੇ ਨਹਾਉਣ ਦਾ ਕੀ ਲਾਭ ? ਸਿਧ ਗੋਸ਼ਟ ਵਿਚ ਲੋਹਾਰੀਪਾ ਆਪਣਾ ਮਤ ਪ੍ਰਗਟ ਕਰਦੇ ਹੋਏ ਕਹਿੰਦਾ ਹੈ :

**"ਤੀਰਥ ਨਾਈਐ, ਸੁਖੁ ਫਲੁ ਪਾਈਐ, ਮੈਲੁ ਨ ਲਾਗੈ ਕਾਈ ।**
**ਗੋਰਖ ਪੂਤੁ ਲੋਹਾਰੀਪਾ ਬੋਲੈ, ਜੋਗ ਜੁਗਤ ਬਿਧਿ ਸਾਈ ।"**
**(ਪੰਨਾ ੯੩੮)**

ਗੁਰੂ ਨਾਨਕ ਜੀ ਨੇ ਉੱਥੇ ਹੀ ਉੱਤਰ ਦੇ ਦਿੱਤਾ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਮਨ ਟਿਕ ਕੇ ਨਹੀਂ ਰਹਿ ਸਕਦਾ ਅਤੇ ਮਾਇਆ ਦੀ ਤ੍ਰਿਸ਼ਨਾ ਕਦੇ ਹਟ ਨਹੀਂ ਸਕਦੀ :

**"ਬਿਨੁ ਨਾਵੈ ਮਨੁ ਟੇਕ ਨ ਟਿਕਈ, ਨਾਨਕ ਭੁਖ ਨ ਜਾਈ ।"**
**(ਪੰਨਾ ੩੯੯)**

ਜਪੁਜੀ ਦੀ ਇੱਕੀਵੀਂ ਪਉੜੀ ਵਿਚ 'ਅੰਤਰ ਗਤਿ ਤੀਰਥ ਮਲਿ ਨਾਉ' ਆਖ ਕੇ ਬਾਹਰਲੇ ਕਰਮਾਂ, ਤੀਰਥਾਂ ਆਦਿ ਕਰਨ ਤੋਂ ਵਰਜਿਆ ਹੈ । ਧਨਾਸਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ :

**"ਤੀਰਥ ਨਾਵਣੁ ਜਾਉ ਤੀਰਥ ਨਾਮੁ ਹੈ ।**
**ਤੀਰਥ ਸਬਦ ਵਿਚਾਰ ਅੰਤਰਿ ਗਿਆਨ ਹੈ ।" (ਪੰਨਾ ੮੩੮)**

ਮਨੁੱਖੀ ਮਤਿ ਨੂੰ ਗੁਰੂ ਦੇ ਸ਼ਬਦ ਵਿਚ ਇਸ਼ਨਾਨ ਕਰਾਉਣ ਦੀ ਲੋੜ ਹੈ ।

ਗੁਰੂ ਅਰਜਨ ਦੇਵ ਜੀ ਨੇ 'ਰਤਨ ਜਵਾਹਰ' ਦੀ ਵਿਆਖਿਆ ਵੀ ਕਰ ਦਿੱਤੀ ਹੈ :

**'ਰਤਨ ਜਵੇਹਰ ਨਾਮੁ ।**
**ਸਤੁ ਸੰਤੋਖੁ ਗਿਆਨ ।' (ਪੰਨਾ ੮੯੩)**

**ਸ਼ਬਦ-ਭਾਵ** :

**ਭਾਵਾਂ** : ਚੰਗਾ ਲੱਗਾ ।
**ਨਾਇ ਕਰੀ** : ਇਸ਼ਨਾਨ ਦਾ ਕੀ ਲਾਭ ।
**ਵਿਣੁ ਕਰਮਾ** : ਭਾਵੇਂ ਕਿਤਨੀ ਘਾਲ ਹੋਵੇ, ਬਗ਼ੈਰ ਰਹਿਮਤ ਦੇ ਨਹੀਂ ।
**ਕਿ ਮਿਲੈ ਲਈ** : ਕਿਸੇ ਨਹੀਂ ਲਿਆ ।
**ਇਕ ਸਿਖ** : ਇਕ ਸਿੱਖਿਆ ।

੭ (੨)

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥**
**ਨਵਾ ਖੰਡਾ ਵਿਚਿ ਜਾਣੀਐ, ਨਾਲਿ ਚਲੈ ਸਭੁ ਕੋਇ ॥**
**ਚੰਗਾ ਨਾਉ ਰਖਾਇ ਕੈ, ਜਸੁ ਕੀਰਤਿ ਜਗਿ ਲੇਇ ॥**
**ਜੇ ਤਿਸੁ ਨਦਰਿ ਨ ਆਵਈ, ਤ ਵਾਤ ਨ ਪੁਛੈ ਕੇ ॥**
**ਕੀਟਾ ਅੰਦਰਿ ਕੀਟੁ ਕਰਿ, ਦੋਸੀ ਦੋਸੁ ਧਰੇ ॥**
**ਨਾਨਕ ਨਿਰਗੁਣਿ ਗੁਣੁ ਕਰੇ, ਗੁਣਵੰਤਿਆ ਗੁਣੁ ਦੇ ॥**
**ਤੇਹਾ ਕੋਇ ਨ ਸੁਝਈ, ਜਿ ਤਿਸੁ ਗੁਣੁ ਕੋਇ ਕਰੇ ॥ ੭ ॥**

ਜੇ ਕਿਸੇ ਮਨੁੱਖ ਦੀ ਉਮਰ ਚਾਰ ਜੁਗਾਂ ਜਿਤਨੀ ਲੰਮੇਰੀ ਹੋ ਜਾਏ, ਇਸ ਤੋਂ ਵੀ ਦਸ ਗੁਣਾਂ ਲੰਬੀ ਹੋ ਜਾਏ ਅਤੇ ਸਾਰੇ ਲੋਕ ਉਸ ਦਾ ਆਦਰ ਕਰ ਪਿੱਛੇ ਟੁਰਨ, ਜੇ ਉਹ ਨਾਮਵਰੀ ਵੀ ਖਟ ਲਏ, ਸਾਰੇ ਸੰਸਾਰ ਵਿਚ ਉਸ ਦੀ ਸੋਭਾ ਵੀ ਹੋ ਜਾਏ, ਪਰ ਜੇ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਵਿਚ ਨਹੀਂ ਆਇਆ ਤਾਂ ਉਸ ਨੂੰ ਕੇਵਲ ਮਾਮੂਲੀ ਜਿਹਾ ਕੀੜਾ ਜਾਣੋ ਅਤੇ ਸਗੋਂ ਉਹ ਦੋਸ਼ੀਆਂ ਦਾ ਦੋਸ਼ੀ ਗਰਦਾਨਿਆ ਜਾਏਗਾ ।

ਜਦ ਕਹਿੰਦੇ ਹਨ ਕਿ :

'ਵਿਣੁ ਕਰਮਾ ਕਿ ਮਿਲੈ ਲਈ' ਤਾਂ ਜਗਿਆਸੂ ਨੂੰ ਦ੍ਰਿੜ੍ਹ ਕਰਾ ਰਹੇ ਹਨ ਕਿ ਸਾਰੀ ਸ੍ਰਿਸ਼ਟੀ ਨੂੰ ਪੇਖ ਕੇ ਇਹ ਲਿਖ ਰਹੇ ਹਾਂ ਕਿ ਬਗੈਰ ਕੁਝ ਕੀਤੇ ਨਹੀਂ ਮਿਲਣਾ । ਕਿਰਤ ਨਹੀਂ ਛੱਡਣੀ । ਘਾਲ ਨਹੀਂ ਤਿਆਗਣੀ ਪਰ ਕਰਮ ਉਹ ਨਹੀਂ ਕਰਨੇ ਜਿਨ੍ਹਾਂ ਦਾ ਸਬੰਧ ਕਰਮ-ਕਾਂਡ ਨਾਲ ਹੈ ।

ਉਹ ਪ੍ਰਭੂ ਹੀ, ਗੁਣ ਹੀਣ ਮਨੁੱਖਾਂ ਵਿਚ ਗੁਣ ਪੈਦਾ ਕਰ ਸਕਦਾ ਹੈ । ਗੁਣੀ ਮਨੁੱਖਾਂ ਨੂੰ ਭੀ ਉਹ ਹੀ ਗੁਣ ਬਖ਼ਸ਼ਦਾ ਹੈ । ਉਹੋ ਜਿਹਾ ਹੋਰ ਕੋਈ ਨਹੀਂ ਜੋ ਉਸ ਨੂੰ ਗੁਣ ਦੇ ਸਕੇ ।

> ਜੇ ਕਿਸੇ ਦੀ ਆਯੂ ਚਾਰ ਜੁਗਾਂ ਜਿਤਨੀ ਲੰਮੀ ਹੋ ਜਾਏ ਤੇ ਉਸ ਤੋਂ ਵੀ ਵੱਧ ਦਸ ਗੁਣਾਂ । ਜਗਤ ਵਿਚ ਨੌ ਦੇ ਨੌ ਖੰਡੇ-ਆਜ਼ਿਮ ਵਿਚ ਜਾਣਿਆ ਜਾਏ ਤੇ ਸਮੂਹ ਲੋਕੀਂ ਉਸ ਦੀ ਆਗਿਆ ਵਿਚ ਟੁਰਨ । ਸਭ 'ਚੰਗਾ-ਚੰਗਾ' ਆਖ ਕੇ ਸੋਭਾ ਵੀ ਕਰਨ ਤੇ ਇੱਜ਼ਤ ਵੀ ਦੇਣ, ਪਰ ਉਹ ਵਿਅਕਤੀ ਛੇਤੀ ਹੀ ਵੇਖ ਲਵੇਗਾ ਕਿ ਵਾਹਿਗੁਰੂ ਦੀ ਰਹਿਮਤ ਨਹੀਂ ਹੈ ਤਾਂ ਸਾਰੇ ਹੀ ਛੇਤੀ ਮੂੰਹ ਮੋੜ ਲੈਣਗੇ । ਕੀੜਿਆਂ ਤੋਂ ਵੀ ਨਿੱਕਾ ਕੀੜਾ ਤੁਲ ਜਾਨਣਗੇ ਤੇ ਇਥੋਂ ਤਕ ਕਿ ਜੋ ਆਪੂੰ ਦੋਸ਼ੀ ਹੈ, ਉਹ ਉਂਗਲਾਂ ਕਰੇਗਾ ਤੇ ਦੋਸ਼ੀ ਠਹਿਰਾਏਗਾ । (ਦੋਸੀ ਦੋਸੁ ਧਰੇ) ਨਾਨਕ ਦੀ ਛਾਪ ਲਗਾ ਕੇ ਗੁਰੂ ਜੀ ਕਹਿੰਦੇ ਹਨ ਕਿ ਉਹ ਵਾਹਿਗੁਰੂ ਨਿਰਮਾਣ ਲੋਕਾਂ ਨੂੰ ਆਪਣੇ ਭੰਡਾਰੇ ਤੋਂ ਗੁਣ ਬਖ਼ਸ਼ ਕੇ, ਗੁਣ ਵਾਲਾ ਕਰ ਦੇਂਦਾ ਹੈ । ਸਭ ਗੁਣ ਉਸ ਵਿਚ ਹਨ ਤੇ ਉਥੋਂ ਹੀ ਮਿਲਣੇ ਹਨ, ਹੋਰ ਕਿਧਰੋਂ ਨਹੀਂ । ਕੋਈ ਨਹੀਂ ਅਜਿਹਾ ਜੋ ਦਿਸਦੇ ਬ੍ਰਹਿਮੰਡ ਵਿਚ ਉਸ ਜਿਹਾ ਗੁਣ ਵਾਲਾ ਹੋਵੇ । ਕੋਈ ਨਹੀਂ ਇਤਨਾ ਗੁਣਾਂ ਵਾਲਾ ਜੋ ਉਸ ਗੁਣਾਂ ਦੇ ਮਾਲਕ ਨੂੰ ਕੋਈ ਗੁਣ ਦੇ ਸਕੇ । ਉਸ ਜਿਹਾ, ਉਹ ਹੀ ਹੈ ।

ਤੀਰਥਾਂ ਤੋਂ ਇਲਾਵਾ, ਉਸ ਦੀ ਪ੍ਰਾਪਤੀ ਦਾ ਇਕ ਹੋਰ ਸਾਧਨ ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਜਾਂ ਯੋਗ-ਸਾਧਨਾਂ ਨਾਲ ਉਮਰ ਨੂੰ ਵਡੇਰਾ ਕਰ ਲੈਣਾ ਹੈ । ਇਸ ਤਰ੍ਹਾਂ ਵੱਡਾ ਹੋ ਜਾਣਾ ਕੋਈ ਕਾਰਨਾਮਾ ਨਹੀਂ । ਉਸ ਦੀ ਮਿਹਰ ਵਿਚ ਆਉਣਾ ਹੀ ਇਕ ਅਸਲ ਚੰਗਿਆਈ ਹੈ । ਐਸਾ ਹੋ ਸਕਦਾ ਹੈ ਅਤੇ ਹੋਇਆ ਵੀ ਹੈ ਕਿ **ਸਾਨੂੰ ਵੱਡਾ ਦਿੱਸਦਾ ਹੀ ਵੱਡਾ ਦੋਸ਼ੀ ਹੋਵੇ** । ਚੰਗਿਆਈਆਂ ਦਾ ਸੋਮਾ ਵਾਹਿਗੁਰੂ ਹੀ ਹੈ । ਜਗ ਦੀ ਵਡਿਆਈ ਪ੍ਰਾਪਤ ਕਰਨਾ ਵੀ ਉਸ ਦੀ ਨਦਰ ਲੈਣ ਦਾ ਸਾਧਨ ਨਹੀਂ ਹੈ ।

ਜਤਨ ਇਹ ਹੋਣਾ ਚਾਹੀਦਾ ਹੈ ਕਿ ਹਉਮੈ ਜਾਇ, ਗਰਬ ਗੁਮਾਨ ਹਟੇ, ਮਨ ਦੀ ਮੈਲ ਜਾਇ, ਅੰਦਰਲੀ ਅਗਨ ਬੁਝੇ, ਮੋਹ ਦਾ ਜਾਲ ਟੁੱਟੇ ਅਤੇ ਐਸਾ ਕਰਦੇ-ਕਰਦੇ ਮਨੁੱਖ ਵਾਹਿਗੁਰੂ ਦੇ ਨੇੜੇ ਹੋਈ ਜਾਏ ।

ਦਾਤਾ ਲਿਖਣ ਤੋਂ ਇਹ ਭੁਲੇਖਾ ਪੈਣ ਦੀ ਸੰਭਾਵਨਾ ਹੈ ਕਿ ਉਹ ਸਿਰਫ਼ ਜ਼ਿੰਦਗੀ

ਦੀਆਂ ਬਾਹਰਲੀਆਂ ਲੋੜਾਂ ਪੂਰੀਆਂ ਕਰਨ ਵਾਲਾ ਹੈ, ਪਰ ਇਹ ਚੰਗੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ ਕਿ ਦੁਨੀਆਂ ਦੀ ਹਰ ਚੰਗਿਆਈ ਦਾ ਉਹ ਸੋਮਾ ਹੈ। ਉਸ ਦੀਆਂ ਚੰਗਿਆਈਆਂ ਦਾ ਕੁਝ ਅੰਦਾਜ਼ਾ ਲਗਾਉਣ ਲਈ ਉਸ ਦੀ ਸਾਜੀ ਸ੍ਰਿਸ਼ਟੀ ਨੂੰ ਗਹੁ ਨਾਲ ਵਾਚਣਾ ਜ਼ਰੂਰੀ ਹੈ।

**ਸ਼ਬਦ-ਭਾਵ :**

**ਆਰਜਾ** : ਉਮਰ।
**ਦਸੂਣੀ** : ਦਸ ਗੁਣਾਂ।
**ਨਵਾ ਖੰਡਾ** : ਮੰਨੇ ਜਾਂਦੇ ਧਰਤੀ ਦੇ ਨੌਂ ਹਿੱਸੇ (Nine Contents).
**ਨਾਲਿ ਚਲੈ** : ਉਸ ਦੇ ਹੁਕਮ ਵਿਚ ਟੁਰਨ।
**ਜਸੁ** : ਸ਼ੋਭਾ (Fame).
**ਕੀਰਤਿ** : ਸਿਫ਼ਤ-ਸਾਲਾਹ ਕਰਨੀ (Praise).
**ਵਾਤ ਨ ਪੁਛੈ** : ਕੋਈ ਮੂੰਹ ਹੀ ਨ ਲਗਾਏ।
**ਕੀਟਾ ਅੰਦਰਿ ਕੀਟੁ** : ਕੀੜਿਆਂ ਵਿਚ ਕੀੜਾ। ਮਹਾਂ ਨੀਚ।
**ਨਿਰਗੁਣਿ** : ਜਿਸ ਪਾਸ ਗੁਣ ਕੋਈ ਨਹੀਂ। ਨਿਰਮਾਣ ਤੋਂ ਭਾਵ ਹੈ। ਜੋ ਅੰਦਰੋਂ ਸਮਝਦਾ ਹੈ ਕਿ ਉਸ ਵਿਚ ਕੋਈ ਗੁਣ ਨਹੀਂ, ਉਹ ਹੀ ਅਸਲ ਨਿਰਮਾਣ ਹੈ। ਇਹ ਹੈ :
'ਮਤਿ ਵਿਚਿ ਰਤਨ ਜਵਾਹਰ ਮਾਣਿਕ' ਦਾ ਹੋਣਾ।

SIKHBOOKCLUB.COM

੮ (੨)

**ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥
ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ੮ ॥**

ਸਿਧਾਂ, ਪੀਰਾਂ, ਧਰਮ ਵੇਤਾਵਾਂ, ਧਰਤ, ਧਰਤ ਦੀ ਬੱਝਵੀਂ ਚਾਲ, ਟਿੱਕੇ ਅਕਾਸ਼, ਦੀਪਾਂ, ਚੌਦਾਂ ਖੰਡਾਂ, ਪਾਤਾਲਾਂ ਅਤੇ ਉਸ ਸੰਬੰਧੀ ਜਿਨ੍ਹਾਂ ਨੂੰ ਕਾਲ ਪੋਹ ਨਹੀਂ ਸਕਦਾ, ਜੋ ਕਾਲ ਦੇ ਘੇਰੇ ਤੋਂ ਪਰ੍ਹੇ ਹਨ, ਬਾਰੇ ਸੁਣ-ਸੁਣ ਕੇ ਭਗਤ ਦਾ ਮਨ ਸਦਾ ਲਈ ਖਿੜ ਜਾਂਦਾ ਹੈ, ਅਗੇਰੇ ਵਧਦਾ ਜਾਂਦਾ ਹੈ ਅਤੇ ਉਹ ਇਤਨਾ ਵੱਡਾ ਹੋ ਜਾਂਦਾ ਹੈ ਕਿ ਪਾਪਾਂ ਵੱਲ ਉਸ ਦਾ ਧਿਆਨ ਹੀ ਨਹੀਂ ਜਾਂਦਾ ਅਤੇ ਦੁੱਖਾਂ ਦਾ ਖਿਆਲ ਹੀ ਨਹੀਂ ਰਹਿੰਦਾ। ਵਿਗਾਸ ਦੇ ਦੋਵੇਂ ਭਾਵ, ਖਿੜਨਾ ਤੇ ਅੱਗੇ ਵਧਣਾ ਜੱਚਦੇ ਹਨ।

ਗੁਰ ਦੀ ਸਿੱਖਿਆ ਹਿਰਦੇ ਵਸਾਉਣ ਨਾਲ ਕਿਤਨੀ ਕੁ ਅੰਦਰ ਰੋਸ਼ਨੀ ਹੁੰਦੀ ਹੈ, ਉਸ ਦਾ ਅੰਦਾਜ਼ਾ ਇਥੋਂ ਲਗਾਓ ਕਿ ਜਿਸ ਨੇ ਸ਼ਬਦ ਨੂੰ ਸੁਣਿਆ, ਧਿਆਨ ਲਾਂਭੇ ਨਾ ਜਾਣ ਦਿੱਤਾ, ਉਸ ਨੂੰ ਸਿੱਧ, ਪੀਰ ਦੇਵਤੇ ਤੇ ਜੋਗੀਆਂ

ਦੇ ਵੱਡੇ ਦੀ ਅਵਿਸਥਾ ਤੇ ਉਨ੍ਹਾਂ ਸਭਨਾਂ ਦੀ ਪਾਯਾਂ, ਕੂਤ ਦਾ ਪਤਾ ਲੱਗ ਗਿਆ। ਸੁਣਨ ਵਾਲੇ ਨੂੰ ਇਹ ਵੀ ਪਤਾ ਲੱਗਾ ਕਿ ਧਰਤੀ ਤੇ ਬ੍ਰਹਿਮੰਡ ਨੂੰ ਕੌਣ ਚਲਾ ਰਿਹਾ ਹੈ। ਇਸ ਮਿੱਥ ਵਿਚ ਕਿਤਨੀ ਕੁ ਸੱਚਾਈ ਹੈ ਕਿ ਧਰਤੀ ਨੂੰ ਧਵਲ (ਬਲਦ) ਨੇ ਉਠਾਇਆ ਹੋਇਆ ਹੈ। ਸੁਣਨ ਨਾਲ ਇਹ ਵੀ ਪਤਾ ਲੱਗ ਗਿਆ ਕਿ ਨੌ ਖੰਡਾਂ, ਧਰਤੀਆਂ ਤੇ ਹੇਠਲੇ ਜਗਤ ਵਿਚ ਵੀ ਕੀ ਵਾਪਰ ਰਿਹਾ ਹੈ। ਸੁਣਨ ਨਾਲ ਇਹ ਯਕੀਨੀ ਹੈ ਕਿ ਸਮਾਂ ਖਾਣ ਨੂੰ ਨਹੀਂ ਆਂਦਾ। ਹਰ ਸਮੇਂ ਸਮਾਂ ਬਣਿਆ ਰਹਿੰਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਸ਼ਬਦ ਵਿਚਾਰ ਦੀ ਨਿਰਾਲੀ ਭਗਤੀ ਕੀਤੀ, ਉਹ ਸਦਾ ਖੇੜੇ ਵਿਚ ਰਹਿੰਦੇ ਹਨ। ਸ਼ਬਦ ਸੁਣਿਆ ਨਾਂਹ ਵਿਛੋੜੇ ਦਾ ਦੁੱਖ ਸਤਾਂਦਾ ਹੈ ਅਤੇ ਨਾਂਹ ਹੀ ਬਦੀਆਂ ਘੇਰ ਖਲੋਂਦੀਆਂ ਹਨ। ਪਾਪ ਮਿਟ ਜਾਂਦੇ ਹਨ।

ਇਸ ਪਉੜੀ ਦੇ ਭਾਵ ਅਰਥਾਂ ਨੂੰ ਬੜੇ ਗਹੁ ਨਾਲ ਦੇਖਣ ਦੀ ਲੋੜ ਹੈ। ਹਰ ਵਿਆਖਿਆ-ਕਾਰ, ਟੀਕਾ-ਕਾਰ ਨੇ ਇਹ ਹੀ ਲਿਖਿਆ ਹੈ ਕਿ ਵਾਹਿਗੁਰੂ ਦਾ ਨਾਂ ਸੁਣਨ ਨਾਲ ਮਨੁੱਖ ਪੀਰ, ਸਿਧ, ਸੁਰ ਨਾਥ ਬਣ ਜਾਂਦਾ ਹੈ। ਇਹ ਅਰਥ ਇਸ ਲਈ ਨਹੀਂ ਜੱਚਦੇ ਕਿ ਸੁਣਨ ਵਾਲਾ ਐਸਾ ਹੁੰਦਾ ਦੇਖਿਆ ਨਹੀਂ। ਸੁਣਨਾ ਅਜੇ ਪਹਿਲੀ ਪਉੜੀ ਹੈ; ਪੁੱਜਣਾ ਸਮਾਧੀ ਤਕ ਹੈ। ਫਿਰ ਜਪੁਜੀ ਦੀ ਬੱਝੀ ਵਿਉਂਤ ਅਨੁਸਾਰ ਰਹਸ ਪਿਛੋਂ ਜਾ ਕੇ ਹੀ ਖੁੱਲ੍ਹੇਗਾ। ਇਹ ਪਉੜੀ ਪਹਿਲਾ ਕਦਮ ਹੈ, ਕਰਤਾ ਨੂੰ ਜਾਣਨ ਲਈ। ਉਸ ਦੀ ਕਿਰਤ ਤੇ ਕੀਤਾ ਜਾਣਨ ਲਈ।

SIKHBOOKCLUB.COM

'ਬਲਿਹਾਰੀ ਕੁਦਰਤ ਵਸਿਆ', ਗੁਰੂ ਨਾਨਕ ਜੀ ਦਾ ਫ਼ਰਮਾਨ ਹੈ। ਧਰਮ ਤੋਂ ਪਿਛੋਂ ਗਿਆਨ ਹੈ। ਸੁਣਨਾ, ਗਿਆਨ ਦਾ ਪ੍ਰਤੀਕ ਹੈ। ਜਿਉਂ-ਜਿਉਂ ਸ੍ਰਿਸ਼ਟੀ ਦੇ ਭੇਦਾਂ ਨੂੰ ਅਤੇ ਪਸਾਰੇ ਨੂੰ ਜਗਿਆਸੂ ਜਾਣੇਗਾ, ਉਸ ਨੂੰ ਇਕ ਅੱਤ੍ਰੀਵ ਖ਼ੁਸ਼ੀ ਮਿਲਦੀ ਜਾਏਗੀ ਅਤੇ ਖ਼ੁਸ਼ੀ ਮਿਲਿਆਂ ਆਪਣੇ ਪਾਪ ਦੁੱਖ ਵਿਸਰੀ ਚਲੀ ਜਾਣਗੇ। ਜਿਉਂ-ਜਿਉਂ ਮਨੁੱਖ ਵਿਸ਼ਾਲਤਾ ਵੱਲ ਵਧਦਾ ਹੈ ਉਸ ਨੂੰ ਆਪਣੀ ਪੀੜ ਤੇ ਹੋਂਦ ਭੁੱਲਦੀ ਦਿੱਸਦੀ ਹੈ।

'ਸੁਣਿਐ' ਤੇ 'ਮੰਨੈ' ਦੀਆਂ ਪਉੜੀਆਂ ਵਿਚ ਫ਼ਰਕ ਪ੍ਰਤੱਖ ਦਿੱਸ ਰਿਹਾ ਹੈ। 'ਸੁਣਿਐ' ਵਿਚ ਬਹੁਤਾ ਵੇਰਵਾ ਸਥੂਲ ਦਾ ਹੈ। ਪ੍ਰਗਟ ਦਿੱਸਦੇ ਪਸਾਰੇ ਦਾ। ਸਿਧ-ਪੀਰ, ਧਰਤ-ਧਵਲ, ਸਾਗਰ-ਪਹਾੜ ਜਾਂ ਈਸ-ਬ੍ਰਹਮਾ ਦਾ ਜ਼ਿਕਰ ਹੈ। ਮੰਨੈ ਵਿਚ ਸੂਖਮ ਨਿਰੰਜਨ ਤੇ ਅੰਤਰ ਆਤਮੇ ਦੀ ਗੱਲ ਹੋ ਰਹੀ ਹੈ। ਸੁਣਨ ਵਿਚ ਆਪਣੀ ਕਲਯਾਣ ਹੈ ਅਤੇ ਮੰਨਣ ਵਿਚ ਦੂਜੇ ਦੀ ਵੀ ਨਾਲ ਹੈ। 'ਤਰੈ ਤਾਰੈ', ਮੰਨੈ ਦੀ ਪਉੜੀ ਵਿਚ ਹੀ ਆਉਂਦਾ ਹੈ।

ਇਨ੍ਹਾਂ ਚਾਰ ਪਉੜੀਆਂ ਨੂੰ ਦੇਖਿਆਂ ਹੀ ਇਕ ਗੱਲ ਪ੍ਰਤੱਖ ਹੋ ਕੇ ਸਾਹਮਣੇ ਆ ਜਾਂਦੀ ਹੈ ਕਿ ਗੁਰੂ ਪਾਤਸ਼ਾਹ ਇਕੋ ਵਾਰ ਸਭ ਕੁਝ ਨਹੀਂ ਦੱਸ ਦਿੰਦੇ। ਉਹ ਪਹਿਲਾਂ **ਅੱਠਵੀਂ ਪਉੜੀ** ਵਿਚ ਮਹਾਂ-ਪੁਰਸ਼ਾਂ ਦੀ ਗਾਥਾ ਦੱਸ ਕੇ ਜਗਤ ਤਮਾਸ਼ੇ ਦੀ ਗੱਲ ਕਰਦੇ ਹਨ। **ਨੌਵੀਂ ਪਉੜੀ** ਵਿਚ ਦੇਵਤਿਆਂ ਤੇ ਉੱਚ ਚੇਤਨਤਾ ਅਤੇ ਉਸ ਉੱਚ ਅਵਸਥਾ ਵਿਚ ਰਚੇ ਗਏ ਸਾਹਿਤ ਬਾਰੇ ਦੱਸਦੇ ਹਨ। **ਦਸਵੀਂ** ਵਿਚ ਸਦਾਚਾਰਕ ਕੀਮਤਾਂ ਅਤੇ **ਗਿਆਰਵੀਂ** ਵਿਚ ਸਦਾਚਾਰੀ ਪੁਰਸ਼ਾਂ, ਲੋਕ-ਭਲਾਈ ਦੇ ਕਰਮ ਕਮਾਉਣ ਵਾਲਿਆਂ **ਬਾਰੇ ਲਿਖਦੇ ਹਨ।**

ਗਿਆਨ ਖੰਡ, ਧਰਮ ਦੇ ਮਾਰਗ ਤੇ ਇਕ ਜ਼ਰੂਰੀ ਪੜਾ ਹੈ । ਫਿਰ ਪ੍ਰਾਪਤ ਗਿਆਨ, ਇਕ ਅਜੀਬ ਜਿਹੀ ਖ਼ੁਸ਼ੀ, ਖੇੜਾ ਬਖਸ਼ਦਾ ਹੈ । ਇਹ ਗਿਆਨ ਇਸ ਤਰ੍ਹਾਂ ਪਉੜੀ ਵਾਰ, ਕਰਮ ਵਾਰ ਆਉਂਦਾ ਹੈ ਕਿ ਧਰਮ ਦਾ ਰਹਸ ਖੁੱਲ੍ਹੀ ਤੁਰੀ ਜਾਂਦਾ ਹੈ, ਪਰ ਨਾਲ-ਨਾਲ ਯਾਦ ਕਰਾਉਂਦੇ ਰਹਿੰਦੇ ਹਨ ਕਿ ਨਿਰੋਲ ਗਿਆਨ ਉਸ ਨੂੰ ਪਾਉਣ ਦਾ ਰਾਹ ਨਹੀਂ ਹੈ । ਜਦ ਜਗਿਆਸੂ ਸਭ ਦਾਤਾਂ, ਸ੍ਰਿਸ਼ਟੀ ਦੇ ਸਭ ਗੁੱਝੇ ਭਾਵ ਅਤੇ ਮਾਨਸਿਕ ਉਚਾਈਆਂ ਦੇ ਕ੍ਰਿਸ਼ਮੇ ਸਮਝ ਲੈਂਦਾ ਹੈ ਤਾਂ ਫਿਰ ਉਸ ਦੇ ਦਰਸ਼ਨ ਵਿਚ ਮਨ ਟਿਕਦਾ ਦਿੱਸਦਾ ਹੈ ।

**ਸ਼ਬਦ-ਭਾਵ** :

**ਸੁਣਿਐ** : ਸਿੱਖਿਆ ਸੁਣ ਕੇ ਅੰਦਰ ਵਸਾਉਣ ਨਾਲ ।
**ਸੁਰਿ** : ਦੇਵਤੇ ।
**ਨਾਥ** : ਯੋਗੀਆਂ ਦੇ ਵੱਡੇ ।
**ਧਰਤਿ ਧਵਲ** : ਧਰਤੀ ਦਾ ਸਹਾਰਾ ਬਲਦ ਹੈ ਜਾਂ ਧਰਮ, ਇਸ ਦੀ ਸੂਝ ਮਿਲਦੀ ਹੈ ।
**ਦੀਪ** : ਦੇਸ ।
**ਲੋਅ** : ਖਿੱਤੇ (Realm).
**ਪੋਹਿ ਨ ਸਕੈ** : ਛੂਹ ਤਕ ਨਹੀਂ ਸਕਦੇ ।
**ਸਦਾ ਵਿਗਾਸੁ** : ਸਦਾ ਖੇੜੇ ਵਿਚ (Ever in Bliss).

**੯ (੨-੩)**

SIKHBOOKCLUB.COM

**ਸੁਣਿਐ ਈਸਰੁ ਬਰਮਾ ਇੰਦੁ ॥**
**ਸੁਣਿਐ ਮੁਖਿ ਸਾਲਾਹਣ ਮੰਦੁ ॥**
**ਸੁਣਿਐ ਜੋਗ ਜੁਗਤਿ ਤਨਿ ਭੇਦ ॥**
**ਸੁਣਿਐ ਸਾਸਤ ਸਿਮ੍ਰਿਤਿ ਵੇਦ ॥**
**ਨਾਨਕ ਭਗਤਾ ਸਦਾ ਵਿਗਾਸੁ ॥**
**ਸੁਣਿਐ ਦੂਖ ਪਾਪ ਕਾ ਨਾਸੁ ॥ ੯ ॥**

ਸ਼ਿਵ, ਬ੍ਰਹਮਾ ਤੇ ਇੰਦਰ ਦੇਵਤਾ, ਜੋਗ ਆਸਨਾਂ ਅਤੇ ਸਰੀਰਕ ਭੇਦਾਂ, ਸ਼ਾਸਤਰਾਂ, ਅਤੇ ਵੇਦ ਬਾਰੇ ਸੁਣ ਕੇ ਧਰਮ ਦੇ ਰਾਹ ਟੁਰਦੇ ਦਾ ਮਨ ਖਿੜ ਜਾਂਦਾ ਹੈ, ਹੋਰ ਅਗੇਰੇ ਵਧਦਾ ਹੈ ਤੇ ਦੁੱਖ ਤੇ ਪਾਪ ਵਿਸਰ ਜਾਂਦੇ ਹਨ ।

ਇਹ ਯਕੀਨੀ ਹੈ ਕਿ ਜਿਸ ਸ਼ਬਦ ਸੁਣ ਰਸ ਲਿਆ, ਉਹ ਸ਼ਿਵ, ਬ੍ਰਹਮਾ ਤੇ ਇੰਦਰ ਦੇ ਮਿੱਥ ਨੂੰ ਜਾਣ ਗਿਆ । ਬ੍ਰਹਮਾ, ਵਿਸ਼ਨੂੰ, ਸ਼ਿਵ ਦੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ ਤੇ ਉਨ੍ਹਾਂ ਦਾ ਨਿਤਾਣਾ-ਪਣ ਵੀ ਜਾਣ ਲਈਦਾ ਹੈ । ਉਨ੍ਹਾਂ ਵੱਲ ਧਿਆਨ ਨਹੀਂ ਜਾਂਦਾ ਤੇ ਕੇਵਲ ਵਾਹਿਗੁਰੂ ਨੂੰ ਸਾਲਾਹਣ ਵਾਲਾ ਹੋ ਜਾਂਦਾ ਹੈ ।

ਜਿਵੇਂ 'ਦਾਨਸ਼ਮੰਦ' ਦਾ ਸ਼ਬਦ ਹੈ, ਤਿਵੇਂ 'ਸਾਲਾਹਣਮੰਦੁ' ਵਰਤਿਆ ਹੈ । ਐਸੇ ਦੇ ਮੂੰਹੋਂ ਸਿਵਾਇ ਵਾਹਿਗੁਰੂ ਦੀ ਸਿਫ਼ਤ ਤੋਂ ਹੋਰ ਕੁਝ ਨਹੀਂ ਨਿਕਲਦਾ ।

ਸ਼ਬਦ ਸੁਨਣ ਨਾਲ ਪਹਿਲਾਂ ਸਰੀਰ ਦੇ ਸਾਰੇ ਛੁਪੇ ਰਹਸਾਂ ਦਾ ਭੇਦ

ਖੱਲ੍ਹ ਜਾਂਦਾ ਹੈ ਜਿਨ੍ਹਾਂ ਨੂੰ ਜਾਣਨ ਲਈ ਜੋਗੀ ਹੱਠ ਯੋਗ ਦਾ ਸਹਾਰਾ ਲੈ, ਛੇ ਚੱਕ੍ਰਾਂ (ਕਮਲਾਂ) ਨੂੰ ਵਿੰਨ੍ਹਣ ਦੀਆਂ ਖੇਚਲਾਂ ਵਿਚ ਪਏ ਰਹਿੰਦੇ ਹਨ। ਜੀਵਨ ਵਿਚ ਹੀ, ਸਰੀਰ ਹੁੰਦਿਆਂ ਹੀ, ਵਾਹਿਗੁਰੂ ਨਾਲ ਮੇਲ ਕਰਨ ਦਾ ਵੱਲ ਆ ਜਾਂਦਾ ਹੈ। ਕਿਸੇ ਯੋਗ-ਚੱਕ੍ਰ ਵਿਚ ਪੈਣ ਦੀ ਲੋੜ ਨਹੀਂ ਰਹਿੰਦੀ।

ਸ਼ਬਦ ਸੁਣਿਆਂ ਹੀ ਸਾਰੇ ਧਾਰਮਿਕ ਗ੍ਰੰਥਾਂ ਦਾ ਗਿਆਨ, ਭਾਵੇਂ ਉਹ ਸ਼ਾਸਤ੍ਰਾਂ ਵਿਚ ਹੈ, ਸਿਮ੍ਰਿਤਿਆਂ ਵਿਚ ਹੈ ਜਾਂ ਵੇਦਾਂ ਵਿਚ, ਦਾ ਅੰਦਾਜ਼ਾ ਹੋ ਜਾਂਦਾ ਹੈ।

ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸ਼ਬਦ ਵਿਚਾਰ ਦੀ ਨਿਰਾਲੀ ਭਗਤ ਕਰਨ ਵਾਲੇ ਭਗਤ ਸਦਾ ਚਾਅ ਵਿਚ ਰਹਿੰਦੇ ਹਨ। ਸ਼ਬਦ ਸੁਣਿਆਂ ਕਿਸੇ ਵੀ ਪ੍ਰਕਾਰ ਦੇ ਦੁੱਖ ਨਹੀਂ ਸਤਾਂਦੇ। ਪਾਪ ਨੇੜੇ ਨਹੀਂ ਆਉਂਦੇ। ਜ਼ਿੰਦਗੀ ਜੋ ਸੁੱਚੀ ਸੱਚੀ ਹੋ ਗਈ।

ਜੀਵਨ ਦੀਆਂ ਗੁੰਝਲਾਂ ਅਤੇ ਭੂਗੋਲ ਦੇ ਵੇਰਵੇ ਪਿੱਛੋਂ ਹੈ, ਸਮਾਂ ਤੇ ਸਥਾਨ। ਵਿਗਯਾਨ ਸਿਮ੍ਰਤੀ, ਸ਼ਾਸਤਰ ਅਤੇ ਆਕਾਰ ਦਾ ਹੀ ਜ਼ਿਕਰ ਕਰਦੇ ਹਨ। ਹੁਕਮ ਵੀ ਹੈ: **'ਚਾਰੇ ਬੇਦ ਕਥਹਿ ਆਕਾਰ।'** ਇਹ ਜਾਣਨ ਉਪ੍ਰੰਤ ਮਨ ਹੋਰ ਅਗੇਰੇ ਵੱਲ ਜਾਂਦਾ ਹੈ।

**ਸ਼ਬਦ-ਭਾਵ :**

**ਈਸਰੁ** : ਸਿਵ।
**ਇੰਦੁ** : ਇੰਦ੍ਰ।
**ਸਾਲਾਹਣਮੰਦੁ** : ਸਾਲਾਹਣ ਦੀ ਮੱਤ ਰਖਣ ਵਾਲਾ।
**ਜੋਗ ਜੁਗਤਿ** : ਜੁੜਨ ਦੀ ਜੁਗਤੀ।
**ਤਨਿ ਭੇਦ** : ਸਰੀਰ ਵਿਚ ਛੁਪੇ ਸਭ ਰਹਸਾਂ ਭਾਵੇਂ ਉਹ ਛੇ ਚੱਕ੍ਰ, ਕਮਲ ਜਾਂ ਕੋਸ਼ ਹਨ।
**ਸਾਸਤ** : ਛੇ ਧਾਰਮਕ ਪੁਸਤਕਾਂ।

## ੧੦ (੩)

**ਸੁਣਿਐ ਸਤੁ ਸੰਤੋਖੁ ਗਿਆਨੁ ॥**
**ਸੁਣਿਐ ਅਠਸਠਿ ਕਾ ਇਸਨਾਨੁ ॥**
**ਸੁਣਿਐ ਪੜਿ ਪੜਿ ਪਾਵਹਿ ਮਾਨੁ ॥**
**ਸੁਣਿਐ ਲਾਗੈ ਸਹਜਿ ਧਿਆਨੁ ॥**
**ਨਾਨਕ ਭਗਤਾ ਸਦਾ ਵਿਗਾਸੁ ॥**
**ਸੁਣਿਐ ਦੂਖ ਪਾਪ ਕਾ ਨਾਸੁ ॥ ੧੦ ॥**

ਸੱਚ, ਸੰਤੋਖ ਤੇ ਗਿਆਨ ਦੀ ਪ੍ਰਾਪਤੀ ਕਰਨ ਵਾਲਿਆਂ, ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਕੇ ਕਹੀ ਜਾਂਦੀ ਪਵਿੱਤ੍ਰਤਾ ਹਾਸਲ ਕਰਨ ਵਾਲਿਆਂ, ਪੜ੍ਹ-ਪੜ੍ਹ ਮਾਨ ਪ੍ਰਾਪਤ

ਕਰਨ ਵਾਲਿਆਂ ਅਤੇ ਜਿਨ੍ਹਾਂ ਸਤਿ, ਸੰਤੋਖ, ਗਿਆਨ, ਕਰਮ ਲੰਘ ਕੇ ਸਹਿਜ **ਅਵੱਸਥਾ** ਪ੍ਰਾਪਤ ਕੀਤੀ, ਬਾਰੇ ਸੁਣ-ਸੁਣ ਕੇ ਧਰਮ ਦੇ ਰਾਹ ਤੇ ਟੁਰੇ ਜਾਂਦੇ ਦਾ ਮਨ ਖਿੜ ਜਾਂਦਾ **ਹੈ,** ਉਹ ਹੋਰ ਅਗੇਰਾ ਵਧਦਾ ਹੈ ਤੇ ਦੁੱਖ ਪਾਪ ਨੂੰ ਹੋਰ ਦੂਰ ਹੁੰਦਾ ਸਮਝਦਾ ਹੈ ।

ਜਿਸ ਨੇ ਸ਼ਬਦ ਸੁਣ ਹਿਰਦੇ ਧਾਰਿਆ, ਉਸ ਦੇ ਸੱਚ ਪੱਲੇ ਪਿਆ, ਸਬਰ ਹੱਥ ਆਇਆ ਤੇ ਰੂਹਾਨੀ ਗਿਆਨ ਦਾ ਸੂਰਜ ਚੜ੍ਹਿਆ ।

ਜਿਸ ਨੇ ਸ਼ਬਦ ਨੂੰ ਗਹੁ ਨਾਲ ਸੁਣਿਆ, ਉਸ ਦਾ ਮਾਨੋਂ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਗਿਆ ।

ਜਿਸ ਨੇ ਸ਼ਬਦ ਸੁਣ ਬਾਰ-ਬਾਰ ਪੜ੍ਹਿਆ, ਵੀਚਾਰਿਆ, ਉਸ ਨੂੰ ਸਹੀ ਇੱਜ਼ਤ ਮਿਲੀ ।

ਜਿਸ ਨੇ ਸ਼ਬਦ ਨੂੰ ਸੁਣਿਆ, ਉਸ ਦੀਆਂ ਅੱਖਾਂ ਸਾਹਮਣੇ ਪੂਰਨ ਗਿਆਨ ਵਾਲੀ ਹਾਲਤ ਦਾ ਨਕਸ਼ਾ ਬੱਝ ਗਿਆ ਅਤੇ ਭਗਤੀ ਦਾ ਸਾਰ ਪਤਾ ਲੱਗਣ ਕਾਰਨ ਚਿੱਤ ਅਡੋਲ ਹੋ ਗਿਆ । 'ਸਹਜਿ ਧਿਆਨੁ ।'

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਪ੍ਰਭੂ ਦੇ ਸ਼ਬਦ ਵਿਚਾਰ ਵਾਲੀ ਭਗਤੀ ਕਰਨ ਵਾਲੇ ਸਦਾ ਖੇੜੇ ਵਿਚ ਰਹਿੰਦੇ ਹਨ ਅਤੇ ਜਿਸ ਨੇ ਵੀ ਸ਼ਬਦ ਸੁਣ ਹਿਰਦੇ ਵਸਾਇਆ, ਉਸ ਦੇ ਦੁੱਖ ਹਰ ਗਏ ਤੇ ਬਦੀਆਂ ਖਹਿੜਾ ਛੱਡ ਗਈਆਂ ।

ਸਰਵ-ਪੱਖੀ ਪ੍ਰਭਾਵ ਪੈਂਦਾ **ਹੈ** ਜਦ ਕੋਈ ਸੁਣੇ ਅਤੇ ਕਿੰਨੇ ਸਤਿ, **ਸੰਤੋਖ (ਥਾਪ** ਰੱਖਿਆ ਜਿਨ ਸੂਤ) ਅਤੇ ਗਿਆਨ ਪੱਖੋਂ ਸ਼ਖ਼ਸੀਅਤ ਸੰਪੂਰਨ ਕਰ ਚਉਥੇ ਪਦ **ਜਿਸ ਨੂੰ** ਗੁਰਮਤਿ ਵਿਚ ਸਹਿਜ ਕਿਹਾ ਹੈ, ਵੱਲ ਧਾਵੇ ।

ਇਸ ਪਉੜੀ ਵਿਚ ਸਦਾਚਾਰਕ ਕੀਮਤਾਂ ਅਤੇ ਧਾਰਮਿਕ ਕਰਮ ਤੇ **ਉਸ ਰਾਹੀਂ** ਪ੍ਰਾਪਤੀਆਂ ਦਾ ਵਰਨਣ ਹੈ ।

ਪਹਿਲਾਂ ਉਨ੍ਹਾਂ ਸਾਤਵੀ ਗੁਣਾਂ ਦਾ ਜ਼ਿਕਰ ਹੈ ਜਿਨ੍ਹਾਂ ਨਾਲ ਅਬਦਲ **ਸੱਚਾਈ ਦਾ** ਸੰਬੰਧ ਹੈ । ਫਿਰ ਸੰਤੋਸ਼ੀ ਗੁਣਾਂ ਦਾ ਵਰਣਨ ਹੈ ਜਿਨ੍ਹਾਂ ਦਾ ਮਨ ਨਾਲ ਤੁਅਲਕ **ਹੈ ਅਤੇ** ਪਿੱਛੋਂ ਉਸ ਗੁਣ ਦਾ ਵੇਰਵਾ ਦੇਂਦੇ ਹਨ, ਜਿਸ ਦੀ ਪ੍ਰਾਪਤੀ ਨਾਲ ਮੰਦੇ-ਚੰਗੇ, ਉੱਚੇ-ਨੀਵੇਂ ਸੂਖਮ-ਸਥੂਲ ਦੀ ਪਛਾਣ ਕੀਤੀ ਜਾ ਸਕੇ । ਸਾਨੂੰ 'ਸਤੋ, ਰਜੋ, ਤਮੋ' ਦੇ ਪ੍ਰਚਲਤ **ਜਾਲ** ਵਿਚੋਂ ਕੱਢਣ ਲਈ 'ਸਤਿ ਸੰਤੋਖ ਗਿਆਨ' ਦੇ ਸ਼ਬਦ ਵਰਤੇ ਹਨ । ਤੈ ਗੁਣ, ਜਿਨ੍ਹਾਂ ਤੇ ਸ਼ਾਸਤਰ ਜ਼ੋਰ ਦੇਂਦੇ ਸਨ; ਉਸ ਨੂੰ ਗੁਰੂ ਜੀ ਨੇ ਧਾਤ ਹੀ ਕਿਹਾ ਸੀ ਅਤੇ ਧਾਤ **(ਮੈਟਰ)** ਪਿੱਛੇ ਲੱਗ ਕਦੀ ਅੰਦਰਲਾ ਟਿਕਾਅ ਨਹੀਂ ਮਿਲਦਾ । 'ਤ੍ਰਿਹ ਗੁਣ ਵਿਚ **ਸਹਿਜ** ਨ ਪਾਈਐ ।'

**ਸ਼ਬਦ-ਭਾਵ** :

**ਸਤੁ** : ਸੱਚ ਵਾਲੀ ਦਸ਼ਾ ।
**ਗਿਆਨੁ** : ਰੂਹਾਨੀ ਚਾਨਣਾ ।
**ਅਠਿਸਠਿ** : ਅਠਾਹਠ ਤੀਰਥ **(Sixty-Eight Holy Wateredges).**

www.sikhbookclub.com

**ਪੜਿ ਪੜਿ** : ਮੁੜ-ਮੁੜ ਆਪਣੇ ਹੀ ਪੜ੍ਹੇ ਨੂੰ ਵਾਚਣਾ ।

**ਸਹਜਿ ਧਿਆਨੁ** : ਚਿੱਤ ਨੂੰ ਆਤਮਿਕ ਹੁਲਾਰੇ ਵਿਚ ਲਿਆ, ਭਗਤੀ ਦੇ ਅਸਲ ਭਾਵ ਵਿਚ ਪਾਉਣਾ । ਕਿਸੇ ਸਥੂਲ, ਆਕਾਰ ਵੱਲ ਧਿਆਨ ਨਾ ਮੋੜਨ ਦੇਣਾ ।

**੧੧ (ੳ)**

**ਸੁਣਿਐ ਸਰਾ ਗੁਣਾ ਕੇ ਗਾਹ ॥**
**ਸੁਣਿਐ ਸੇਖ ਪੀਰ ਪਾਤਿਸਾਹ ॥**
**ਸੁਣਿਐ ਅੰਧੇ ਪਾਵਹਿ ਰਾਹੁ ॥**
**ਸੁਣਿਐ ਹਾਥ ਹੋਵੈ ਅਸਗਾਹੁ ॥**
**ਨਾਨਕ ਭਗਤਾ ਸਦਾ ਵਿਗਾਸੁ ॥**
**ਸੁਣਿਐ ਦੂਖ ਪਾਪ ਕਾ ਨਾਸੁ ॥ ੧੧ ॥**

ਜਿਨ੍ਹਾਂ ਚੰਗਿਆਈਆਂ ਦੇ ਗਹਿਰੇ ਸਮੁੰਦਰ ਦੇ ਘਰ ਵਾਸ ਕੀਤਾ ਹੈ, ਕੌਮ ਦੇ ਲੀਡਰ, ਧਾਰਮਿਕ ਆਗੂ, ਪਾਤਸ਼ਾਹ, ਅੰਨ੍ਹਿਆਂ ਨੂੰ ਰਾਹ ਪਾਉਣ ਵਾਲਿਆਂ ਬਾਰੇ ਅਤੇ ਉਨ੍ਹਾਂ ਬਾਰੇ ਜਿਨ੍ਹਾਂ ਖੋਜ ਕਰ ਡੂੰਘਾਈਆਂ ਦਾ ਪਤਾ ਲਗਾਇਆ ਅਤੇ ਐਸੇ ਹੋਰਨਾਂ ਸੰਬੰਧੀ ਸੁਣ-ਸੁਣ ਕੇ ਧਰਮ ਦੇ ਰਾਹ ਟੁਰੇ ਜਾਂਦੇ ਦਾ ਮਨ ਖਿੜ ਜਾਂਦਾ ਹੈ ਅਤੇ ਹੋਰ ਅਗੇਰੇ ਵੱਧਦਾ ਹੈ ਤੇ ਦੁੱਖ ਤੇ ਪਾਪ ਦੂਰ ਹੁੰਦੇ ਮਹਿਸੂਸ ਕਰਦਾ ਹੈ ।

ਸ਼ਬਦ ਨੂੰ ਸੁਣਿਆਂ, ਝੀਲਾਂ ਵਾਂਗ ਡੂੰਘੀਆਂ ਆਤਮਿਕ ਸੱਚਾਈਆਂ ਦੀ ਸੋਝੀ ਮਿਲ ਜਾਂਦੀ ਹੈ । ਆਤਮਿਕ ਜਗਤ ਦੇ ਗਹੂਜ ਭਾਵ ਪ੍ਰਗਟ ਹੋ ਜਾਂਦੇ ਹਨ । ਸ਼ਬਦ ਸੁਣਿਆਂ ਨਿਰੀ 'ਸਿਧ ਸੁਰਿ ਨਾਥ' ਵਾਲੀ ਦਸ਼ਾ ਦੀ ਪ੍ਰਤੀਤੀ ਨਹੀਂ ਹੁੰਦੀ ਸਗੋਂ ਸ਼ੇਖ ਪੀਰ ਦੀਆਂ ਹਾਲਤਾਂ, ਜਿਨ੍ਹਾਂ ਵਿਚੋਂ ਸੂਫ਼ੀ ਫ਼ਕੀਰ ਨੂੰ ਰਿਆਜ਼ ਕਰ ਲੰਘਣਾ ਪੈਂਦਾ ਹੈ ਤੇ ਸਭ ਤੋਂ ਉੱਚ ਰੂਹਾਨੀ ਮਰਾਤਬਾ (ਸੁਲਤਾਨ ਸ਼ਾਹ) ਦਾ ਵੀ ਪਤਾ ਮਿਲ ਜਾਂਦਾ ਹੈ ।

ਗੁਰੂ ਸ਼ਬਦ ਨੂੰ ਸੁਣਿਆਂ, ਅੰਨ੍ਹੇ ਵਾਂਗ ਠੇਡੇ ਖਾਂਦੇ ਨੂੰ ਰਾਹ ਮਿਲ ਜਾਂਦਾ ਹੈ ਅਤੇ ਰੂਹਾਨੀ ਅੱਖਾਂ ਮਿਲ ਜਾਣ ਨਾਲ ਆਤਮਿਕ ਜਗਤ ਦੇ ਔਖੇ ਸਵਾਲ ਵੀ ਹੱਲ ਕਰ ਲੈਂਦਾ ਹੈ ।

ਗੁਰੂ ਨਾਨਕ ਦੇਵ ਜੀ ਪੁਕਾਰ ਕਹਿੰਦੇ ਹਨ ਕਿ ਜਿਸ ਸ਼ਬਦ-ਵਿਚਾਰ ਦੀ ਨਿਰਾਲੀ ਭਗਤੀ ਕੀਤੀ, ਉਸ ਦਾ ਚਾਅ ਕਦੇ ਮੱਠਾ ਨਹੀਂ ਪਵੇਗਾ । ਇੰਨੀ ਕੁ ਸੱਤਿਆ ਮਨ ਅੰਦਰ ਆ ਜਾਵੇਗੀ ਕਿ ਦੁੱਖ ਨੂੰ ਹਰ ਸਕੇਗਾ ਤੇ ਪਾਪਾਂ ਨੂੰ ਮਿਟਾ ਸਕੇਗਾ ।

ਇਸ ਪਉੜੀ ਵਿਚ ਉਨ੍ਹਾਂ ਗਿਆਨ ਅਵੱਸਥਾਵਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਗਿਆਨ ਨੂੰ ਪਾਉਣ ਤੋਂ ਪਿੱਛੋਂ ਦੁਨੀਆਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਰਾਹ ਦਿਖਾਇਆ । ਸ਼ੇਖ, ਪੀਰ, ਪਾਤਸ਼ਾਹ, ਅਲੱਗ-ਅਲੱਗ ਵਰਤਣ ਦਾ ਇਹ ਹੀ ਭਾਵ ਸੀ ਕਿ ਇਨ੍ਹਾਂ ਤਿੰਨਾਂ ਦੇ ਥਾਣਾਂ ਵਿਚ ਤਤਪਰ ਹੋਣ ਵਾਲਾ ਐਸਾ ਉੱਤਮ ਆਗੂ ਹੁੰਦਾ ਹੈ ਜੋ ਭੁੱਲੜਾਂ ਨੂੰ ਵੀ ਰਾਹੇ ਪਾ ਸਕਦਾ ਹੈ ।

ਸ਼ਬਦ-ਭਾਵ :

ਸਰਾ ਗੁਣਾ ਕੇ

ਗਾਹ : ਝੀਲਾਂ ਵਾਂਗ ਡੂੰਘੀਆਂ ਰੂਹਾਨੀ ਸਚਿਆਈਆਂ । ਆਤਮਿਕ ਜਗਤ ਦੇ ਗਹੂਜ ਭਾਵ ।

ਸੇਖ : ਰੂਹਾਨੀ ਉਚਿਤਾ ਦਾ ਪਦ, ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ ਜੀ ਦੀ ਬਾਣੀ ਦਰਜ ਕਰਨ ਵੇਲੇ **ਸੇਖ ਫਰੀਦ ਜੀਉ ਕੀ ਬਾਣੀ** ਹੀ ਲਿਖਿਆ ਤੇ ਭਗਤ ਕਬੀਰ ਤੇ ਹੋਰਨਾਂ ਦੀ ਦਰਜ ਕਰਨ ਵੇਲੇ 'ਭਗਤ' ਦਾ ਸ਼ਬਦ ਵਰਤਿਆ ।

ਪਾਤਿਸਾਹ : ਸੁਲਤਾਨ : ਇਹ ਦੁਨਿਆਵੀ ਬਾਦਸ਼ਾਹਾਂ ਲਈ ਨਹੀਂ, ਰੂਹਾਨੀਅਤ ਦੇ ਸਿੱਖਰ ਨੂੰ ਛੂਹਣ ਵਾਲੇ ਫਕੀਰਾਂ ਲਈ ਵਰਤਿਆ ਹੈ ।

ਹਾਥ ਹੋਵੈ : ਲੱਭ ਲੈਂਦੇ ਹਨ, ਨਿਖਾਰ ਲੈਂਦੇ ਹਨ ।

ਅਸਗਾਹੁ : ਡੂੰਘੇ ਆਤਮਕ ਸਾਗਰਾਂ ਦੀਆਂ ਸੱਚਾਈਆਂ ।

**੧੨ (ੲ)**

**ਮੰਨੇ ਕੀ ਗਤਿ ਕਹੀ ਨ ਜਾਇ ॥**
**ਜੇ ਕੋ ਕਹੈ, ਪਿਛੈ ਪਛੁਤਾਇ ॥**
**ਕਾਗਦਿ ਕਲਮ ਨ ਲਿਖਣਹਾਰੁ ॥**
**ਮੰਨੇ ਕਾ ਬਹਿ ਕਰਨਿ ਵੀਚਾਰੁ ॥**
**ਐਸਾ ਨਾਮੁ ਨਿਰੰਜਨੁ ਹੋਇ ॥**
**ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੨ ॥**

ਸੁਣਨ ਅਤੇ ਜਾਨਣ ਦਾ ਕੋਈ ਲਾਭ ਨਹੀਂ, ਜੇ ਮੰਨਣ ਨਹੀਂ ਹੈ । ਸੁਣੇ ਹੋਏ ਨੂੰ ਅੰਦਰ ਟਿਕਾਉਣ ਨਾਲ ਸਹਿਜੇ ਹੀ ਸਰਵ-ਵਿਆਪੀ ਜੋਤ ਦਾ ਪ੍ਰਕਾਸ਼ ਮਨ ਵਿਚ ਹੋਣਾ ਆਰੰਭ ਹੋ ਜਾਂਦਾ ਹੈ । ਨਾਮ ਨਰਿੰਜਨ ਨੂੰ ਮਨ ਵਿਚ ਟਿਕਾਉਣਾ ਹੀ ਮੰਨਣਾ ਹੈ ।

ਸੁਣ ਕੇ ਜਿਸ ਨੇ ਸ਼ਬਦ ਨੂੰ ਅਪਣਾ ਲਿਆ ਤੇ ਸ਼ਬਦ ਦੇ ਯਕੀਨ ਨੂੰ ਕਦੇ ਟੁੱਟਣ ਨਾ ਦਿੱਤਾ; ਉਸ ਸ਼ਬਦ ਤੇ ਰੱਖੀ ਸ਼ਰਧਾ ਵਾਲੀ ਅਵੱਸਥਾ ਦਾ ਕੋਈ ਵਰਣਨ ਨਹੀਂ ਕਰ ਸਕਦਾ । ਜੇ ਕੋਈ ਕਰੇ ਵੀ ਤਾਂ ਉਸ ਨੂੰ ਆਪਣੇ ਕਾਹਲੀ ਕੀਤੇ ਬਿਆਨ ਤੇ ਪਛਤਾਵਣਾ ਪਏਗਾ ।

ਕਿਸੇ ਕਾਗਜ਼, ਕਿਸੇ ਕਲਮ ਤੇ ਕਿਸੇ ਲਿਖਾਰੀ ਵਿਚ ਇਸ ਅਵੱਸਥਾ ਦਾ ਵਰਣਨ ਕਰਨ ਦੀ ਸ਼ਕਤੀ ਨਹੀਂ ਤੇ ਨਾ ਹੀ ਕੋਈ ਲੰਮੀ ਤਾੜੀ ਲਗਾ ਕੇ ਬੈਠ ਜਾਏ ਕਿ ਉਹ ਸ਼ਬਦ ਤੇ ਰੱਖੀ ਸ਼ਰਧਾ ਦੇ ਭੇਦ ਦਾ ਬਿਆਨ ਕਰ ਸਕੇਗਾ, ਤਾਂ ਅਜਿਹਾ ਨਹੀਂ ਹੋਣਾ, ਕਿਉਂਕਿ ਵਾਹਿਗੁਰੂ ਦੀ ਹੋਂਦ (ਨਾਮ) ਦਾ ਪ੍ਰਕਾਸ਼ ਨਿਰਾ ਨੂਰ ਹੈ ।

ਉਸ ਦਾ ਝਲਕਾਰਾ ਤਾਂ ਪ੍ਰਤੱਖ ਲਿਆ ਜਾ ਸਕਦਾ ਹੈ ਜੇ ਚਿਤ ਵਿਚ ਸ਼ਬਦ ਤੇ ਯਕੀਨ, ਚਟਾਨ ਵਾਂਗੂੰ ਅਹਿਲ ਹੈ । **'ਮੰਨਿ ਜਾਣੈ ਮਨਿ ਕੋਇ ।'**

ਸੁਣਿ ਕੇ ਮੰਨਣ ਵਾਲੇ ਦੀ ਹਾਲਤ ਪੂਰੀ ਤਰ੍ਹਾਂ ਬਿਆਨ ਨਹੀਂ ਕੀਤੀ ਜਾ ਸਕਦੀ। ਜੇ ਕੋਈ ਜ਼ਿੱਦ ਕਰ ਕੇ ਦੱਸਣ ਦੀ ਕੋਸ਼ਿਸ਼ ਕਰੇ ਵੀ ਤਾਂ ਉਸ ਨੂੰ ਪਿੱਛੋਂ ਪਛਤਾਣਾ ਪਵੇਗਾ। ਇਸ ਨੂੰ ਠੀਕ ਤਰ੍ਹਾਂ ਬਿਆਨ ਕਰਨ ਲਈ ਕੋਈ ਕਾਗਜ਼, ਕਲਮ ਅਤੇ ਲਿਖਾਰੀ ਵੀ ਨਹੀਂ। ਜੋ ਵੀ ਲਗਾਤਾਰ ਟਿਕਿਆਂ ਰਹੇਗਾ, ਆਪੇ ਵੱਲ ਦੇਖਦਾ ਰਹੇਗਾ, ਉਸ ਵਿਚ ਇਸ ਜੋਤ ਦਾ ਪ੍ਰਕਾਸ਼ ਆਪਣੇ ਆਪ ਹੋ ਜਾਏਗਾ। ਇਹ ਹੈ ਤ੍ਰੈਗੁਣਾਂ ਅਤੀਤ, ਨਿਰੰਜਨ ਦੇ ਅਮੋਲਕ ਨਾਮ ਦੀ ਬਰਕਤਿ :

> "ਨਾਨਕ ਜਿਨ੍ਹੀ ਸੁਣਿ ਕੈ ਮੰਨਿਆ,
> ਹਉ ਤਿਨਾ ਵਿਟਹੁ ਕੁਰਬਾਣੁ।"
> (ਪੰਨਾ ੭੯੦, ਵਾਰ ਸੂਹੀ, ਮਹਲਾ ੧)

**ਸ਼ਬਦ-ਭਾਵ** :

**ਮੰਨੈ** : ਪੱਕਾ ਯਕੀਨ, ਪੂਰਨ ਸ਼ਰਧਾ। ਜਿਸ ਵਿਚ ਰਤਾ ਭਰ ਵੀ ਸ਼ੱਕ ਦੀ ਗੁੰਜਾਇਸ਼ ਨਾ ਹੋਵੇ।

**ਗਤਿ** : ਹਾਲਤ, ਅਵਿਸਥਾ।

**ਬਹਿ ਕਰਨਿ ਵੀਚਾਰੁ** : ਬੈਠ ਜਾਏ ਵਿਚਾਰ ਕਰਨ ਲਈ, ਲੰਮੀ ਤਾੜੀ ਲੱਗਾ ਲਵੇ।

**ਨਾਮ** : ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਜੋ ਨਿਰਾ ਨੂਰ ਹੈ।

**ਮੰਨਿ ਜਾਣੈ ਮਨਿ** : ਯਕੀਨ ਰੱਖੇ ਪੱਕਾ ਅਹਿਲ ਚੱਟਾਨ ਵਾਂਗ।

SIKHBOOKCLUB.COM

**੧੩ (ੲ)**

> ਮੰਨੈ ਸੁਰਤਿ ਹੋਵੈ ਮਨਿ ਬੁਧਿ ॥
> ਮੰਨੈ ਸਗਲ ਭਵਣ ਕੀ ਸੁਧਿ ॥
> ਮੰਨੈ ਮੁਹਿ ਚੋਟਾ ਨਾ ਖਾਇ ॥
> ਮੰਨੈ ਜਮ ਕੈ ਸਾਥਿ ਨ ਜਾਇ ॥
> ਐਸਾ ਨਾਮੁ ਨਿਰੰਜਨੁ ਹੋਇ ॥
> ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੩ ॥

ਸੁਣਿ ਕੇ ਮੰਨਣ ਵਾਲੇ ਦੀ ਸੁਰਤਿ ਉਚੇਰੀ ਹੋਵੇਗੀ, ਮਨ ਬੁੱਧੀ ਪਿੱਛੇ ਟੁਰੇਗਾ। ਜ਼ਿੰਦਗੀ ਵਿਚ ਵਾਪਰਨ ਵਾਲੀ ਹਰ ਦਸ਼ਾ ਦਾ ਗਿਆਨ ਉਸ ਨੂੰ ਹੋ ਜਾਏਗਾ। ਉਸ ਨੂੰ ਕਦੇ ਹਾਰ ਦਾ ਮੂੰਹ ਨਹੀਂ ਦੇਖਣਾ ਪਵੇਗਾ ਅਤੇ ਉਸ ਦੀ ਕਦੇ ਵੀ ਆਤਮਕ ਮੌਤ ਨਹੀਂ ਹੋਵੇਗੀ। ਇਹ ਸੱਚ ਜਾਣੋਂ ਕਿ ਜਿਸ ਨੂੰ ਅੰਦਰ ਦਾ ਟਿਕਾਅ ਮਿਲ ਗਿਆ, ਉਸ ਵਿਚ ਆਪ-ਮੁਹਾਰੇ ਜੋਤ ਦਾ ਪ੍ਰਕਾਸ਼ ਹੋ ਜਾਏਗਾ।

> ਗੁਰੂ ਦੀ ਸਿੱਖਿਆ ਤੇ ਯਕੀਨ ਰੱਖ ਟੁਰਿਆਂ ਮਨ ਨੂੰ ਇਕਾਗ੍ਰਤਾ (ਸੁਰਤਿ) ਤੇ ਅਕਲ ਨੂੰ ਸਹੀ ਸੇਧ ਮਿਲ ਜਾਂਦੀ ਹੈ। ਸ਼ਰਧਾ ਧਾਰਿਆਂ, ਆਤਮਿਕ ਤੇ ਸੰਸਾਰਕ ਦੇ ਕਿਸੇ ਮੰਡਲ ਵਿਚ ਵੀ ਜੋ ਵਾਪਰਦਾ ਹੈ, ਦੀ ਪ੍ਰਤੀਤੀ ਹੋ ਜਾਂਦੀ ਹੈ। ਸ਼ਰਧਾ ਧਾਰਿਆਂ ਕਦੇ ਮੂੰਹ ਦੀ ਖਾਣੀ ਨਹੀਂ

ਪੈਂਦੀ । ਸਦਾ ਸਫ਼ਲਤਾ ਪੈਰ ਚੁੰਮਦੀ ਹੈ । ਸ਼ਰਧਾ ਪੱਕੀ ਹੋਵੇ ਤਾਂ ਮੌਤ ਡਰ ਦਾ ਨਹੀਂ ਸਤਾਂਦਾ । ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਜੋ ਨਿਰਾ ਨੂਰ ਹੈ, ਦਾ ਜਲਵਾ ਮਿਲ ਸਕਦਾ ਹੈ ਜੇ ਚਿੱਤ ਵਿਚ ਸ਼ਬਦ ਤੇ ਯਕੀਨ ਪੁਖਤਾ ਹੈ ।

ਇਸ ਪਉੜੀ ਵਿਚ ਉਸ ਅਵੱਸਥਾ ਦਾ ਜ਼ਿਕਰ ਹੈ, ਜਿਸ ਨੂੰ ਅੱਗੇ ਜਾ ਕੇ 'ਸਰਮ ਖੰਡ' ਕਿਹਾ ਹੈ । ਉਸ ਖੰਡ ਵਿਚ ਸੁਰਤਿ, ਮਤਿ, ਮਨ, ਬੁੱਧ ਘੜੇ ਜਾਣ ਉਪਰੰਤ ਆਤਮਾ ਉਚਾਈਆਂ ਨੂੰ ਛੋਂਹਦੀ ਹੈ । ਐਸੇ ਬੰਦੇ ਨੂੰ ਕਦੀ ਚੋਟ ਨਹੀਂ ਵੱਜਦੀ ।

**ਸ਼ਬਦ-ਭਾਵ :**

**ਸੁਰਤਿ** : ਇਕਾਗ੍ਰਤਾ, ਬਾਹਰਲੀ ਖ਼ਬਰ ਅਤੇ ਅੰਦਰਲੀ ਹੋਸ਼ ।
**ਸਗਲ ਭਵਣ** : ਸਭ ਮੰਡਲਾਂ ਦਾ ।
**ਜਮ ਕੈ ਸਾਥਿ** : ਮੌਤ ਦਾ ਤ੍ਰਾਸ ।

**੧੪ (ੲ)**

**ਮੰਨੈ ਮਾਰਗਿ ਠਾਕ ਨ ਪਾਇ ॥**
**ਮੰਨੈ ਪਤਿ ਸਿਉ ਪਰਗਟੁ ਜਾਇ ॥**
**ਮੰਨੈ ਮਗੁ ਨ ਚਲੈ ਪੰਥੁ ॥**
**ਮੰਨੈ ਧਰਮ ਸੇਤੀ ਸਨਬੰਧੁ ॥**
**ਐਸਾ ਨਾਮੁ ਨਿਰੰਜਨੁ ਹੋਇ ॥**
**ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੪ ॥**

ਸੁਣਿ ਕੇ ਮੰਨਣ ਵਾਲੇ ਦੇ ਰਾਹ ਵਿਚ ਕੋਈ ਰੁਕਾਵਟ ਨਹੀਂ ਪੈਂਦੀ, ਮੰਜ਼ਲ ਤੇ ਉਹ ਜੋਤ ਦੀ ਰੌਸ਼ਨੀ ਨਾਲ ਪੁੱਜਦਾ ਹੈ ।

**'ਠਾਕਿ ਨ ਹੋਤੀ ਤਿਨਹੁ ਦਰਿ,**
**ਜਿਹ ਹੋਵਹੁ ਸੁ ਪ੍ਰਸੰਨ । (ਬਾਵਨ ਅਖਰੀ, ਮਹਲਾ ੫, ਪੰਨਾ ੨੫੫)**

ਮੌਤ ਦੇ ਭੈ ਤੋਂ ਮੁਕਤ ਹੋ ਕੇ ਖੁੱਲ੍ਹੇ-ਆਮ ਸ਼ਾਹ-ਰਾਹ; ਪੰਥ ਤੇ ਟੁਰਦਾ ਹੈ । ਭਰਮਾਂ ਵਹਿਮਾਂ ਦੀਆਂ ਪਗਡੰਡੀਆਂ ਦਾ ਰਸਤਾ ਉਹ ਨਹੀਂ ਅਪਣਾਂਦਾ, ਸਗੋਂ 'ਧਰਮ ਰਾਇ ਤਿਨਕਾ ਮਿਤ੍ਰੁ ਹੈ, ਜਮ ਮਗਿ ਨ ਪਾਵੈ ।'

ਸ਼ਰਧਾ ਵਾਲੇ ਨੂੰ ਆਤਮਿਕ ਪੈਂਡਾ ਤਹਿ ਕਰਦਿਆਂ ਕਦੇ ਅਟਕਾਂ ਨਹੀਂ ਪੈਂਦੀਆਂ । ਸ਼ਰਧਾ ਪੱਕੀ ਵਾਲਾ, ਵਾਹਿਗੁਰੂ ਦੇ ਦਰ ਇੱਜ਼ਤ ਤੇ ਸਾਰੇ ਸੰਸਾਰ ਵਿਚ ਸ਼ੋਭਾ ਖੱਟ ਜਾਂਦਾ ਹੈ । ਗੁਰੂ ਦੀ ਸਿੱਖਿਆ ਤੇ ਟੁਰਨ ਵਾਲਾ, ਸੰਪ੍ਰਦਾਵਾਂ ਤੇ ਫ਼ਿਰਕੇ-ਬੰਦੀਆਂ ਵਿਚ ਬੱਝ ਓਝੜੇ ਨਹੀਂ ਪੈਂਦਾ । ਉਹ ਨਾ ਕਿਸੇ ਫ਼ਿਰਕੇ ਦਾ ਕਹਿਲਾਂਦਾ ਹੈ ਅਤੇ ਨਾ ਕਿਸੇ ਸੰਪ੍ਰਦਾਇ ਦਾ । ਕਿਉਂਕਿ ਉਸ ਦਾ ਸੰਬੰਧ ਧਰਮ ਨਾਲ ਹੋ ਗਿਆ ਹੁੰਦਾ ਹੈ । ਧਰਮ ਦੇ ਸਹੀ ਭਾਵ ਦੀ ਸੋਝੀ ਉਸ ਨੂੰ ਹੋ ਗਈ ਹੁੰਦੀ ਹੈ ।

ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਜੋ ਨਿਰਾ ਨੂਰ ਹੈ, ਦਾ ਝਲਕਾਰਾ ਉਸੇ ਨੂੰ ਮਿਲਦਾ ਹੈ ਜੋ ਸ਼ਬਦ ਤੇ ਵਿਸ਼ਵਾਸ ਟਿਕਵਾਂ ਰੱਖਦਾ ਹੈ ।

ਜੋ ਆਪਣੇ ਅੰਦਰਲੇ ਵੱਲ ਵੇਖ ਤੁਰੀ ਜਾਂਦਾ ਹੈ ਉਸ ਵਿਚ ਆਪ-ਮੁਹਾਰੇ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ। ਅਟੱਲ ਧਰਮ ਦੇ ਨੇਮਾਂ ਦੀ ਉਸ ਨੂੰ ਸੂਝ ਹੋ ਜਾਂਦੀ ਹੈ। ਉਸ ਦਾ ਸੰਬੰਧ ਕੇਵਲ ਧਰਮ ਨਾਲ ਹੀ ਹੁੰਦਾ ਹੈ। ਧਰਮੀ ਕਰਮੀ ਨਹੀਂ ਹੁੰਦਾ।

'ਤਜਿ ਸਭਿ ਭਰਮ, ਭਜਿਓ ਪਾਰਬ੍ਰਹਮੁ।
ਕਹੁ ਨਾਨਕ ਅਟਲ ਇਹੁ ਧਰਮੁ।'

(ਗਉੜੀ ਮਹਲਾ ੫, ਪੰਨਾ ੧੯੬)

ਧਰਮੀ ਹਮੇਸ਼ਾ ਆਦਰਸ਼ ਨਾਲ ਜੁੜਿਆ ਰਹਿੰਦਾ ਹੈ।

**ਸ਼ਬਦ-ਭਾਵ :**

**ਮਾਰਗਿ** : ਆਤਮਿਕ ਰਾਹ।
**ਠਾਕ** : ਰੋਕਾਂ, ਅਟਕਾਂ।
**ਪਤਿ ਸਿਉ ਪਰਗਟੁ** : ਹਰ ਥਾਵੇਂ ਇੱਜ਼ਤ ਤੇ ਸੋਭਾ ਜ਼ਾਹਰ ਹੁੰਦੀ ਹੈ।
**ਮਗੁ** : ਸੌੜੀ ਭੀੜੀ ਗਲੀ, ਸੰਪ੍ਰਦਾਇ (By-Lanes).
**ਪੰਥੁ** : ਫ਼ਿਰਕੇ।
**ਧਰਮ ਸੇਤੀ ਸਨਬੰਧੁ** : ਧਰਮ ਵੱਲ ਧਿਆਨ, ਧਰਮ ਦੀ ਸਹੀ ਸੂਝ।

SIKHBOOKCLUB.COM

**੧੫ (ੲ)**

ਮੰਨੈ ਪਾਵਹਿ ਮੋਖੁ ਦੁਆਰੁ ॥
ਮੰਨੈ ਪਰਵਾਰੈ ਸਾਧਾਰੁ ॥
ਮੰਨੈ ਤਰੈ ਤਾਰੇ ਗੁਰੁ ਸਿਖ ॥
ਮੰਨੈ ਨਾਨਕ ਭਵਹਿ ਨ ਭਿਖ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੫ ॥

ਸੁਣਿ ਕੇ ਮੰਨਣ ਵਾਲਾ ਮਨੁੱਖ, ਹਉਮੈ ਦੀ ਪਾਲ ਤੋੜ ਦੇਂਦਾ ਹੈ ਅਤੇ ਸੁਤੰਤਰ ਹੋ ਵਿਚਰਦਾ ਹੈ ਅਤੇ ਲੋਕਾਂ ਨੂੰ ਆਤਮਿਕ ਅਗਵਾਈ ਦੇਣ ਜੋਗਾ ਹੋ ਜਾਂਦਾ ਹੈ। ਉਹ ਤਰ ਜਾਂਦਾ ਹੈ ਅਤੇ ਨਾਲ ਤੁਰਨ ਵਾਲਿਆਂ ਨੂੰ ਪਾਰ ਲਗਾ ਦਿੰਦਾ ਹੈ, ਉਹ ਦਿਸ਼ਾ-ਹੀਣ ਹੋ ਭਟਕਦਾ ਨਹੀਂ। ਇਸ ਤਰ੍ਹਾਂ ਜੋ ਵੀ ਲਗਾਤਾਰ ਆਪੇ ਵੱਲ ਦੇਖਦਾ ਹੈ, ਉਸ ਵਿਚ ਆਪ-ਮੁਹਾਰੇ ਹੀ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ।

ਸ਼ਬਦ ਦੇ ਦੱਸੇ ਤੇ ਨਿਰਸੰਕੋਚ, ਸ਼ਰਧਾ ਧਾਰ ਟੁਰਨ ਵਾਲਾ ਮੁਕਤੀ ਦਾ ਦਰਵਾਜ਼ਾ ਪਾ ਲੈਂਦਾ ਹੈ। ਸ਼ਰਧਾਵਾਨ ਦੇ ਨੇੜੇ ਦੇ (ਪਰਵਾਰੇ) ਵੀ ਟੇਕ ਵਾਲੇ (ਸਾਧਾਰ) ਹੋ ਜਾਂਦੇ ਹਨ। ਹੁਕਮ ਤੇ ਟੁਰਨ ਕਾਰਨ ਹੀ ਗੁਰੂ ਆਪ ਤਰਿਆ ਤੇ ਉਸ ਹੁਕਮ ਤੇ ਟੁਰਨ ਕਾਰਨ ਸਿੱਖ ਪਾਰ ਹੋਵੇਗਾ।

ਸ਼ਰਧਾ ਪੱਕੀ ਰੱਖਿਆਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਦੇ ਕਿਸੇ ਦਾ ਮੁਹਤਾਜ

ਨਹੀਂ ਹੋਣਾ ਪੈਂਦਾ । (ਭਵਹਿ ਨ ਭਿਖ) । ਵਾਹਿਗੁਰੂ ਦਾ ਨਾਮ ਜੋ ਨਿਰੀ ਜੋਤ ਹੈ, ਪ੍ਰਗਟ ਹੋ ਜਾਂਦਾ ਹੈ ਜੇ ਸ਼ਬਦ ਤੇ ਸ਼ਰਧਾ ਪੱਕੀ ਹੈ ।

ਮਨੁੱਖੀ ਕਾਰ ਅਤੇ ਉਸ ਦੇ ਪਸਾਰੇ ਦੀ ਕੁਝ ਸੋਝੀ ਹਾਸਲ ਕਰਕੇ ਮਨੁੱਖ ਫਿਰ ਮੰਜ਼ਲ ਵੱਲ ਚਲ ਪਿਆ ਹੈ । ਹੁਣ ਉਸ ਨੇ ਇਸ਼ਨਾਨ, ਧਰਮ, ਕਰਮ, ਭਰਮ, ਗਿਆਨ ਦੀਆਂ ਪਗਡੰਡੀਆਂ ਛੱਡ ਦਿੱਤੀਆਂ ਹਨ ਅਤੇ ਨਿਰੋਲ ਧਰਮ ਦੇ ਮਾਰਗ ਤੇ ਤੁਰਨਾ ਅਰੰਭਿਆ ਹੈ । ਸਿਧੇ ਰਾਹ ਪੰਥ ਤੇ ਤੁਰਨ ਵਾਲੇ ਨੂੰ ਅਗੋਂ ਪੰਚ ਕਿਹਾ ਗਿਆ ਹੈ । ਬੁੱਧ ਧਰਮ ਵਿਚ ਉਸ ਨੂੰ ਤਥਾਗਤ ਕਿਹਾ ਜਾਂਦਾ ਹੈ । ਇਥੇ ਸਾਧਾਰੁ ਕਿਹਾ ਹੈ । ਉਹ ਉਦਾਹਰਣ ਹੈ, ਦੂਜਿਆਂ ਲਈ । ਪ੍ਰੇਰਨਾ ਸਰੋਤ ਹੈ, ਸਭ ਲਈ । ਨਾਮ ਵਿਚ ਲੀਨ ਦੇ ਸੰਪਰਕ ਵਿਚ ਆਉਣ ਵਾਲੇ ਸਭ ਉਸ ਵਰਗੇ ਹੀ ਹੋ ਜਾਂਦੇ ਹਨ ।

**ਸ਼ਬਦ-ਭਾਵ** :

**ਮੋਖੁ ਦੁਆਰੁ** : ਮੁਕਤੀ ਦਾ ਦਰਵਾਜ਼ਾ ।

**ਪਰਵਾਰੈ** : ਨੇੜੇ ਦੇ ।

**ਸਾਧਾਰ** : ਟੇਕ ਵਾਲੇ । ਸ਼ਰਧਾ ਵਾਲੇ ।

**ਭਵਹਿ ਨ ਭਿਖ** : ਮਾਂਗਤ ਨਹੀਂ ਰਹਿਦੇ । ਮਹੁਤਾਜੀ ਮੁੱਕ ਜਾਂਦੀ ਹੈ ।

੧੬ (ੲ)

ਪੰਚ ਪਰਵਾਣ ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥
ਜੇ ਕੋ ਕਹੈ ਕਰੈ ਵੀਚਾਰੁ ॥
ਕਰਤੇ ਕੈ ਕਰਣੈ ਨਾਹੀ ਸੁਮਾਰੁ ॥
ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥
ਜੀਅ ਜਾਤਿ ਰੰਗਾ ਕੇ ਨਾਵ ॥
ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥
ਲੇਖਾ ਲਿਖਿਆ ਕੇਤਾ ਹੋਇ ॥
ਕੇਤਾ ਤਾਣੁ ਸੁਆਲਿਹੁ ਰੂਪੁ ॥
ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥

SIKHBOOKCLUB.COM

ਤਿਸ ਤੇ ਹੋਏ ਲਖ ਦਰੀਆਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ ੧੬ ॥

ਐਸੇ ਧਰਮੀ ਮਨੁੱਖ, ਜਿਨ੍ਹਾਂ ਨਾਮ ਸੁਣਿਆ ਅਤੇ ਮੰਨਿਆ ਹੈ, ਉਹ ਪੁਰਸ਼ ਜਿਨ੍ਹਾਂ ਦੀ ਸੁਰਤਿ ਨਾਮ ਵਿਚੀ ਟਿਕੀ ਰਹਿੰਦੀ ਹੈ, ਮੰਨੇ-ਪ੍ਰਮੰਨੇ ਹੋ ਜਾਂਦੇ ਹਨ। ਲੋਕਾਂ ਦੇ ਆਗੂ ਹੋ ਨਿਬੜਦੇ ਹਨ। ਉਹ ਪਰਵਰਦਗਾਰ ਦੀ ਦਰਗਾਹ ਵਿਚ ਮਾਨ ਪਾਉਂਦੇ ਹਨ ਅਤੇ ਉਹ ਰਾਜਿਆਂ ਦੇ ਰਾਜੇ ਪ੍ਰਭੂ ਪਾਸ ਸੋਂਹਦੇ ਹਨ। ਇਹ ਐਸਾ ਇਸ ਲਈ ਹੁੰਦਾ ਹੈ ਕਿ ਕਿਉਂ ਜੋ ਉਨ੍ਹਾਂ ਪੰਚਾਂ ਦੀ ਸੁਰਤਿ ਗੁਰੂ ਸਬਦ ਵਿਚ ਰਹਿੰਦੀ ਹੈ।

**ਇਥੇ 'ਗੁਰੁ ਏਕੁ ਧਿਆਨ'** ਵਰਤਣ ਦਾ ਭਾਵ ਇਹ ਹੀ ਹੈ ਕਿ ਸਿੱਖ ਦਾ ਕੋਈ ਵਿਅਕਤੀ ਗੁਰੂ ਨਹੀਂ ਹੈ।

ਜੇ ਕੋਈ ਇਸ ਤੇ ਸ਼ੱਕ ਕਰੇ ਕਿ ਐਸਾ ਨਹੀਂ ਹੋ ਸਕਦਾ ਤਾਂ ਉਹ ਬੇਸ਼ੱਕ ਵਿਚਾਰ ਕਰਕੇ ਦੇਖ ਲਏ ਜਾਂ ਕੋਈ ਭੁਲੇਖਾ ਪਾਉਣਾ ਚਾਹੇ ਤਾਂ 'ਪੰਚ ਲੋਕ' ਵਿਚਾਰ ਕਰਕੇ ਦੇਖ ਲੈਂਦੇ ਹਨ।

ਕਾਦਰ ਦੀ ਕੁਦਰਤ ਦਾ ਕੋਈ ਲੇਖਾ ਨਹੀਂ। ਧਰਮ ਰੂਪੀ ਬੱਝਵਾਂ ਨਿਯਮ ਹੀ ਬਲਦ ਹੈ। ਉਸ ਨੇ ਆਪਣੀ ਮਿਹਰ ਕਰਕੇ ਸ੍ਰਿਸ਼ਟੀ ਨੂੰ ਟਿਕਾਅ ਰੱਖਣ ਲਈ ਧਰਮ ਰੂਪ ਨਿਯਮ ਬਣਾ ਦਿੱਤਾ ਹੈ। ਧਰਮ ਨੇ ਆਪਣੀ ਮਰਯਾਦਾ ਅਨੁਸਾਰ ਸੰਤੋਖ ਨੂੰ ਜਨਮ ਦਿੱਤਾ ਹੈ, ਜਿਸ ਨੇ ਇਸ ਸੂਰਤ ਵਿਚ ਇਤਨੇ ਵੱਡੇ ਪਸਾਰੇ ਨੂੰ ਥੰਮ੍ਹਿਆ ਹੋਇਆ ਹੈ। ਜੋ ਕੋਈ ਉਪਰਲੀ ਵਿਚਾਰ ਨੂੰ ਸਮਝ ਲਏ ਤਾਂ ਉਹ ਇਸ ਯੋਗ ਹੋ ਜਾਂਦਾ ਹੈ ਕਿ ਉਸ ਅੰਦਰ ਅਕਾਲ ਪੁਰਖ ਦਾ ਪ੍ਰਕਾਸ਼ ਹੋ ਜਾਏ।

ਅਸਲ ਗੱਲ ਇਹ ਹੈ ਕਿ ਸਾਰੇ ਜੀਵ ਤੇ ਕਈ ਕਿਸਮ ਦੇ ਨਾਵਾਂ ਵਾਲੀਆਂ ਜਾਤੀਆਂ ਨੂੰ, ਉਸ ਨੇ ਲਗਾਤਾਰ ਲਿਖੇ ਜਾਣ ਵਾਲੀ ਕਲਮ ਨਾਲ, ਉਨ੍ਹਾਂ ਜੰਤਾਂ ਦੇ ਕੰਮ ਸੌਂਪ ਦਿੱਤੇ ਹਨ। ਇਹ ਬੇਅੰਤ ਸੌਂਪਣੀਆਂ ਜੋ ਜੀਵਾਂ ਨੂੰ ਕੀਤੀਆਂ ਜਾ ਰਹੀਆਂ ਹਨ, ਉਸ ਦਾ ਅੰਤ ਭਲਾ ਕੋਈ ਕਿਵੇਂ ਪਾ ਸਕਦੀਆਂ ਹਨ। ਰਤਾ ਕੁ ਉਸ ਅਸਲ ਸ਼ਕਤੀ ਵੱਲ ਵੀ ਧਿਆਨ ਦੇਵੋ ਜੋ ਇਸ ਸਭ ਪਸਾਰੇ ਪਿਛੇ ਹੈ ਤਾਂ ਬੜਾ ਸੁਹਾਵਣਾ ਜਿਹਾ ਲੱਗੇਗਾ।

ਭਲਾ, ਜੇ ਇਕੋ ਸ੍ਰਿਸ਼ਟੀ ਦੀ ਸਾਜਨਾ ਵੱਲ ਹੀ ਤੱਕੀਏ ਤਾਂ ਵੀ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਇਹ ਦਿੱਸਦਾ ਜਗਤ ਮਾਲਕ ਦੇ ਇਕੋ ਹੁਕਮ ਨਾਲ ਪੈਦਾ ਹੋਇਆ ਅਤੇ ਐਸੇ ਅਨੇਕ ਹੋਰ ਹੁਕਮ ਹਨ:

'ਖੰਡ ਦੀਪ ਸਭਿ ਲੋਆ ॥
ਏਕ ਕਵਾਵੈ ਤੇ ਸਭਿ ਹੋਆ ॥'

**(ਮਾਰੂ ਮਹਲਾ ੫, ਪੰਨਾ ੧੦੦੩)**

ਉਸ ਹੁਕਮ ਵਿਚੋਂ ਫੇਰ ਲੱਖਾਂ ਹੀ ਜੀਵਨ-ਦਾਤੀਆਂ ਵਹਿ ਤੁਰੀਆਂ।

ਸੱਚੀ ਗੱਲ ਇਹ ਹੈ ਕਿ ਉਸ ਦੀ ਸ੍ਰਿਸ਼ਟੀ ਬਾਰੇ ਕੀ ਆਖ ਸਕਦੇ ਹਾਂ । ਜੀਵ ਵਿਚਾਰਾ ਇਕ ਵਾਰੀ ਵੀ ਸਦਕੇ ਹੋਣ ਜੋਗਾ ਨਹੀਂ । ਇਸ ਥੋੜ੍ਹੀ ਜਿਹੀ ਦਿੱਤੀ ਤੁੱਛ ਸਮਝ ਨਾਲ ਕੀ ਕਹਿਆ ਜਾ ਸਕਦਾ ਹੈ । ਜੋ ਤੈਨੂੰ ਕਾਰ ਚੰਗੀ ਲੱਗੇ ਉਹ ਹੀ ਸਾਨੂੰ ਚੰਗੀ ਹੈ । ਕੇਵਲ ਸਦਾ ਰਹਿਣ ਵਾਲਾ ਤੂੰ ਹੀ ਨਿਰੰਕਾਰ ਹੈਂ ।

ਉਹ ਹੀ ਪੁੱਜੇ, ਪੁੱਗੇ, ਬਜ਼ੁਰਗ (ਪੰਚ) ਜੋ ਪ੍ਰਭੂ ਨੂੰ ਭਾ ਗਏ ਹਨ ਅਤੇ ਉਹ ਹੀ ਹਨ ਮਨੁੱਖਾਂ ਵਿਚੋਂ ਵੱਡੇ ਮਨੁੱਖ । ਐਸੇ ਪ੍ਰਵਾਨ ਤੇ ਪ੍ਰਧਾਨ ਹੀ ਵਾਹਿਗੁਰੂ ਦੇ ਦਰ ਮਾਨ ਪਾਉਂਦੇ ਹਨ ਅਤੇ ਸੰਸਾਰ ਵਿਚ ਵੀ ਉਨ੍ਹਾਂ ਦੀ ਸ਼ਾਨ ਝਲੀ ਨਹੀਂ ਜਾਂਦੀ । ਹੁਕਮਰਾਨ ਵੀ ਪੁੱਛ ਕੇ ਟੁਰਦੇ ਹਨ । ਐਸੇ ਪੁੱਜੇ-ਪੁੱਗੇ ਗੁਰ ਸ਼ਬਦ ਤੋਂ ਸਿਵਾ ਹੋਰ ਕਿਸੇ ਦਾ ਧਿਆਨ ਨਹੀਂ ਧਰਦੇ । ਸ਼ਬਦ ਹੀ ਉਹਨਾਂ ਦੀ ਅਗਵਾਈ ਕਰਦਾ ਹੈ ।

ਐਸੇ ਜੋ ਕੁਝ ਕਹਿੰਦੇ ਹਨ, ਕੋਸ਼ਿਸ਼ ਉਨ੍ਹਾਂ ਦੀ ਇਹ ਹੀ ਹੁੰਦੀ ਹੈ ਕਿ ਵਿਚਾਰ ਕੇ ਕਹਿਣ । ਕੋਈ ਆਲਤੂ ਫਾਲਤੂ, ਊਲ ਜਲੂਲ ਨ ਬੋਲਣ. ਕਿਉਂਕਿ ਉਹ ਜਾਣਦੇ ਹਨ ਕਿ ਵਾਹਿਗੁਰੂ ਦੇ ਕਰਤੱਵਾਂ ਤੇ ਕਰਤਬਾਂ ਦਾ ਕੋਈ ਹਿਸਾਬ ਨਹੀਂ, ਉਹ ਬੇਅੰਤ ਹੈ ।

ਐਸੇ, ਕਿਸੇ ਬਲਦ ਨੇ ਧਰਤੀ ਚੁਕੀ ਦੀ ਗੱਲ ਨਹੀਂ ਕਹਿਣਗੇ, ਸਗੋਂ ਦਰਸਾਉਣਗੇ ਕਿ ਜਿਸ ਸਹਾਰੇ ਇਹ ਧਰਤੀ ਖੜੋਤੀ ਹੈ, ਉਹ ਤਾਂ ਧਰਮ ਹੈ । ਧਰਮ ਆਪਣੇ ਆਪ ਕੁਝ ਅਰਥ ਨਹੀਂ ਰੱਖਦਾ, ਜੇ ਇਕ ਦੂਜੇ ਲਈ ਦਇਆ ਦੀ ਭਾਵਨਾ ਨਹੀਂ । ਦਇਆ ਦੀ ਕੁਖੋਂ ਹੀ ਧਰਮ (ਪੁਤ) ਪੈਦਾ ਹੁੰਦਾ ਹੈ, ਜਿਸ ਸਹਾਰੇ ਜਗਤ ਖੜੋਤਾ ਹੈ ਅਤੇ ਇਹ 'ਸੰਤੋਖ' ਦਾ ਬੀਜ (ਥਾਪਿ) ਹੈ, ਜੋ ਦਇਆ ਦੀ ਕੁਖੋਂ ਧਰਮ ਪੈਦਾ ਕਰਕੇ ਜਗਤ ਦੇ ਪਸਾਰੇ ਨੂੰ ਚਲਾ ਰਹਿਆ ਹੈ । ਜੋ ਇਹ ਗੱਲ ਸਮਝ ਕੇ 'ਸੰਤੋਖ, ਦਇਆ ਤੇ ਧਰਮ' ਦਾ ਧਾਰਨੀ ਹੋ ਗਿਆ, ਉਸ ਆਪਣਾ ਆਇਆ ਜਾਇਜ਼ ਸਾਬਤ ਕਰ ਦਿੱਤਾ । (ਜੇ ਕੋ ਬੁਝੈ ਹੋਵੈ ਸਚਿਆਰੁ)

ਹੁਣ ਇਹ ਗੱਲ ਆਪੇ ਹੀ ਥੋਥੀ ਲੱਗੇਗੀ ਕਿ ਜਗਤ ਨੂੰ ਕਿਸੇ ਪਦਾਰਥ (ਬਲਦ) ਨੇ ਥੰਮ੍ਹੀ ਦਿੱਤੀ ਹੋਈ ਹੈ । ਜ਼ਰਾ ਸੋਚੋ ਤਾਂ ਸਹੀ ਕਿ ਇਸ ਬਲਦ ਹੇਠਾਂ ਕਿਤਨਾ ਕੁ ਵਜ਼ਨ ਹੋਵੇਗਾ ਜਿਸ ਤੇ ਇਹ ਟਿਕਿਆ ਹੈ । ਇਹ ਸਭ ਫਾਲਤੂ ਫ਼ਜ਼ੂਲ ਗੱਲਾਂ ਹਨ । ਧਰਤੀ ਇਕ ਤਾਂ ਨਹੀਂ; ਕਈ ਤੇ ਕਈ ਹਨ । ਉਹ ਭਲਾ ਕਿਸ ਟੇਕ ਤੇ ਟਿਕੀਆਂ ਹਨ । ਗਿਣਤੀ ਤੋਂ ਬਾਹਰ ਹਨ, ਉਸ ਦੀਆਂ ਕ੍ਰਿਤਾਂ, ਰੰਗ ਤੇ ਨਾਮ । ਜਿਨ੍ਹਾਂ ਨੂੰ ਜ਼ਰਾ ਕੁ ਸੋਝੀ ਪਈ, ਉਨ੍ਹਾਂ ਨੇ ਲਗਾਤਾਰ ਕਲਮ ਚਲਾ/ਕੇ ਵਾਹਿਗੁਰੂ ਦੀਆਂ ਕ੍ਰਿਤਾਂ ਬਾਰੇ ਦੱਸਣਾ ਚਾਹਿਆ, ਪਰ ਕੀ ਕੋਈ ਹਿਸਾਬ ਕਿਤਾਬ ਲੱਗਾ ਸਕਦਾ ਹੈ ।

ਮੈਂ ਕਿਵੇਂ ਬਿਆਨ ਕਰ ਸਕਦਾ ਹਾਂ ਵਾਹਿਗੁਰੂ ਦੇ ਵਰਤ ਰਹੇ ਤਾਣ ਦਾ । ਤੂੰ ਇਤਨਾ ਵੱਡਾ ਹੈਂ ਕਿ ਇਕ ਵਾਰ ਵੀ ਤੈਥੋਂ ਸਦਕੇ ਨਹੀਂ ਹੋਇਆ ਜਾ ਸਕਦਾ । ਜੋ ਤੈਨੂੰ ਅੱਛਾ ਲੱਗਦਾ ਹੈ, ਮੈਨੂੰ ਉਹ ਹੀ ਕਰਨਾ ਫੱਬਦਾ ਹੈ । ਅਸੀਂ ਸਭ ਨਾਸ਼ਵੰਤ ਪਦਾਰਥਾਂ ਪਿਛੇ ਨੱਸਣ ਵਾਲੇ ਜੀਵ ਹਾਂ, ਤੁਸੀਂ ਅਕਾਰ ਰਹਿਤ ਹੋ । ਸਦਾ ਕਾਇਮ ਤੇ ਸੰਪੂਰਨ ਹੋ ।

ਇਨ੍ਹਾਂ ਚਾਰ ਪਉੜੀਆਂ (੧੬ ਤੋਂ ੧੯) ਵਿਚ ਕਾਦਰ ਤੇ ਕੁਦਰਤ ਦਾ ਪਸਾਰਾ ਹੈ ਜਿਸ ਦੀ ਸੋਝੀ ਕੇਵਲ ਟਿਕੇ ਹੋਏ ਮਨ ਨੂੰ ਆਉਂਦੀ ਹੈ । ਇਸ ਤਰ੍ਹਾਂ ਉਹ ਅਵਸਥਾ-

ਤਿਆਰ ਹੋ ਰਹੀ ਹੈ ਜਿਥੇ ਨਦਰ ਮਿਲਦੀ ਹੈ। ਇਸ ਤੋਂ ਵੀ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਬੇ-ਕਾਨੂੰਨੇ ਨਾਲੋਂ ਬੱਝਵਾਂ ਸਮਾਜੀ ਸ਼ਾਸਨ ਚੰਗੇਰਾ ਹੈ। ਚੰਗਾ ਸਮਾਜਕ ਢਾਂਚਾ ਉਹ ਹੀ ਕਿਹਾ ਜਾ ਸਕਦਾ ਹੈ ਜਿਥੇ ਤਾਣ ਹੁੰਦੇ ਹੋਏ ਵੀ ਲੋਕੀਂ ਨਿਤਾਣੇ ਰਹਿਣ। ਚੰਗੇ ਸਮਾਜਕ ਢਾਂਚੇ ਵਿਚ ਹਰ ਕੋਈ ਆਪਣਾ ਨਿਸ਼ਚਿਤ ਕੀਤਾ ਹੋਇਆ ਕਰਮ ਕਰਦਾ ਹੈ, ਇਕ ਦੂਜੇ ਦੇ ਹੱਕਾਂ ਤੇ ਛਾਪਾ ਨਹੀਂ ਮਾਰਦਾ। ਐਸਾ ਸਮਾਜ ਕੇਵਲ ਧਰਮ ਤੇ ਹੀ ਨਿਰਭਰ ਹੋ ਸਕਦਾ ਹੈ। ਐਸਾ ਧਰਮ ਦਇਆ ਤੋਂ ਹੀ ਉਪਜਦਾ ਹੈ ਅਤੇ ਦਇਆ ਉਪਜਦੇ ਹੀ ਸੰਤੋਖ ਤੇ ਸਹਿਨ-ਸ਼ੀਲਤਾ ਵਾਲੇ ਦੋ ਹੋਰ ਗੁਣ ਆਪ-ਮੁਹਾਰੇ ਆ ਜਾਂਦੇ ਹਨ। ਜੋ ਪੰਚ ਸਾਰੇ ਜਗਤ ਨੂੰ ਇਕ ਸੂਤ, ਮਰਿਆਦਾ ਵਿਚ ਬੱਝਿਆ ਦੇਖਦਾ ਹੈ, ਉਸ ਨੂੰ ਸਭ ਜੀਵ, ਜੰਤੂ, ਜਾਤ, ਸਿਆਰੇ ਇਕ ਦੂਜੇ ਦੇ ਵੈਰੀ ਨਹੀਂ ਦਿੱਸਦੇ, ਸਗੋਂ ਆਪਣਾ ਧਰਮ ਨਿਭਾਉਂਦੇ ਦਿੱਸ ਆਉਂਦੇ ਹਨ। ਓਪਰੀ ਨਜ਼ਰ ਵਾਲੇ ਨੂੰ ਦਿੱਸਦਾ ਜਗਤ ਸੁਰ ਹੀਣ, ਉਖੜਿਆ ਉਖੜਿਆ ਲੱਗੇਗਾ, ਪਰ ਨੀਝ ਵਾਲੇ ਨੂੰ ਸਭ ਕਰਮ ਨਿਭਾਉਂਦੇ ਦਿਸਣਗੇ। ਇਹ ਵੱਖ-ਪਣਾ ਉਪਰੋਂ ਉਪਰੋਂ ਹੀ ਹੈ। ਅਮਲ ਵਿਚ ਇਥੇ ਇਕ-ਸੁਰਤਾ ਹੈ, ਇਕ-ਸਾਰਤਾ ਹੈ। ਇਹ ਧਰਮ ਕੋਈ ਭੌਤਿਕ ਸ਼ਕਤੀ (ਫਿਜ਼ੀਕਲ ਫੋਰਸ) ਨਹੀਂ ਹੈ ਕਿਉਂਕਿ ਭੌਤਿਕ ਸ਼ਕਤੀ ਦੀ ਕੋਈ ਸੱਤਾ ਨਹੀਂ ਕਿ ਸ੍ਰਿਸ਼ਟੀ ਦੇ 'ਸੁਆਲਿਹੁ ਰੂਪ' ਨੂੰ ਜਾਣ ਸਕੇ, ਸੋ ਜੋ ਕੁਝ ਸ੍ਰਿਸ਼ਟੀ ਵਿਚ ਹੋ ਰਿਹਾ ਹੈ, ਉਸ ਦਾ ਪਸਾਰਾ ਹੀ ਹੈ। ਸਿਰਫ਼ ਪੰਚ ਹੀ ਹਨ ਜੋ ਧਰਮ ਦੇ ਤੱਤ ਨੂੰ ਪਛਾਣਦੇ ਹਨ। ਇਹ ਪੰਚ ਹੀ ਹਨ ਜੋ ਉਸ ਦਾ ਦਰਸ਼ਨ ਪਾਉਂਦੇ ਹਨ। ਗੱਲ ਕੀ, ਉਸ ਦੇ ਸਾਜੇ ਬ੍ਰਹਮੰਡ ਦੀ, ਜੀਵਾਂ ਦੀ, ਜਾਤਾਂ ਦੀ, ਰੰਗਾਂ ਦੀ, ਲੇਖਾਂ ਦੀ, ਤਾਣ ਦੀ, ਸੁੰਦਰਤਾ ਦੀ, ਕੌਣ ਵਿਚਾਰ ਕਰ ਸਕਦਾ ਹੈ! ਅਸੀਂ ਤਾਂ ਉਸ ਦੇ ਪਸਾਰੇ ਦੀ, ਸ਼ਕਤੀ ਦੀ, ਨੇਮ ਦੀ, ਪ੍ਰਬੰਧ ਦੀ, ਵਿਸਮਾਦੀ ਰੰਗ ਦੀ ਕੇਵਲ ਵਾਹ-ਵਾਹ ਹੀ ਕਰ ਸਕਦੇ ਹਾਂ। ਰਸ ਮਾਣ ਸਕਦੇ ਹਾਂ। ਅੰਤ ਨਹੀਂ ਪਾ ਸਕਦੇ। ਉਸ ਦੀ ਸੁਤੰਤਰ ਇੱਛਾ (ਭਾਣੇ) ਵਿਚ ਸਾਡਾ ਕੋਈ ਦਖ਼ਲ ਨਹੀਂ ਹੈ। ਸੋ ਸਿੱਖ ਕਦੇ ਸ਼ਿਕਾਇਤ ਨਹੀਂ ਕਰਦਾ। ਉਲ੍ਹਾਮਾ ਨਹੀਂ ਦੇਂਦਾ।

ਸਭ ਤੋਂ ਪਹਿਲਾਂ ਜਿਸ ਨੇ ਹਉਮੈ ਛੱਡੀ ਉਹ ਹੀ ਧਰਮ ਵਲੋਂ ਸਾਜੇ ਸਮਾਜਕ ਢਾਂਚੇ ਵਿਚ ਟਿਕ ਸਕੇਗਾ। ਦੂਜੇ, ਕਾਦਰ ਨੂੰ ਜਾਨਣ ਲਈ ਕੁਦਰਤ ਨੂੰ ਜਾਣਨਾ ਜ਼ਰੂਰੀ ਹੈ। ਗੱਲ ਸਪੱਸ਼ਟ ਹੈ, ਜੋ ਮਨੁੱਖ, ਆਪਣੇ ਸਮਾਜ ਵਿਚ ਨਹੀਂ ਰਹਿ ਸਕਦਾ, ਉਹ ਸ੍ਰਿਸ਼ਟੀ ਨੂੰ ਇਕ ਸੂਤ ਵਿਚ ਬੱਝਾ ਕਿਵੇਂ ਦੇਖ ਸਕੇਗਾ? ਇਹ ਹੀ ਕਾਰਨ ਹੈ ਕਿ ਗੁਰੂ ਨਾਨਕ ਜੀ ਨੇ 'ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ' ਤੇ ਜ਼ੋਰ ਦਿੱਤਾ ਹੈ। ਧਰਮ ਖੰਡ ਨੂੰ ਆਤਮਿਕ ਮਾਰਗ ਤੇ ਪਹਿਲਾ ਪੜਾਅ ਕਿਹਾ ਹੈ। ਫਿਰ ਇਹ ਹੀ ਕਾਰਨ ਲੱਗਦਾ ਹੈ ਕਿ ਸੋਲ੍ਹਵੀਂ ਪਉੜੀ ਵਿਚ ਦਰਬਾਰ ਦਾ ਦ੍ਰਿਸ਼ਟਾਂਤ ਲਿਆ ਹੈ ਕਿਉਂਕਿ ਦਰਬਾਰ ਵਿਚ ਮਾਨ ਰਾਜੇ ਦੀ ਬਖ਼ਸ਼ਸ਼ ਨਾਲ ਮਿਲਦਾ ਹੈ ਤੇ ਉਸ ਵਾਹਿਗੁਰੂ ਦੇ ਦਰਬਾਰ ਵਿਚ ਵੀ ਮਾਨ ਉਸ ਦੀ ਬਖ਼ਸ਼ਸ਼ ਨਾਲ ਹੀ ਮਿਲੇਗਾ। ਇਹ ਨਿਰੋਲ ਬਖ਼ਸ਼ਸ਼ ਦਾ ਚਮਤਕਾਰ ਹੈ।

ਸੋ ਅਸੀਂ ਕਹਿ ਸਕਦੇ ਹਾਂ ਕਿ ਵਿਰਲੇ ਹਨ ਜੋ ਧਰਮ ਦਾ ਤੱਤ ਪਾਉਂਦੇ ਹਨ। ਬ੍ਰਹਮੰਡ ਦਾ ਧਰਮ ਦਇਆ ਹੈ। ਦਇਆ ਦੀ ਦ੍ਰਿਸ਼ਟੀ ਹੋਵੇਗੀ ਤਾਂ ਹੀ ਇਹ ਸੰਸਾਰ, ਪੰਚ (ਧਰਮੀ ਪੁਰਸ਼) ਨੂੰ ਇਕ ਸੁਰ ਤੇ ਇਕਾਈ ਲੱਗੇਗਾ। ਉਸ ਦਾ ਸਮੁੱਚਾ ਰੂਪ ਕੋਈ ਮਿੱਥ ਨਹੀਂ ਸਕਦਾ। ਸਿਰਫ਼ ਵਾਰਨੇ ਜਾਇਆ ਜਾ ਸਕਦਾ ਹੈ। ਇਸ ਲਈ ਉਸ ਨੂੰ 'ਸਦਾ ਸਲਾਮਤ' ਅਤੇ ਨਿਰੰਕਾਰ ਕਹਿਣਾ ਹੀ ਫੱਬਦਾ ਹੈ।

**ਸੰਤੋਖ** ਦੇ ਅਰਥ ਹਨ ਜਿਤਨੀ ਪ੍ਰਾਪਤੀ ਹੁੰਦੀ ਹੈ; ਉਸ ਤੇ ਸੁੱਖੀ ਤੇ ਸੰਤੁਸ਼ਟ ਰਹਿਣਾ। ਰਚਨਾ ਤੇ ਪਦਾਰਥਾਂ ਨੂੰ ਦੇਖ ਕੇ ਦੂਜੇ ਤੇ ਦਇਆ ਕਰਨ ਦੀ ਰੁਚੀ ਸੇਵਾ ਤੋਂ ਉਪਜੇਗੀ। ਸਦਾ ਦਇਆ ਰੱਖਣ ਨਾਲ ਸਿਮਰਨ ਪਕੇਗਾ, ਕਿਉਂਕਿ ਇਹ ਸੋਝੀ ਆ ਗਈ ਕਿ ਧਰਮ ਦਇਆ ਦਾ ਪੂਤ ਹੈ ਅਤੇ ਉਸ ਵਿਚ ਸੰਤੋਖ ਰੱਖ ਕੇ ਸਹਿਜ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ। **ਆਪਣੇ ਆਪ ਵਿਚ ਟਿੱਕੇ ਰਹਿਣਾ ਦੇ ਸੁਭਾਵ ਨੂੰ ਸੰਤੋਖ ਕਿਹਾ ਹੈ।**

ਇਹ ਪਸਾਰਾ, ਸ਼ਕਤੀ, ਨੇਮ, ਪ੍ਰਬੰਧ, ਜੀਅ, ਜੁੱਗਤ ਸਾਨੂੰ ਵਿਸਮਾਦੀ ਰੰਗ ਵਿਚ ਲੈ ਜਾਣਗੇ। ਵਿਸਮਾਦੀ ਪੁਰਸ਼ 'ਵਾਹ ਵਾਹ ਕਾ ਬੜਾ ਤਮਾਸ਼ਾ' ਹੀ ਆਖੇਗਾ। 'ਵਾਰਿਆ ਨ ਜਾਵਾ ਏਕ ਵਾਰ', ਦਾ ਅਰਥ ਇਹ ਹੀ ਹੈ ਕਿ ਅਸੀਂ ਰਸ ਤਾਂ ਮਾਣ ਸਕਦੇ ਹਾਂ, 'ਸਦਾ ਸਲਾਮਤਿ ਨਿਰੰਕਾਰ ਦਾ', ਬਿਆਨ ਨਹੀਂ ਕਰ ਸਕਦੇ :

**'ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ,**
**ਤਿਨ ਕਉ ਪਰਜਾ ਪੂਜਣ ਆਈ।'**
**(ਗੂਜਰੀ ਕੀ ਵਾਰ ਮਹਲਾ ੩, ਪੰਨਾ ੫੧੪)**

**ਸ਼ਬਦ-ਭਾਵ :**

**ਪੰਚ** : ਪੁੱਗੇ ਹੋਏ, ਮੁੱਖੀ, ਬਜ਼ੁਰਗ,
**ਦਰਿ ਰਾਜਾਨ** : ਸੰਸਾਰੀ, ਰਾਜ ਦਰਬਾਰਾਂ ਵਿਚ।
**ਗੁਰੁ ਏਕੁ ਧਿਆਨੁ** : ਨਿਰੋਲ ਸ਼ਬਦ ਤੇ ਟੇਕ।
**ਕਹੈ ਕਰੇ ਵਿਚਾਰੁ** : ਆਖਦਾ ਹੈ, ਸੋਚ ਸਮਝ ਕੇ, ਐਵੇਂ ਨਹੀਂ ਬੋਲੀ ਜਾਂਦਾ।
**ਜਿਨਿ ਸੂਤਿ** : ਬਝਵੀਂ ਚਾਲ ਵਿਚ (Holds togather).
**ਵੂਝੀ** : ਅਰੁੱਕ, ਲਗਾਤਾਰ।
**ਤਾਣੁ** : ਸ਼ਕਤੀ।
**ਸੁਆਲਿਹੁ** : ਸੋਹਣਾ।
**ਕੂਤ** : ਅੰਦਾਜ਼ਾ।
**ਕਵਾਉ** : ਬੋਲ, ਵਾਕ।
**ਕੁਦਰਤਿ** : ਵਾਹਿਗੁਰੂ ਵਿਚ ਜੋ ਅਮੁੱਕ ਸ਼ਕਤੀ ਦਾ ਪ੍ਰਵਾਹ ਹੈ।
**ਸਦਾ ਸਲਾਮਤਿ** : ਹਮੇਸ਼ਾ ਸੰਪੂਰਣ, (Ever Perfect).

੧੭ (੩-੪)

**ਅਸੰਖ ਜਪ ਅਸੰਖ ਭਾਉ ॥**
**ਅਸੰਖ ਪੂਜਾ ਅਸੰਖ ਤਪ ਤਾਉ ॥**
**ਅਸੰਖ ਗਰੰਥ ਮੁਖਿ ਵੇਦ ਪਾਠ ॥**
**ਅਸੰਖ ਜੋਗ ਮਨਿ ਰਹਹਿ ਉਦਾਸ ॥**
**ਅਸੰਖ ਭਗਤ ਗੁਣ ਗਿਆਨ ਵੀਚਾਰ ॥**
**ਅਸੰਖ ਸਤੀ ਅਸੰਖ ਦਾਤਾਰ ॥**
**ਅਸੰਖ ਸੂਰ ਮੁਹ ਭਖ ਸਾਰ ॥**

**ਅਸੰਖ ਮੋਨਿ ਲਿਵ ਲਾਇ ਤਾਰ ॥**
**ਕੁਦਰਤਿ ਕਵਣ ਕਹਾ ਵੀਚਾਰੁ ॥**
**ਵਾਰਿਆ ਨ ਜਾਵਾ ਏਕ ਵਾਰ ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**
**ਤੂ ਸਦਾ ਸਲਾਮਤਿ ਨਿਰੰਕਾਰ ॥ ੧੭ ॥**

ਉਸ ਦੀ ਵਡਿਆਈ ਦੇਖਦਿਆਂ, ਸੰਸਾਰ ਵਿਚ ਪਹਿਲੀ ਨਜ਼ਰ ਉਸ ਦੀਆਂ ਉੱਚੀਆਂ ਤੇ ਚੰਗੇਰੀਆਂ ਵਸਤਾਂ ਤੇ ਜਾਵੇਗੀ । ਕੈਸੀ ਸੁੰਦਰ ਤੇ ਅਮੀਰ ਉਸ ਦੀ ਸਿਰਜਨਾ ਹੈ, ਇਹ ਦੇਖ-ਦੇਖ ਮਨੁੱਖ ਵਿਸਮਾਦ ਵਿਚ ਚਲਾ ਜਾਵੇਗਾ ਅਤੇ ਮਨ ਤੇ ਮੁਖੋਂ ਵਾਹ-ਵਾਹ ਹੀ ਨਿਕਲੇਗੀ ।

ਕਿਉਂ ਨਹੀਂ ਇਕ ਵਾਰ ਵੀ ਸਦਕੇ ਹੋਇਆ ਜਾਂਦਾ ਕਿਉਂਕਿ ਤੂੰ ਬੇਅੰਤ ਹੈ । ਅਣਗਿਣਤ ਹਨ ਢੰਗ ਤੈਨੂੰ ਪੁਕਾਰਨ ਦੇ । ਬੰਦਗੀ (ਜਪ) ਕਰਨ ਦੇ । ਅਣਗਿਣਤ ਹਨ ਤਰੀਕੇ ਤੇਰੇ ਨਾਲ ਪਿਆਰ (ਭਾਉ) ਜਤਲਾਉਣ ਦੇ । ਅਣਗਿਣਤ ਹਨ ਵੱਲ ਪੂਜਾ ਕਰਨ ਦੇ । ਅਣਗਿਣਤ ਹਨ ਤਰੀਕੇ, ਜਿਨ੍ਹਾਂ ਰਾਹੀਂ ਤਪ ਤਾਪੇ ਜਾ ਰਹੇ ਹਨ । ਅਣਗਿਣਤ ਹਨ ਜੋ ਜ਼ਬਾਨੀ ਧਾਰਮਿਕ ਗ੍ਰੰਥਾਂ ਦਾ ਪਾਠ ਸੁਣਾ ਸਕਦੇ ਹਨ ਅਤੇ ਅਣਗਿਣਤ ਹਨ ਜੋਗੀ ਜੋ ਜਗਤ ਵਲੋਂ ਉਚਾਟ ਹੋ ਗਏ ਹਨ । ਅਣਗਿਣਤ ਹਨ ਭਗਤ ਜੋ ਵਾਹਿਗੁਰੂ ਦੀ ਵਿਚਾਰ ਵਿਚ ਲੱਗ ਰੂਹਾਨੀ ਰਾਹ ਰੌਸ਼ਨ (ਗਿਆਨ) ਕਰਨ ਵਿਚ ਲੱਗੇ ਹੋਏ ਹਨ । ਅਣਗਿਣਤ ਹਨ ਸਖੀ ਦਿਲ (ਸਤੀ) ਤੇ ਅਣਗਿਣਤ ਹੀ ਹਨ ਜੋ ਖ਼ੈਰਾਤਾਂ ਵੰਡ ਰਹੇ ਹਨ । ਅਨੇਕਾਂ ਹੀ ਹਨ ਸੂਰਮੇ ਜੋ ਸਨਮੁਖ ਹੋ ਖੰਡੇ ਦਾ ਵਾਰ ਝਲਦੇ ਹਨ । ਅਣਗਿਣਤ ਹਨ ਜਿਨ੍ਹਾਂ ਨ ਬੋਲਣ ਦਾ ਪ੍ਰਣ ਧਾਰਿਆ ਹੈ ਅਤੇ ਅਨੇਕਾਂ ਹਨ ਜੋ ਪਦਾਰਥਾਂ ਵਲੋਂ ਮੂੰਹ ਮੋੜ ਇਕ ਟਿਕ ਸਮਾਧੀ ਸਥਿਤ ਹਨ ।

ਭਲਾ ਇਹ ਕਿਤਨਾ ਵੱਡਾ ਚਿੱਠਾ ਹੋਵੇਗਾ । ਕੀ ਕੋਈ ਦੱਸੇਗਾ ਉਸ ਦੀ ਸ਼ਕਤੀ ਤੇ ਸੋਹਣੇ ਰੂਪਾਂ ਨੂੰ ? ਕੀ ਕੋਈ ਵਰਣਨ ਕਰ ਸਕੇਗਾ ਉਸਦੀਆਂ ਦਾਤਾਂ ਨੂੰ ? ਉਸ ਦੇ ਤਾਂ ਇਕ ਵਾਰ ਨਾਲ ਇਤਨਾ ਪਸਾਰਾ ਹੋ ਗਿਆ ਅਤੇ ਅਗੋਂ ਲੱਖਾਂ ਪ੍ਰਵਾਹ ਚਲ ਪਏ । ਅਤੇ ਅਸੀਂ ਨਿਮਾਣੇ ਜੀਵ, ਲੱਖਾਂ ਕਰੋੜਾਂ ਵਾਰ ਲਿਖ ਕੇ ਵੀ ਉਸ ਦਾ ਜ਼ਿਕਰ ਤੱਕ ਨਹੀਂ ਕਰ ਸਕਾਂਗੇ ।

ਮੈਂ ਕੌਣ ਹਾਂ ਜੋ ਉਸ 'ਵਾਹਿਗੁਰੂ ਦੀ ਸ਼ਕਤ' (ਕੁਦਰਤਿ) ਨੂੰ ਦਰਸਾ ਸਕਾਂ । ਮੈਂ ਇਸ ਜੋਗਾ ਵੀ ਨਹੀਂ ਕਿ ਇਕ ਵਾਰ ਵੀ ਤੇਰੇ ਤੋਂ ਸਦਕੇ ਜਾ ਸਕਾਂ । ਬਹੁਤ ਨਿਮਾਣਾ ਹਾਂ । ਬਸ ਇਹ ਹੀ ਕਹਿਣਾ ਬਣਦਾ ਹੈ, ਜੋ ਤੈਨੂੰ ਚੰਗਾ ਲੱਗਦਾ ਹੈ, ਮੈਨੂੰ ਉਹ ਹੀ ਕਰਨਾ ਫੱਬਦਾ ਹੈ । ਅਸੀਂ ਸਭ ਨਾਸ਼ਵੰਤ, ਪਦਾਰਥਵਾਦੀ ਜੀਵ ਹਾਂ । ਤੁਸੀਂ ਹੀ ਹੋ ਜੋ ਆਕਾਰ ਰਹਿਤ ਹੋ, ਸੰਪੂਰਣ ਹੋ, ਸਦਾ ਕਾਇਮ ਹੋ ।

**ਸ਼ਬਦ-ਭਾਵ :**

**ਜਪੁ** : ਪੁਕਾਰਨ ਦਾ ਢੰਗ, ਬੰਦਗੀ ।
**ਭਾਉ** : ਪਿਆਰ ।

ਤਪ ਤਾਉ : ਤਪ ਤਾਪਣ ਦੇ ਤਰੀਕੇ ।
ਮਨਿ ਰਹੇ ਉਦਾਸ : ਦਿਲੋਂ ਜਗਤ ਤੋਂ ਉਚਾਟ ।
ਗੁਣ ਗਿਆਨ
ਵੀਚਾਰ : ਗੁਣਾਂ ਦੀ ਵਿਚਾਰ ਕਰਦਿਆਂ ਜੋ ਰੂਹਾਨੀ ਰੌਸ਼ਨੀ ਹੁੰਦੀ ਹੈ ।
ਸਤੀ : ਸਖੀ ਦਿਲ ।
ਸੂਰ ਮੁਹ ਭਖ
ਸਾਰ : ਸਨਮੁਖ ਲੋਹਾ ਲੈਂਦੇ, ਮੈਦਾਨਿ-ਏ-ਜੰਗ ਤੋਂ ਕਦੇ ਮੂੰਹ ਨ ਮੋੜਨਾ ।
ਮੋਨਿ : ਚੁਪ ਸਾਧੀ ।
ਲਿਵ ਲਾਇ
ਡਾਰ : ਪਦਾਰਥਾਂ ਵਲੋਂ ਮੋਹ ਹਟਾ, ਲਗਾਤਾਰ ਅੰਦਰ ਝਾਕਦੇ ।

੧੮ (੪)

ਅਸੰਖ ਮੂਰਖ ਅੰਧ ਘੋਰ ॥
ਅਸੰਖ ਚੋਰ ਹਰਾਮਖੋਰ ॥
ਅਸੰਖ ਅਮਰ ਕਰਿ ਜਾਹਿ ਜੋਰ ॥
ਅਸੰਖ ਗਲਵਢ ਹਤਿਆ ਕਮਾਹਿ ॥
ਅਸੰਖ ਪਾਪੀ ਪਾਪੁ ਕਰਿ ਜਾਹਿ ॥
ਅਸੰਖ ਕੂੜਿਆਰ ਕੂੜੇ ਫਿਰਾਹਿ ॥
ਅਸੰਖ ਮਲੇਛ ਮਲੁ ਭਖਿ ਖਾਹਿ ॥
ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥
ਨਾਨਕੁ ਨੀਚੁ ਕਹੈ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ ੧੮ ॥

ਹੋਰ ਕੀ ਹੈ ਕੁਦਰਤਿ ਸਿਵਾਇ ਇਸ ਤੋਂ ਕਿ ਅਸੀਂ ਨਾਹ ਤਾਂ ਇਸ ਰਹੱਸ ਦਾ ਪਤਾ ਲੱਗਾ ਸਕਦੇ ਹਾਂ ਕਿ ਧਰਤੀ ਕਿਸ ਸਹਾਰੇ ਖੜੋਤੀ ਹੈ ਅਤੇ ਨਾਂਹ ਇਹ; ਜਿਥੇ ਇਤਨੇ ਜਪੁ ਤਪੁ; ਪਾਠ, ਪੂਜਾ; ਵਿਚਾਰ;/ਦਾਨ ਤੇ ਸੂਰਮੇ ਹੋਣ ਉੱਥੇ ਤਾਂ ਹਰ ਪਾਸੇ ਸਿਆਣਪ ਹੀ ਸਿਆਣਪ ਖਿਲਰੀ ਹੋਣੀ ਚਾਹੀਦੀ ਹੈ । ਗਿਆਨ ਦਾ ਸੂਰਜ ਹਰ ਹਿਰਦੇ ਚੜ੍ਹਿਆ ਹੋਣਾ ਚਾਹੀਦਾ ਹੈ, ਪਰ ਕੁਦਰਤ ਦੇਖੋ ਕਿ ਅਣਗਿਣਤ ਹੀ ਮੂਰਖ ਘੁਪ ਹਨੇਰੇ ਵਿਚ ਠੋਕਰਾਂ ਪਏ ਖਾਂਦੇ ਹਨ । ਜਿਥੇ ਅਨੇਕਾਂ ਮਾਇਆ ਉਚਾਟ, ਦੁਨੀਆਂ ਨੂੰ ਲੱਤ ਮਾਰਨ ਵਾਲੇ ਹੋਣ, ਉਥੇ ਤਾਂ ਪਰਾਈ ਚੀਜ਼ ਵੱਲ ਕਿਸੇ ਦੀ ਨਜ਼ਰ ਵੀ ਨਹੀਂ ਪੈਣੀ ਚਾਹੀਦੀ, ਪਰ ਇਥੇ ਤਾਂ ਬੇ-ਗਿਣਤ ਹੀ ਧੋਹਾ ਖਾਹੀ ਵਿਚ ਲੱਗੇ ਹੋਏ ਹਨ । ਕਿਰਤ ਛੱਡ, ਚੋਰੀ ਕਰ ਹਰਾਮ ਦੀ ਕਮਾਈ ਕਰਦੇ ਹਨ ।

ਜਿਥੇ ਬੇ-ਗਿਣਤ ਬਹਾਦਰ ਐਸੇ ਹਨ ਜੋ ਹਰ ਵੇਲੇ ਧਰਮ ਦੀ ਚੜ੍ਹਦੀ ਕਲਾ

ਲਈ ਲੋਹਾ ਲੈਣ ਲਈ ਖੜ੍ਹੇ ਹੋਣ, ਉਥੇ ਤਾਂ ਕਿਸੇ ਦੀ ਕੀ ਮਜ਼ਾਲ ਹੋਣੀ ਚਾਹੀਦੀ ਹੈ ਕਿ ਕਿਸੇ ਉੱਤੇ ਜ਼ੁਲਮ ਢਾਹ ਸਕੇ, ਪਰ ਦੇਖ ਰਹੇ ਹਾਂ ਕਿ ਕਈ ਜ਼ੋਰ ਨਾਲ ਰਾਜ ਕਰ ਜਾਂਦੇ ਹਨ । ਬੇਦੋਸ਼ਿਆਂ ਦੇ ਗਲੇ ਵੱਢਦੇ ਹਨ । ਜਿਥੇ ਮਨ ਨੂੰ ਸਾਧਨ ਲਈ, ਇਕਾਗ੍ਰਤਾ ਹਾਸਿਲ ਕਰਨ ਲਈ ਦਿਨ ਰਾਤ ਸਾਧਨ ਸਾਧੇ ਜਾ ਰਹੇ ਹੋਣ, ਉਥੇ ਕੂੜ ਨਿੰਦਿਆ, ਮਨ ਦੇ ਖੋਟੇ ਤਾਂ ਹੋਣੇ ਹੀ ਨਹੀਂ ਚਾਹੀਦੇ ਪਰ ਇਥੇ ਤਾਂ ਝੂਠਿਆਂ ਤੇ ਮੰਦੀ ਵਾਸ਼ਨਾ ਵਾਲਿਆਂ ਦੀ ਕੋਈ ਹੱਦ ਨਹੀਂ ।

ਇਹ ਹੀ ਤਾਂ ਕੁਦਰਤ ਹੈ, ਜਿਸ ਨੂੰ ਕੋਈ ਬਿਆਨ ਨਹੀਂ ਕਰ ਸਕਦਾ । ਇਸ ਮਾੜੀ ਦਸ਼ਾ ਦਾ ਕਾਰਨ ਹੋਰ ਕੋਈ ਨਹੀਂ, ਸਿਰਫ਼ ਇਹ ਹੈ ਕਿ ਜੋ ਤਿਸ ਭਾਵੈ ਸਾਈ ਭਲੀ ਕਾਰ— ਰਜ਼ਾ ਦੇ ਮੁਢਲੇ ਨੇਮ ਨੂੰ ਛੱਡ ਲੋਕਾਂ ਨੇ ਕੂੜ ਕਰਮਾਂ ਨੂੰ ਹੀ ਨੇਕੀ ਮੰਨ ਲਿਆ ਹੈ । ਕਿਸੇ ਦੇਸ਼ ਭਗਤੀ, ਕਿਸੇ ਕੁਲ ਅਭਿਆਸ, ਕਿਸੇ ਲਾਅ ਐਂਡ ਆਰਡਰ ਦੇ ਬਹਾਨੇ ਦੂਜਿਆਂ ਨੂੰ ਸਬਕ ਸਿਖਾਉਣ ਦੇ ਕੁਢੰਗ ਨੂੰ ਆਧਾਰ ਬਣਾ ਲਿਆ ਹੈ । ਇਸ ੧੮ਵੀਂ ਪਉੜੀ ਵਿਚ ਦੱਸਦੇ ਹਨ ਕਿ ਤੇਰੀ ਵਰਤ ਰਹੀ ਰੂਹਾਨੀ ਸ਼ਕਤੀ (ਕੁਦਰਤਿ) ਨੂੰ ਕੋਈ ਕਿਵੇਂ ਦੱਸੇ ।

**ਬੇਗਿਣਤ** ਹਨ ਮੂੜ੍ਹ ਮੂਰਖ ਜੋ ਨਿਤ ਬੇਵਕੂਫ਼ੀ ਦੇ ਕਰਮ ਕਮਾ ਰਹੇ ਹਨ । ਅਣਗਿਣਤ ਹੀ ਹਨ ਜੋ ਚੋਰੀ ਚਕਾਰੀ ਤੇ ਬਦਦਿਆਨਤੀ ਸਹਾਰੇ ਜੀਵਨ ਚਲਾ ਰਹੇ ਹਨ । ਉਨ੍ਹਾਂ ਜ਼ਾਲਮਾਂ ਦੀ ਵੀ ਕੋਈ ਗਿਣਤੀ ਨਹੀਂ ਜੋ ਵਹਿਸ਼ੀਆਨਾ ਤਾਕਤ ਵਰਤ ਆਪਣਾ ਰਾਜ-ਹੁਕਮ ਚਲਾ ਰਹੇ ਹਨ । ਅਣਗਿਣਤ ਹਨ ਕਾਤਿਲ ਜੋ ਦੂਜੇ ਦਾ ਗਲਾ ਕੱਟ ਕੇ ਰਤਾ ਭਰ ਨਹੀਂ ਸੰਗਦੇ । ਬੇਗਿਣਤ ਹਨ ਐਸੇ ਪਾਪੀ ਜੋ ਪਾਪ ਕਮਾ ਪਾਪਾਂ ਦੀਆਂ ਦਾਸਤਾਨਾਂ ਪਿਛੇ ਛੱਡ ਜਾਂਦੇ ਹਨ । ਅਣਗਿਣਤ ਹਨ ਐਸੇ ਝੂਠੇ ਜੋ ਝੂਠ ਦਾ ਜਾਲ ਤਾਣ ਕੇ ਵਿਚੇ ਹੀ ਫਸੇ, ਝੂਠ ਦੇ ਹੀ ਕੁਚੱਕਰ ਵਿਚੋਂ ਨਿਕਲ ਨਹੀਂ ਸਕਦੇ ।

ਅਣਗਿਣਤ ਮਨ ਦੇ ਮੈਲੇ (ਮਲੇਛ) ਜੋ ਮਾੜੇ ਢੰਗਾਂ ਨਾਲ ਮਾਇਆ ਇਕੱਠੀ ਕਰ ਭੋਗਣ ਵਿਚ ਹੀ ਲੱਗੇ ਰਹਿੰਦੇ ਹਨ । ਅਨੇਕਾਂ ਹਨ, ਦੂਜਿਆਂ ਦੇ ਔਗੁਣ ਫਰੋਲਣ ਵਾਲੇ ਤੇ ਪਰਾਈ ਨਿੰਦਾ ਦੀ ਗੰਦਗੀ ਦਾ ਭਾਰ ਆਪਣੇ ਦਿਮਾਗ਼ਾਂ ਵਿਚ ਚੁਕੀ ਫਿਰਦੇ । ਨਿੰਦਕ ਦਾ ਚਿਹਰਾ ਜ਼ਰਾ ਤੱਕਣਾ, ਅਟਿਆ-ਅਟਿਆ, ਸੜਿਆ-ਸੜਿਆ ਹੋਵੇਗਾ ਪਰ ਸਿਫ਼ਤ ਸਾਲਾਹ ਕਰਨ ਵਾਲੇ ਦਾ ਖਿੜਿਆ-ਖਿੜਿਆ ਹੁਲਾਸ ਵਿਚ ਹੋਵੇਗਾ ।

ਗੁਰੂ ਨਾਨਕ ਦੇਵ ਜੀ ਆਪ੍ਰੂੰ ਅਤਿ ਨਿਮ੍ਰਤਾ ਭਾਵ ਵਿਚ ਆ ਕਹਿੰਦੇ ਹਨ ਕਿ ਉਹ ਆਪ ਕੋਈ ਉੱਚੇ ਨਹੀਂ, ਉਹ ਵੀ ਨੀਵੇਂ ਹੀ ਹਨ, ਪਰ ਜਗਤ ਵਿਚ ਵਾਪਰ ਰਹੇ ਇਨ੍ਹਾਂ ਪਾਪਾਂ ਦਾ ਵਰਨਣ ਕਰ ਰਹੇ ਹਾਂ ਤਾਂ ਕਿ ਜਗਤ ਨੇਕੀ ਵਾਲੇ ਪਾਸੇ ਆਵੇ । ਨੇਕ ਹੋਣ ਦਾ ਬਾਨ੍ਹਣੂੰ ਬੰਨ੍ਹੇ ।

ਉਸ ਵੱਡੇ ਤੋਂ ਤਾਂ ਇਕ ਵਾਰ ਵੀ ਸਦਕੇ ਨਹੀਂ ਹੋਇਆ ਜਾਂਦਾ । ਨੇਕੀ ਦਾ ਮੂਲ ਜੋ 'ਰਜ਼ਾ' ਹੈ, ਉਸ ਦੀ ਜੜ੍ਹ ਸਭ ਵਿਚ ਲੱਗੇ, ਤਾਂ ਕਿ ਅੰਤ੍ਰੀਵ ਸੋਝੀ ਮਿਲੇ । ਉਹ ਹੀ ਸਾਡੇ ਲਈ ਢੱਕਦਾ ਹੈ ਜੋ ਤੈਨੂੰ ਭਾਂਦਾ ਹੈ । ਅਸੀਂ ਪਾਪੀ ਪਦਾਰਥਾਂ ਪਿਛੇ ਭੱਜਣ ਵਾਲੇ ਜੀਵ ਤੁਹਾਡੇ ਆਕਾਰ ਰਹਿਤ, ਸਦਾ ਸੰਪੂਰਨ ਕਾਇਮ ਰਹਿਣ ਵਾਲੇ ਦਾ ਅੰਤ ਕੀ ਪਾ ਸਕਦੇ ਹਾਂ ।

ਉਸ ਨੂੰ ਜਾਣਨ ਲਈ ਉਸ ਦੀ ਸਿਰਜਨਾ ਦੇਖਣੀ ਜ਼ਰੂਰੀ ਹੈ ਅਤੇ ਸਿਰਜਨਾ

ਨੂੰ ਉਸੇ ਤਰ੍ਹਾਂ ਹੀ ਲੈਣਾ ਚਾਹੀਦਾ ਹੈ ਜਿਵੇਂ ਪ੍ਰਤੱਖ ਹੈ । ਜੇ ਉੱਚਾ ਹੋ ਕੇ ਉਸ ਦਾ ਦਰਸ਼ਨ ਪਾਉਣਾ ਹੈ ਤਾਂ ਇਤਨਾ ਉੱਚਾ ਜ਼ਰੂਰ ਹੋਣਾ ਪਵੇਗਾ ਕਿ ਮਨੁੱਖ ਨੂੰ, ਜੋ ਉਸ ਨੇ ਆਪਣੇ ਆਪ ਪਾਪ ਪੁੰਨ ਬਣਾਏ ਹਨ, ਉਨ੍ਹਾਂ ਦਾ ਅਸਲ ਰੂਪ ਵਿਖਲਾ ਦਿੱਤਾ ਜਾਏ । ''ਚੰਗਾ ਮੰਦਾ ਆਪਣਾ'' ਉਸ ਦੇ ਸਾਜੇ ਦਰਿਆਉ ਵਿਚ ਹੀ ਹਨ । ਜਾਰੀ ਕੀਤਾ ਨਾਮ ਸਭ ਲਈ ਇਕੋ ਜਿਹਾ ਹੈ । ਇਸ ਅਵਸਥਾ ਤੱਕ ਪੁੱਜਣ ਲਈ ਕਰੜਾ ਯਤਨ ਕਰਨਾ ਪੈਂਦਾ ਹੈ ਕਿ ਮੰਦਾ ਚੰਗਾ ਇਕੋ ਜਿਹਾ ਲੱਗੇ, ਪਰ ਮੰਦਾ ਚੰਗਾ ਇਕੋ ਜਿਹਾ ਦੇਖੇ ਬਗੈਰ, ਉਸ ਦੀ ਨਦਰ ਦੇ ਦਰ ਪੁੱਜਿਆ ਨਹੀਂ ਜਾ ਸਕਦਾ । ਸਭ ਇਕੋ ਜਿਹੇ ਦਿਸਣ ਦਾ ਜਤਨ ਉਸੇ ਵੇਲੇ ਆਰੰਭ ਕਰ ਦਿਆਂਗੇ ਜਦ ਆਪਣੇ ਤੇ ਉਸ ਵਿਚਕਾਰ ਦੀ ਵਿੱਥ ਦਾ ਸਾਨੂੰ ਪਤਾ ਲੱਗ ਜਾਏ । ਜਦ ਆਪਣੇ ਤੇ ਉਸ ਵਿਚਕਾਰ ਪਈ ਵਿੱਥ ਵੱਲ ਦੇਖਾਂਗੇ ਤਾਂ ਉਸਦੇ ਸਾਹਮਣੇ ਅਸੀਂ ਤੁੱਛ ਜਿਹੇ ਦਿਖਾਈ ਦੇਵਾਂਗੇ । ਵਿੱਥ ਦੂਰ ਕਰਨ ਲਈ ਪਹਿਲਾਂ ਇਹ ਮੰਨਣਾ ਪਵੇਗਾ ਕਿ ਚੰਗੇ-ਮੰਦੇ ਉਸ ਦੇ ਸਾਜੇ ਹੋਏ ਹਨ ਅਤੇ ਫਿਰ 'ਬਹੁਤਾ ਕਰਮੁ ਲਿਖਿਆ ਨਾ ਜਾਇ', ਦੀ ਸੋਝੀ ਲੈ ਸਹਿਜੇ ਹੀ ਉਸ ਦੀ ਰਜ਼ਾ ਵਿਚ ਟਿੱਕ ਜਾਵਾਂਗੇ ਜੋ ਨੇਕੀ ਦਾ ਮੂਲ ਹੈ, ਤਾਂ ਅਸੀਂ ਪੰਜੀਵੀਂ ਪਉੜੀ ਵਿਚ ਚੰਗੇ ਮੰਦੇ ਨੂੰ ਉਸ ਦਾ ਹੀ ਕਾਰਜ ਕਰਦਿਆਂ ਵੇਖਾਂਗੇ । ਇਹ ਸਭ ਕਰੜੀ ਘਾਲਣਾ ਬਾਅਦ ਹੀ ਪ੍ਰਾਪਤ ਹੋਵੇਗਾ ।

ਪੰਚ ਉਹ ਹੀ ਹੈ ਜਿਸ ਦਾ ਧਿਆਨ ਤੇ ਵਿਸ਼ਵਾਸ ਉਸ ਵਿਚ ਅਟੱਲ ਅਤੇ ਸਦਾ ਸਲਾਮਤ ਹੈ । ਮੰਦੇ ਉਸ ਦਾ ਦਰਸਾਇਆ ਕਰਮ ਕਿਵੇਂ ਨਿਭਾ ਰਹੇ ਹਨ, ਇਸ ਦੀ ਸੋਝੀ ਨਦਰ ਪ੍ਰਾਪਤ ਕੀਤੇ ਬਗੈਰ ਪਤਾ ਨਹੀਂ ਲੱਗ ਸਕਦੀ । ਇਹ ਅੱਗੇਂ ਇਕੱਤਵੀਂ, 'ਆਸਣੁ ਲੋਇ ਲੋਇ ਭੰਡਾਰ', ਵਾਲੀ ਪਉੜੀ ਵਿਚ ਖੋਲ੍ਹਿਆ ਗਿਆ ਹੈ ।

ਇਹ ਲਿਖਣਾ ਵੀ ਉਚਿਤ ਨਹੀਂ ਹੋਵੇਗਾ ਕਿ ਸਾਡੇ ਯੁਗ ਦੇ ਇਕ ਮਨੋਵਿਗਿਆਨੀ ਟਰਾਇਗੇਂਟ ਬਰਉ ਨੇ ਸਾਡੇ ਵਿਦਿਅਕ ਢਾਂਚੇ ਦੀ ਵੱਡੀ ਕਮਜ਼ੋਰੀ ਹੀ ਇਹ ਦੱਸੀ ਹੈ ਕਿ ਨਿਰਾ ਮਾੜੇ ਚੰਗੇ ਤੇ ਜ਼ੋਰ ਦੇਣਾ ।

ਆਮ ਤੌਰ ਤੇ ਜਗਤ ਵਿਚ ਬਦੀ ਤੇ ਬਦਕਾਰਾਂ ਦੇ ਕਰਤੱਵ ਦੇਖ ਕੇ ਮਨੁੱਖ ਘਬਰਾ ਜਾਂਦਾ ਹੈ । ਨਾਮੀ ਪੁਰਸ਼ਾਂ ਦੇ ਵਿਚ ਵੀ ਇਹ ਸੋਚ ਉਠ ਖਲੋਂਦੀ ਹੈ ਕਿ ਸੰਸਾਰ ਵਿਚ ਬੁਰਾਈ ਕਿਉਂ ਹੈ ਅਤੇ ਪ੍ਰਮਾਤਮਾ ਯਕ ਦਮ ਦੂਰ ਕਿਉਂ ਨਹੀਂ ਕਰਦਾ ? ਗੁਰੂ ਪਾਤਸ਼ਾਹ ਨੇ ਇਸ ਦੁਬਿਧਾ ਵਿਚੋਂ ਕੱਢਣ ਲਈ ਇਹ ਪਉੜੀਆਂ ਲਿਖੀਆਂ ਹਨ ਕਿ ਇਹ ਦ੍ਰਿੜ੍ਹ ਹੋ ਜਾਏ ਕਿ ਜੋ ਕੁਝ ਵਰਤ ਰਿਹਾ ਹੈ, ਇਸ ਨੂੰ ਵੇਖ ਆਤਮਿਕ ਮਾਰਗ ਦੇ ਦ੍ਰਿੜਾਊ ਦਾ ਇਹ ਯਕੀਨ ਪਕੇ ਕਿ ਵਾਹਿਗੁਰੂ ਇਨ੍ਹਾਂ ਬੁਰਿਆਂ/ ਦੀਆਂ ਬੁਰਾਈਆਂ ਨਾਲ ਕੋਈ ਕਲੰਕਤ ਨਹੀਂ ਜਾਂ ਖੰਡਿਤ ਨਹੀਂ ਹੁੰਦਾ । 'ਤੂੰ (ਵਾਹਿਗੁਰੂ) ਸਦਾ ਸਲਾਮਤ ਨਿਰੰਕਾਰ' ਹੈਂ । ਜੋ ਤੈਨੂੰ ਭਾਉਂਦਾ ਹੈ ਉਸ ਤੇ ਕਿੰਤੂ ਨ ਉੱਠੇ ਅਤੇ ਉਸ ਦੇ ਪ੍ਰੇਮ ਵਿਚ ਰਤਾ ਭਰ ਫਰਕ ਨਾ ਆਏ । ਜੇ ਇਥੋਂ ਤੱਕ ਸਮਝ ਨ ਪੁੱਜ ਸਕੇ ਤਾਂ ਫਿਰ ਇਸ ਸੰਸਾਰ ਨੂੰ ਨਿਰੋਲ 'ਖੇਲ ਤਮਾਸ਼ਾ' ਸਮਝ ਦੇਖੀ ਜਾਵੇ । ਸਿੱਖ ਨੇ ਇਹ ਦ੍ਰਿੜ੍ਹ ਕਰ ਲਿਆ ਸੀ, ਇਸ ਲਈ ਉਹ ਦੁੱਖ ਵਿਚ ਵੀ 'ਦਾਤ ਤੇਰੀ ਦਾਤਾਰ' ਹੀ ਕਹਿੰਦਾ ਸੀ :

**ਸ਼ਬਦ-ਭਾਵ :**

**ਅੰਧ ਘੋਰ** : ਮੂਰਖਤਾ ਵਿਚ ਗ਼ਰਕ (Sunken in Folly).

**ਹਰਾਮ ਖੋਰ** : ਜਿਸ ਦੀ ਕਿਰਤ ਸੁੱਚੀ ਨਹੀਂ ।
**ਕਰਿ ਜਾਹਿ ਜੋਰ** : ਜੋ ਜਬਰ ਨਾਲ ਹਕੂਮਤ ਕਰਦੇ ਹਨ (Ruling by brute force).
**ਮਲੇਛ** : ਮਨ ਮੈਲੇ ।
**ਸਿਰਿ ਕਰਹਿ ਭਾਰਿ** : ਨਿੰਦਿਆ ਦਾ ਬੋਝ ਸਿਰ 'ਤੇ ਚੁੱਕੀ ਫਿਰਦੇ ਹਨ ।

**੧੯ (੪)**

**ਅਸੰਖ ਨਾਵ ਅਸੰਖ ਥਾਵ ॥**
**ਅਗੰਮ ਅਗੰਮ ਅਸੰਖ ਲੋਅ ॥**
**ਅਸੰਖ ਕਹਹਿ ਸਿਰਿ ਭਾਰੁ ਹੋਇ ॥**
**ਅਖਰੀ ਨਾਮੁ ਅਖਰੀ ਸਾਲਾਹ ॥**
**ਅਖਰੀ ਗਿਆਨੁ ਗੀਤ ਗੁਣ ਗਾਹ ॥**
**ਅਖਰੀ ਲਿਖਣੁ ਬੋਲਣੁ ਬਾਣਿ ॥**
**ਅਖਰਾ ਸਿਰਿ ਸੰਜੋਗੁ ਵਖਾਣਿ ॥**
**ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥**
**ਜਿਵ ਫੁਰਮਾਏ ਤਿਵ ਤਿਵ ਪਾਹਿ ॥**
**ਜੇਤਾ ਕੀਤਾ ਤੇਤਾ ਨਾਉ ॥**
**ਵਿਣੁ ਨਾਵੈ ਨਾਹੀ ਕੋ ਥਾਉ ॥**
**ਕੁਦਰਤਿ ਕਵਣ ਕਹਾ ਵੀਚਾਰੁ ॥**
**ਵਾਰਿਆ ਨ ਜਾਵਾ ਏਕ ਵਾਰ ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**
**ਤੂ ਸਦਾ ਸਲਾਮਤਿ ਨਿਰੰਕਾਰ ॥ ੧੯ ॥**

ਇਹ ਅਸਾਂ ਦੇਖਿਆ ਹੈ ਕਿ ਜਗਤ ਵਿਚ ਅਨੇਕਾਂ ਵਸਤੂਆਂ ਤੇ ਜੀਵ ਹਨ ਅਤੇ ਆਪਣੀ ਤੁਛ ਬੁੱਧੀ ਦੁਆਰਾ ਉਸ ਨੂੰ ਚੰਗਾ-ਮੰਦਾ ਹੀ ਆਖ ਸਕਦੇ ਹਾਂ, ਪਰ ਜਗਤ ਵੀ ਤਾਂ ਅਨੇਕ ਹਨ । ਸੋ ਗਿਣਤੀ ਨ ਕਰਕੇ ਨਿਰੋਲ ਅੱਖਰਾਂ ਰਾਹੀਂ ਲਿਖ ਸਕਦੇ ਹਾਂ ।

ਅੱਖਰ ਦਾ ਭਾਵ ਨਾ ਖਿਰਣ ਵਾਲਾ ਪੱਕਾ ਫ਼ਰਮਾਨ ਹੈ ।

ਅਸੰਖ ਹੀ ਨਾਮ, ਅਸੰਖ ਹੀ ਟਿਕਾਣੇ ਹਨ, ਅਸੰਖ ਹੀ ਭਵਨ ਹਨ ਜਿਨ੍ਹਾਂ ਤੱਕ ਮਨੁੱਖ ਦੀ ਪਹੁੰਚ ਨਹੀਂ ਹੋ ਸਕਦੀ । ਪਰ ਜਦ ਅਸੰਖ ਵੀ ਕਹਿੰਦੇ ਹਾਂ ਤਾਂ ਠੀਕ ਨਹੀਂ ਕਹਿ ਰਹੇ ਹੁੰਦੇ । ਉਸ ਦਾ ਫ਼ਰਮਾਨ ਹੀ ਨਾਮ ਤੇ ਸਾਲਾਹ ਹੈ । ਉਸ ਦਾ ਫ਼ਰਮਾਨ ਹੀ ਗਿਆਨ, ਗੁਣ ਗਾਉਣਾ ਅਤੇ ਗੁਣਾਂ ਨੂੰ ਸਮਝਣਾ ਹੈ, ਉਸ ਦਾ ਫ਼ਰਮਾਨ ਹੀ ਲਿਖਣ, ਬੋਲਣ ਅਤੇ ਪੱਕੀ ਬਾਤ ਹੈ । ਇਕ ਦੂਜੇ ਨਾਲ ਸਬੰਧ ਵੀ ਉਸ ਦੇ ਫ਼ਰਮਾਨ ਦੁਆਰਾ ਹਨ ਪਰ ਜਿਸ ਨੇ ਇਹ ਫ਼ਰਮਾਨ ਕੀਤਾ ਹੈ ਉਸ ਤੇ ਇਹ ਲਾਗੂ ਨਹੀਂ । ਜੋ ਕੁਝ ਹੋ ਰਿਹਾ ਹੈ ਉਸ ਦੇ ਫ਼ਰਮਾਨ ਦੁਆਰਾ ਹੀ ਹੋ ਰਿਹਾ ਹੈ, ਉਸ ਦਾ ਸਾਜਿਆ ਸਮੁੱਚਾ ਬ੍ਰਹਿਮੰਡ ਸਰਬ-ਵਿਆਪੀ ਜੋਤ ਹੈ । ਉਸ ਤੋਂ ਬਗੈਰ ਕੋਈ ਥਾਂ ਨਹੀਂ, ਕੋਈ ਹੋਂਦ ਨਹੀਂ । ਉਸ ਦੀ ਸ੍ਰਿਸ਼ਟੀ ਨੂੰ ਬਿਆਨ ਕਰਨਾ

ਮੇਰੇ ਵੱਸ ਦੀ ਗੱਲ ਨਹੀਂ। ਉਹ ਅਸਚਰਜ ਹੈ, ਅਜੀਬ ਹੈ। ਗੱਲ ਇਥੇ ਆ ਕੇ ਮੁੱਕਦੀ ਹੈ ਕਿ ਜੋ ਤੈਨੂੰ ਚੰਗਾ ਲਗਦਾ ਹੈ ਉਹ ਹੀ ਠੀਕ ਹੈ।

ਅਨੇਕਾਂ ਹੀ ਵਾਹਿਗੁਰੂ ਦੇ ਨਾਮ ਹਨ ਅਤੇ ਅਣਗਿਣਤ ਉਸ ਦੀ ਕੀਤੀ ਰਚਨਾ ਹੈ। ਅਨੇਕਾਂ ਹੀ ਜਗਤ ਹਨ ਜਿਨ੍ਹਾਂ ਤਕ ਕਿਸੇ ਦੀ ਪਹੁੰਚ ਨਹੀਂ ਹੋਈ ਤੇ ਨ ਹੀ ਹੋ ਸੱਕਦੀ ਹੈ। ਅਸਲ ਗੱਲ ਇਹ ਹੈ ਕਿ ਜਦ ਅਣਗਿਣਤ ਜਗਤ, ਧਰਤੀਆਂ ਤੇ ਰਚਨਾ ਕਹਿੰਦੇ ਹਾਂ ਤਾਂ ਇਹ ਵੀ ਇਕ ਗੁਨਾਹ ਹੈ। 'ਸਿਰਿ ਭਾਰ ਹੋਇ'। ਕਿਉਂਕਿ ਉਨ੍ਹਾਂ ਸਿਰਜਣਾਵਾਂ ਦੀ ਗਿਣਤੀ ਨਹੀਂ ਹੋ ਸਕਦੀ।

(ਪਿੱਛੇ ਜਿਹੇ ਕਾਸਮੌਸ ਨਾਂ ਦੀ ਪੁਸਤਕ ਵਿਚ ਕਾਰਲ ਸੁਗਾਨ ਨੇ ਦੱਸਿਆ ਸੀ ਕਿ ਜੇ ਇਸ ਧਰਤੀ ਦੇ ਸਮੁੰਦਰ ਦੇ ਕਿਨਾਰਿਆਂ ਤੇ ਰੇਗਸਤਾਨਾਂ ਵਿਚ ਪਈ ਰੇਤ ਉਛਾਲ ਦਿੱਤੀ ਜਾਏ ਤਾਂ ਵੀ ਸਿਤਾਰੇ ਇਸ ਤੋਂ ਵੱਧ ਹਨ। ਹੋਰ, ਅਰਬਾਂ ਸਾਲ ਹੋ ਗਏ ਹਨ, ਉਨ੍ਹਾਂ ਸਿਤਾਰਿਆਂ ਤੋਂ ਰੌਸ਼ਨੀ ਨੂੰ ਰੋਸ਼ਨੀ ਦੀ ਰਫ਼ਤਾਰ ਵਿਚ ਟੁਰਿਆਂ, ਉਨ੍ਹਾਂ ਦਾ ਚਾਨਣ ਅਜੇ ਤਕ ਸਾਡੇ ਤਕ ਨਹੀਂ ਪੁੱਜਾ) ਇਹ ਹੀ ਤਾਂ ਹੈ ਕੁਦਰਤਿ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ ਕੋਈ ਰਾਹ ਨਹੀਂ ਹੈ, ਸਿਵਾਇ ਇਸ ਦੇ ਕਿ ਉਸ ਦੀ ਹੋਂਦ ਦਾ ਪ੍ਰਕਾਸ਼ (ਨਾਮ) ਪ੍ਰਗਟ ਕਰਨ ਲਈ ਲਫਜ਼ਾਂ ਦਾ ਸਹਾਰਾ ਲਿਆ ਜਾਏ।

ਲਫਜ਼ਾਂ ਰਾਹੀਂ ਹੀ ਉਸ ਦੀ ਉਪਮਾ ਕੀਤੀ ਜਾਂਦੀ ਹੈ। ਲਫ਼ਜ਼ਾਂ ਰਾਹੀਂ ਹੀ ਉਸ ਦੇ ਗੁਣ ਗਾਏ ਜਾਂਦੇ ਹਨ ਅਤੇ ਵਿਚਾਰ ਵੀ ਲਫਜ਼ਾਂ ਰਾਹੀਂ ਹੀ ਹੁੰਦਾ ਹੈ। ਲਫਜ਼ਾਂ ਵਿਚ ਹੀ ਧਾਰਮਿਕ ਗ੍ਰੰਥ ਲਿਖੇ ਜਾਂਦੇ ਹਨ ਤੇ ਫਿਰ ਅਰਥ ਸੁਣਾਏ ਜਾਂਦੇ ਹਨ। ਜਦ ਵੀ ਕਿਸੇ ਨੇ ਵਾਹਿਗੁਰੂ ਦੇ ਮਿਲਾਪ ਦਾ ਅਨੰਦ ਮਾਣਿਆ ਹੈ, ਉਸਦਾ ਪ੍ਰਗਟਾਵਾ ਲਫਜ਼ਾਂ ਰਾਹੀਂ ਹੀ ਹੁੰਦਾ ਹੈ। ਭਾਵੇਂ ਉਹ ਬਿਆਨ ਅਧੂਰਾ ਹੁੰਦਾ ਹੈ ਕਿਉਂਕਿ ਜਿਨ੍ਹਾਂ ਲਫ਼ਜ਼ਾਂ ਨਾਲ ਬਿਆਨ ਕਰ ਰਹੇ ਹੁੰਦੇ ਹਾਂ, ਉਹ ਲਫ਼ਜ਼ਾਂ ਦੀ ਪਕੜ ਤੋਂ ਬਾਹਰ ਹੈ। ਬਸ ਰਾਹ ਤਾਂ ਇਕੋ ਹੀ ਹੋਇਆ ਜੋ ਉਸ ਦਾ ਹੁਕਮ ਹੈ, ਉਸ ਅੱਗੇ ਸਿਰ ਝੁਕਾਈਏ। ਇਸ ਤਰ੍ਹਾਂ ਉਸ ਦੀ ਹੋਂਦ ਦਾ ਪ੍ਰਕਾਸ਼ ਹੋ ਜਾਂਦਾ ਹੈ। ਜੋ ਕੁਝ ਵੀ ਉਸ ਨੇ ਸਾਜਿਆ ਹੈ, ਉਹ ਹੀ ਉਸ ਦੀ ਹੋਂਦ ਦਾ ਪ੍ਰਗਟਾਵਾ ਹੈ। ਕੋਈ ਸ਼ੈ, ਥਾਂ ਉਸ ਦੇ ਪ੍ਰਕਾਸ਼ ਤੋਂ ਬਗੈਰ ਨਹੀਂ ਹੈ। ਹੁਣ ਇਤਨੀ ਮਹਾਨ ਵਰਤ ਰਹੀ ਸ਼ਕਤੀ (ਕੁਦਰਤਿ) ਜਿਸ ਨੂੰ ਨ ਗਿਣਤੀ ਤੇ ਲਫਜ਼ ਦੱਸ ਸਕਦੇ ਹਨ, ਦਾ ਥਹੁ ਪਤਾ ਕੋਈ ਕੀ ਦੇਵੇ। ਇਸ ਦੀ ਤਾਂ ਕੋਈ ਮੁਕੰਮਲ ਜੀਵਨ ਲਗਾ ਕੇ ਵੀ ਰਤਾ ਭਰ ਸੂਝ ਨਹੀਂ ਹੋ ਸਕਦੀ। ਸੋ ਇਹ ਹੀ ਕਹਿਣਾ ਫੱਬਦਾ ਹੈ ਕਿ ਜੋ ਤੂੰ ਕਰੇਂ ਸਾਡੇ ਲਈ ਚੰਗਾ ਹੈ। ਤੂੰ ਆਕਾਰ ਰਹਿਤ ਹੈਂ, ਸਦਾ ਸੰਪੂਰਨ ਕਾਇਮਾ-ਕਾਇਮ ਹੈ। ਅਸੀਂ ਨਾਸ਼ਵੰਤ ਅੰਤ ਨਹੀਂ ਪਾ ਸਕਦੇ।

ਸੋ ਅਸੀਂ ਉਸ ਥਾਂ ਤੇ ਪੁੱਜ ਗਏ ਹਾਂ ਜਿਥੇ ਪ੍ਰਤੱਖ ਦਿੱਸਦੀ ਸ੍ਰਿਸ਼ਟੀ ਦੇ ਸੋਮੇ, ਉਸ ਜੋਤ ਦਾ ਪਤਾ ਲੱਗਦਾ ਹੈ, ਜੋ ਫ਼ਰਮਾਨ ਰੂਪ ਹੈ, ਅੱਖਰ ਹੈ, ਖਿਰ ਨਹੀਂ ਸਕਦਾ, ਸ਼ਬਦ ਹੈ। ਉਸ ਵਿਚ ਹੀ ਭੂਤ, ਭਵਿੱਖ ਅਤੇ ਭਵਾਣ ਹੈ। ਇਸ ਨੂੰ ਪਾਉਣਾ ਕਰਤਾ ਨੂੰ ਪਾਉਣਾ ਹੈ।

ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਰਾਗ ਵਿਚ ਫ਼ਰਮਾਇਆ ਹੈ ਕਿ ਗੁਰਬਾਣੀ ਦੀ ਇਤਨੀ ਅਕਹਿ ਸ਼ਕਤੀ ਹੈ ਕਿ ਰਤਾ ਕੁ ਇਕਾਗਰ ਚਿੱਤ ਉਚਾਰਿਆਂ ਹੀ ਧਿਆਨ ਬੱਝ ਜਾਂਦਾ ਹੈ ਅਤੇ ਧਿਆਨ ਲੱਗਦੇ ਹੀ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਇਹ ਪ੍ਰਕਾਸ਼ ਦਾ

**ਚੋਣਾ** ਹੀ ਨਾਮ ਦਾ ਪ੍ਰਗਟ ਹੋਣਾ ਹੈ :

**"ਧੁਨਿ ਮਹਿ ਧਿਆਨ,**
**ਧਿਆਨ ਮਹਿ ਜਾਨਿਆ,**
**ਗੁਰਮੁਖਿ ਅਕਥ ਕਹਾਨੀ ।"**

ਸੋ ਨਾਮ ਜਪਣ ਤੋਂ ਭਾਵ ਇਹ ਹੈ ਕਿ ਰੱਬ ਦਾ ਸਰੂਪ ਜੋ ਗੁਰੂ ਦੇ ਸ਼ਬਦ ਰਾਹੀਂ **ਅੰਦਰ** ਮਹਿਸੂਸ ਹੋਏ, ਉਸਨੂੰ ਸੰਭਾਲ ਰੱਖਣਾ । ਜਦ ਸਿਫ਼ਤ-ਸਾਲਾਹ ਕਰਦਿਆਂ ਮਨ ਸੋਚਾਂ **ਵਿਚਾਰਾਂ** ਤੋਂ ਲੰਘ ਕੇ ਇਕ ਰੱਬ ਦੇ ਵਿਸਮਾਦ ਰੂਪ ਵਿਚ ਟਿੱਕ ਜਾਏ ਤਾਂ ਮਨ ਵਿਚ **ਸ਼ੁਕਰ** ਦਾ ਫ਼ੁਰਨਾ ਉੱਠਦਾ ਹੈ । ਉਸ ਵੇਲੇ ਆਪ ਮੁਹਾਰੇ ਮੁਖੋਂ 'ਵਾਹਿਗੁਰੂ' ਨਿਕਲਦਾ **ਹੈ ।** ਇਹ ਸ਼ਬਦ, ਰੱਬ ਦੀ ਹਜ਼ੂਰੀ ਦਾ ਅਨੰਦ ਮਾਣਨ ਵੇਲੇ ਨਿਕਲਦਾ ਹੈ, ਸੋ ਵਾਹਿਗੁਰੂ **ਰੱਬ** ਲਈ ਵਰਤਿਆ ਜਾਂਦਾ ਹੈ ।

**ਸ਼ਬਦ ਦਾ ਭਾਵ ਹੈ** ਜੋ ਮੇਰੀਆਂ ਚਿਤਵਣੀਆਂ ਹਨ, ਉਹ ਸ਼ਾਂਤ ਹੋ ਜਾਣ ਤੇ ਸਿਰਫ਼ **ਉਸ** ਦਾ ਹੁਕਮ, ਬੋਲ, ਅੱਖਰ, ਸ਼ਬਦ ਸੁਣਾਈ ਦੇਵੇ ਅਤੇ ਜ਼ਿੰਦਗੀ ਦਾ ਸਹੀ ਰਸਤਾ **ਮਿਲ** ਜਾਏ ।

'ਅਸੰਖ ਕਹਹਿ ਸਿਰ ਭਾਰੁ ਹੋਇ' ਦਾ ਭਾਵ ਵੀ ਇਹ ਹੀ ਹੈ ਕਿ ਨਿਰਾ ਕਹਿਣਾ ਨਹੀਂ, ਕੁਝ ਕਰਨਾ ਹੈ ਅਤੇ ਕਰਨਾ ਹੈ : ਸਿਮਰਨ । ਸਿਮਰਨ ਤੋਂ ਹੀ ਨਾਮ ਉਪਜਦਾ ਹੈ । **ਹੁਕਮ** ਵੀ ਹੈ । 'ਜੇ ਚਾਹੋ ਮੈਂ ਗੁਰੂ ਨਾਲ ਗੱਲਾਂ ਕਰਾਂ, ਤਾਂ ਸ਼ਬਦ ਪੜ੍ਹੋ । ਸਭ ਨਿਸ਼ਾ **ਹੋਵੇਗੀ** ।' (ਪ੍ਰੇਮ ਸੁਮਾਰਗ) ।

ਗੁਰੂ ਨਾਨਕ ਦੇਵ ਜੀ ਨੇ ਪਾਂਧੇ ਨੂੰ ਪੱਟੀ ਲਿਖਣ ਵੇਲੇ ਪੁੱਛਿਆ ਸੀ ਕਿ ਕੀ ਇਹ **ਅੱਖਰ** ਸਿੱਖ ਕੇ ਮੈਂ ਪ੍ਰਮਾਤਮਾ ਪਾ ਲਵਾਂਗਾ ? ਪਹਿਲਾਂ ਪਾਂਧਾ ਦੇਖਣ ਲੱਗ ਪਿਆ । **ਚੁੱਪ** ਹੋਇਆ ਤੇ ਫਿਰ ਆਖਿਆ : ਨਹੀਂ ! ਐਸਾ ਤਾਂ ਨਹੀਂ ਹੋਣ ਲੱਗਾ ।

**ਸ਼ਬਦ-ਭਾਵ :**

**ਅਗੰਮ** : ਪਹੁੰਚ ਤੋਂ ਪਰ੍ਹੇ ।
**ਲੋਅ** : ਜਗਤ, ਧਰਤੀ ।
**ਅਖਰੀ ਨਾਮੁ** : ਨਾਮ ਕੇਵਲ ਲਫ਼ਜ਼ਾਂ ਰਾਹੀਂ ਹੀ ਹੋਣਾ ਹੈ । ਜੋ ਕਹਿੰਦੇ ਫਿਰਦੇ ਹਨ ਕਿ ਨਾਮ ਕੰਨਾਂ ਵਿਚ ਲਿਆ ਹੈ, ਮੰਤਰ ਲਿਆਈਏ ਹੈ, ਉਨ੍ਹਾਂ ਗੁਮਰਾਹ ਹੋਇਆਂ ਨੂੰ ਸਮਝਾ ਰਹੇ ਹਨ ।
**ਗੁਣ ਗਾਹ** : ਗੁਣਾਂ ਦੀ ਵੀਚਾਰ, ਗੁਣਾਂ ਦੀ ਸੋਝੀ ।
**ਲਿਖਣੁ** : ਲਿਖਤ, ਧਾਰਮਿਕ ਗ੍ਰੰਥ ।
**ਸੰਜੋਗੁ ਵਖਾਣਿ** : ਵਾਹਿਗੁਰੂ-ਮਿਲਾਪ ਦਾ ਪ੍ਰਗਟਾਵਾ ।
**ਤੇਤਾ ਨਾਉ** : ਉਸ ਦੀ ਹੋਂਦ ਦਾ ਪ੍ਰਕਾਸ਼ ਹੈ ।

੨੦ (੪)

**ਭਰੀਐ ਹਥੁ ਪੈਰੁ ਤਨੁ ਦੇਹ ॥**
**ਪਾਣੀ ਧੋਤੈ ਉਤਰਸੁ ਖੇਹੁ ॥**

ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥
ਪੁੰਨੀ ਪਾਪੀ ਆਖਣੁ ਨਾਹਿ ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥
ਨਾਨਕ ਹੁਕਮੀ ਆਵਹੁ ਜਾਹੁ ॥ ੨੦ ॥

ਇਥੋਂ ਤੱਕ ਗੁਰੂ ਪਾਤਸ਼ਾਹ ਸਾਨੂੰ ਕਾਦਰ ਦੀ ਕੁਦਰਤ ਅਤੇ ਉਸ ਵਿਚ ਜੋਤ ਦਾ ਝਲਕਾਰਾ ਦਿਖਲਾਂਦੇ ਰਹੇ ਅਤੇ ਅਸਾਂ ਇਹ ਡਿੱਠਾ ਕਿ ਚੰਗੇ ਮੰਦੇ ਦਾ ਬਸ ਇਤਨਾ ਹੀ ਅੰਤਰ ਹੈ ਕਿ ਚੰਗੇ ਨੇ ਰੱਬ ਦੀ ਜੋਤ ਨੂੰ ਪ੍ਰਗਟ ਕਰ ਲਿਆ ਹੈ, ਪਰ ਮੰਦੇ ਸਗੋਂ ਉਸ ਨੂੰ ਘਭਾਉਣ ਤੇ ਲੱਗੇ ਹੋਏ ਹਨ । ਹੁਣ ਇਸ ਪ੍ਰਸ਼ਨ ਦਾ ਉੱਤਰ ਦੇਂਦੇ ਹਨ ਕਿ ਉਸ ਦੀ ਜੋਤ ਨੂੰ ਕਿਵੇਂ ਪ੍ਰਗਟਾਉਣਾ ਹੈ ।

ਇਸ ਪਉੜੀ ਵਿਚ ਗੁਰੂ ਪਾਤਸ਼ਾਹ ਉਸ ਕਰਮ ਨੂੰ ਦ੍ਰਿੜਾਉਣਾ ਲੋੜਦੇ ਹਨ ਜਿਸ ਨੂੰ ਕੀਤਿਆਂ ਉਜਲ ਹੋਣਾ ਹੈ । ਉਹ ਕਰਮ ਹੈ, ਹੁਕਮ ਵਿਚ ਰਹਿਣਾ । ਉਸ ਦੀ ਰਜ਼ਾ ਵਿਚ ਟਿਕਣਾ । ਪਵਿੱਤਰਤਾ ਦੀ ਝਲਕ ਜਿਸ ਨੇ ਦੇਖਣੀ ਹੈ, ਉਹ ਬਖ਼ਸ਼ਸ਼ ਦੁਆਰਾ ਦੇਖ ਸਕਦਾ ਹੈ ।

ਇਸ ਗੱਲ ਦਾ ਰਤਾ ਕੁ ਵਿਸਥਾਰ ਕਰਦੇ ਹੋਏ ਕਹਿੰਦੇ ਹਨ ਕਿ ਜਦੋਂ ਸਾਡੇ ਹੱਥ, ਪੈਰ ਧੂੜ ਨਾਲ ਮੈਲੇ ਹੋ ਜਾਂਦੇ ਹਨ ਤਾਂ ਅਸੀਂ ਪਾਣੀ ਨਾਲ ਧੋਂਦੇ ਹਾਂ । ਜੇ ਕੱਪੜੇ ਨੂੰ ਮਲ-ਮੂਤਰ ਦੀ ਮੈਲ ਤੋਂ ਸਾਫ਼ ਕਰਨਾ ਹੈ ਤਾਂ ਸਾਬਣ ਨਾਲ ਉੱਜਲ ਕਰ ਲਈਦਾ ਹੈ । ਇਸੇ ਤਰ੍ਹਾਂ ਜੇ ਬੁੱਧੀ ਪਾਪਾਂ ਨਾਲ ਮਲੀਨ ਹੋ ਜਾਏ, ਜੋ ਅਕਸਰ ਹੋ ਜਾਂਦੀ ਹੈ ਤਾਂ ਉਸ ਨੂੰ ਨਾਮ ਦੇ ਪਿਆਰ ਵਿਚ ਟਿਕਾਇਆਂ ਧੋਇਆ ਜਾ ਸਕਦਾ ਹੈ । ਇਹ ਚੰਗੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ ਕਿ ਪਾਪ ਤੇ ਪੁੰਨ ਨਿਰਾ ਕਹਿਣ ਮਾਤਰ ਨਹੀਂ ਹੈ (ਪੁੰਨੀ ਪਾਪੀ ਆਖਣੁ ਨਾਹਿ) । ਜਿਹੋ ਜਿਹਾ ਕੋਈ ਕਰਮ ਕਰੇਗਾ, ਤਿਹੋ ਜਿਹਾ ਸੰਸਕਾਰ ਉਕਰਿਆ ਟੁਰਿਆ ਜਾਏਗਾ । ਸੰਸਕਾਰ ਨੂੰ ਹੀ ਇਥੋਂ ਨਾਲ ਲੈ ਜਾਏਗਾ । ਜੋ ਕੁਝ ਇਹ ਜੀਵ ਬੀਜੇਗਾ, ਉਸ ਦਾ ਫਲ ਉਹ ਆਪ ਅਵੱਸ਼ ਖਾਏਗਾ । ਇਹ ਵਿਧਾਨ ਕਿ 'ਆਪੇ ਬੀਜ, ਆਪੇ ਹੀ ਖਾਹੁ', ਉਸ ਦਾ ਹੁਕਮ ਹੀ ਹੈ । ਉਸ ਦੇ ਹੁਕਮ ਅਨੁਸਾਰ, ਇਸ ਹਉਮੈ ਭਰੇ ਜਗਤ ਵਿਚ ਮਨੁੱਖ ਆਉਂਦਾ ਹੈ ਅਤੇ ਹੁਕਮ ਅਨੁਸਾਰ ਹੀ ਇਥੋਂ ਤੁਰ ਜਾਂਦਾ ਹੈ ।

ਭਾਵੇਂ ਹੋ ਰਿਹਾ ਹੈ ਸਭ ਉਸਦੇ ਹੁਕਮ ਵਿਚ, ਪਰ ਫਿਰ ਵੀ ਇਹ ਜਗਤ ਪਸਾਰਾ ਕਿਸੇ ਬੱਝਵੇਂ ਅਸੂਲ ਮੁਤਾਬਿਕ ਵਾਹਿਗੁਰੂ ਚਲਾ ਰਿਹਾ ਹੈ । ਇਕ ਹੀ ਦੇਖੋ ਕਿ ਜੇ ਹੱਥ ਪੈਰ ਜਾਂ ਸਰੀਰ ਦਾ ਕੋਈ ਅੰਗ ਮਿੱਟੀ ਨਾਲ ਲਿਬੜ ਜਾਏ ਤਾਂ ਉਹ ਪਾਣੀ ਨਾਲ ਧੋਇਆ ਜਾ ਸਕਦਾ ਹੈ ਪਰ ਜੇ ਕੱਪੜਾ ਮਲ ਮੂਤ ਨਾਲ ਗੰਦਾ (ਪਲੀਤ) ਹੋ ਜਾਏ ਤਾਂ ਨਿਰਾ ਪਾਣੀ ਕੁਝ ਨਹੀਂ ਸਾਰਦਾ । ਸਾਬਣ ਦੀ ਲੋੜ ਪੈਂਦੀ ਹੈ ।

ਤਿਵੇਂ ਜੇ 'ਮਤਿ' ਤੇ ਪਾਪਾਂ ਤੇ ਬਦੀਆਂ ਦੀ ਮੈਲ ਚੜ੍ਹ ਜਾਏ ਤਾਂ ਉਹ ਵਾਹਿਗੁਰੂ ਦੇ ਪਿਆਰ ਵਿਚ ਗਿਆਂ, ਹੱਟ ਸਕਦੀ ਹੈ। ਮਨ ਦੀ ਮੈਲ ਵਾਹਿਗੁਰੂ ਦੇ ਭੈ ਵਿਚ ਰਹਿ ਜਾਏਗੀ।

ਇਹ ਪਾਪ ਪੁੰਨ ਨਿਰੇ ਕਹਿਣ ਮਾਤਰ ਨਹੀਂ ਹਨ। ਮਾੜੇ ਕਰਮ ਕਰਦੇ ਕਰਦੇ ਐਸੀ ਘਾਸੀ ਪੈ ਜਾਂਦੀ ਹੈ ਕਿ ਫਿਰ ਉਸ ਵਿਚੋਂ ਨਿਕਲ ਹੀ ਨਹੀਂ ਸਕਦੇ।

ਪਰ ਦੂਜੇ ਪਾਸੇ ਭਲੇ ਕਰਮ ਕਾਰਨ ਉੱਜਲਾ ਹੋਈ ਜਾਂਦਾ ਹੈ। ਇਹ ਅਟਲ ਨੇਮ ਹੈ, ਜਿਹੋ ਜਿਹਾ ਬੀਜ ਖਿਲਾਰੋਗੇ, ਉਹੋ ਜਿਹਾ ਅਵੱਸ਼ ਵੱਢ ਖਾਣਾ ਪਵੇਗਾ, ਇਸ ਬੱਝਵੇਂ ਨੇਮ ਮੁਤਾਬਿਕ, ਪਾਪ ਪੁੰਨ ਕਾਰਨ, ਭਟਕਣਾ ਨਹੀਂ ਮੁੱਕਦੀ।

ਹੁਕਮ ਤੇ ਰਜ਼ਾ ਦਾ ਫ਼ਰਕ ਵੀ ਇਸ ਪਉੜੀ ਵਿਚ ਸਮਝਾ ਦਿੱਤਾ। ਜਿਸ ਨੇ ਕਿਹਾ : 'ਜੋ ਤੁਧੁ ਭਾਵੈ ਸਾਈ ਭਲੀ ਕਾਰ', ਬਦੀਆਂ ਉਸ ਦਾ ਖਹਿੜਾ ਛੱਡ ਗਈਆਂ, ਮਨ ਨਿਰਮਲ, ਮਤਿ ਸਾਫ਼ ਅਤੇ ਜਨਮ ਮਰਨ ਦੇ ਗੇੜੇ ਵਿਚੋਂ ਨਿਕਲ ਗਿਆ, ਸਹੀ ਸਲਾਮਤਿ ਅਤੇ ਜਿਸ ਮਨ ਮਰਜ਼ੀ ਕੀਤੀ, ਮਤਿ ਮੈਲੀ ਕਰਕੇ; ਮਨ ਨੂੰ ਉਸ ਪਿੱਛੇ ਲਗਾ ਲਿਆ, ਐਸੀ ਉਪਜੀ ਖੇਤੀ ਨੂੰ ਹੋਰ ਖਾ ਖਾ, ਪਾਪਾਂ ਦਾ ਭਾਰ ਚੜ੍ਹਾਂਦੇ ਚੜ੍ਹਾਂਦੇ, ਜਨਮ ਮਰਨ ਦੇ ਗੇੜ ਵਿਚ ਪੈ ਗਿਆ। ਸ਼ਖ਼ਸੀਅਤ ਟੋਟੇ ਟੋਟੇ ਹੋ ਗਈ। ਸਹੀ ਸਲਾਮਤਿ ਨ ਰਹੀ।

ਪਹਿਲਾਂ ਪਉੜੀ ਚੌਥੀ ਵਿਚ 'ਕਰਮੀ ਆਵੈ ਕਪੜਾ' ਦਾ ਜ਼ਿਕਰ ਕਰ ਆਏ ਹਨ, ਹੁਣ ਉਸ ਕੱਪੜੇ ਨੂੰ ਧੋ ਸਵਾਰਨ ਦੀ ਗੱਲ ਕਹਿ ਰਹੇ ਹਨ।

ਇਥੇ ਦ੍ਰਿਸ਼ਟਾਂਤ ਸਰੀਰ ਤੇ ਕੱਪੜੇ ਦੇ ਮੈਲੇ ਹੋਣ ਦਾ ਦੇ ਕੇ ਇਹ ਪ੍ਰਗਟ ਕੀਤਾ ਗਿਆ ਹੈ ਕਿ ਸਰੀਰ ਨਾਲ ਕੀਤੇ ਕਰਮ ਮਨ ਨੂੰ ਚੰਬੜੇ ਤੇ ਮਤਿ ਵਿਚ ਸੰਸਕਾਰ ਹੋ ਪੱਕੇ ਬੈਠ ਗਏ। ਪਾਪਾਂ ਦੀਆਂ ਰੁੱਚੀਆਂ ਭਾਵੇਂ ਦ੍ਰਿੜ੍ਹ ਹੋ ਗਈਆਂ ਹਨ ਪਰ ਐਸੀਆਂ ਨਹੀਂ ਕਿ ਹੱਟ ਨਾ ਸਕਣ। ਉਹ ਸੰਸਕਾਰ ਉਥੋਂ ਵੀ ਹਟਾਏ ਜਾ ਸਕਦੇ ਹਨ, ਜਿਵੇਂ ਕੱਪੜੇ ਵਿਚੋਂ ਉਸ ਦੀ ਤੰਦ-ਤੰਦ ਨੂੰ ਚੰਬੜੀ ਮੈਲ ਸਾਬਣ ਨਾਲ ਤੇ ਜਲ ਨਾਲ ਕੱਢੀ ਜਾ ਸਕਦੀ ਹੈ। ਇਕ ਗੱਲ ਹੋਰ ਚੇਤੇ ਰੱਖਣ ਵਾਲੀ ਹੈ ਕਿ ਮਨ ਤਾਂ ਜੋਤ ਸਰੂਪ ਹੈ, ਉਹ ਮੈਲਾ ਨਹੀਂ ਹੋਇਆ। ਇਹ ਮਤਿ ਜੋ ਉਸ ਨੂੰ ਚਲਾ ਰਹੀ ਹੈ, ਕਰਮ ਕਰਕੇ ਮੈਲੀ ਹੋ ਜਾਂਦੀ ਹੈ ਤੇ ਮਨ ਦੀ ਜੋਤ ਦੀ ਰੋਸ਼ਨੀ ਬਾਹਰ ਨਹੀਂ ਨਿਕਲਣ ਦੇਂਦੀ। ਮੱਤ ਨੂੰ ਉਜਲ ਕਰਨ ਨਾਲ ਮਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਮੱਤ ਨੂੰ ਇਕ ਵਸਤੂ ਮੈਲਾ ਕਰਦੀ ਹੈ ਅਤੇ ਉਹ ਹੈ 'ਹਉਮੈ'। ਜਦ ਘਰੋਂ ਨਿਕਲਦੇ ਹਾਂ ਤਾਂ ਧੂੜ ਕੱਪੜਿਆਂ ਅਤੇ ਮਨ ਤੇ ਪੈਂਦੀ ਹੈ। ਜਦ ਸੰਸਾਰ ਦੀ ਯਾਤਰਾ ਕਰਦੇ ਹਾਂ, ਸਮੇਂ ਵਿਚ ਟੁਰਦੇ ਹਾਂ ਤਾਂ ਧੂੜ ਮਨ ਤੇ ਜੰਮਦੀ ਹੈ। ਇਹ ਹਉਮੈ ਦੀ ਮੈਲ ਹੈ ਅਤੇ ਇਹ ਬਗੈਰ 'ਨਾਮ ਨਾਲ ਪਿਆਰ' ਪਾਇਆਂ ਨਹੀਂ ਹੱਟ ਸਕਦੀ।

**'ਨਾਮ ਤੇਰੈ ਕੈ ਰੰਗਿ, ਦੁਰਮਤਿ ਧੋਵਣਾ।'**

**ਸ਼ਬਦ-ਭਾਵ** :

**ਤਨੁ ਦੇਹ** : ਸਰੀਰ ਦੇ ਅੰਗ।
**ਖੇਹੁ** : ਮਿੱਟੀ।
**ਪਲੀਤੀ** : ਗ਼ਲੀਜ਼।

**ਨਾਵੈ ਕੈ ਰੰਗਿ** : ਨਾਮ ਦੇ ਪਿਆਰ ਵਿਚ ।

**ਆਖਣੁ ਨਾਹਿ** : ਨਿਰਾ ਕਹਿਣ ਮਾਤਰ ਨਹੀਂ ਹੈ । ਉਸ ਦਾ ਭਾਵ ਹੈ ।

**ਲਿਖਿ ਲੈ ਜਾਹੁ** : ਉਕਰਿਆ ਜਾਂਦਾ ਹੈ । ਅਗੇ ਲਿਖੇ ਦਾ ਹਿਸਾਬ ਹੁੰਦਾ ਹੈ ।

**ਆਵਹੁ ਜਾਹੁ** : ਜਨਮ ਮਰਨ ਦਾ ਗੇੜ, ਆਵਾਗਵਣ, ਭਟਕਣਾ, ਸ਼ਖ਼ਸੀਅਤ ਦਾ ਖੰਡਿਤ ਹੋ ਜਾਣਾ ।

**੨੧ (੪)**

**ਤੀਰਥੁ ਤਪੁ ਦਇਆ ਦਤੁ ਦਾਨੁ ॥**
**ਜੇ ਕੋ ਪਾਵੈ ਤਿਲ ਕਾ ਮਾਨੁ ॥**
**ਸੁਣਿਆ ਮੰਨਿਆ ਮਨਿ ਕੀਤਾ ਭਾਉ ॥**
**ਅੰਤਰਗਤਿ ਤੀਰਥਿ ਮਲਿ ਨਾਉ ॥**
**ਸਭਿ ਗੁਣ ਤੇਰੇ, ਮੈ ਨਾਹੀ ਕੋਇ ॥**
**ਵਿਣੁ ਗੁਣ ਕੀਤੇ ਭਗਤਿ ਨ ਹੋਇ ॥**
**ਸੁਅਸਤਿ ਆਥਿ ਬਾਣੀ ਬਰਮਾਉ ॥**
**ਸਤਿ ਸੁਹਾਣੁ ਸਦਾ ਮਨਿ ਚਾਉ ॥**
**ਕਵਣੁ ਸੁ ਵੇਲਾ, ਵਖਤੁ ਕਵਣੁ,**
**ਕਵਣਿ ਥਿਤਿ, ਕਵਣੁ ਵਾਰੁ ॥**
**ਕਵਣਿ ਸਿ ਰੁਤੀ ਮਾਹੁ ਕਵਣੁ,**
**ਜਿਤੁ ਹੋਆ ਆਕਾਰੁ ॥**
**ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ ॥**
**ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥**
**ਥਿਤਿ ਵਾਰੁ ਨ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥**
**ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ ॥**
**ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥**
**ਨਾਨਕ ਆਖਣਿ ਸਭੁ ਕੋ ਆਖੈ, ਇਕ ਦੂ ਇਕੁ ਸਿਆਣਾ ॥**
**ਵਡਾ ਸਾਹਿਬੁ, ਵਡੀ ਨਾਈ, ਕੀਤਾ ਜਾਕਾ ਹੋਵੈ ॥**
**ਨਾਨਕ ਜੇ ਕੋ ਆਪੌ ਜਾਣੈ, ਅਗੈ ਗਇਆ ਨ ਸੋਹੈ ॥ ੨੧ ॥**

ਵੀਹਵੀਂ ਪਉੜੀ ਵਿਚ ਕਰਮ ਅਤੇ ਕਰਮ ਕਾਨੂੰਨ ਦਾ ਜ਼ਿਕਰ ਹੋਇਆ ਹੈ । ਇਹ ਡਰ ਸੁਭਾਵਕ ਹੈ ਕਿ ਮਨੁੱਖ ਕਰਮ ਦਾ ਨਾਂ ਸੁਣ ਕੇ ਫੋਕੇ ਕਰਮ ਹੀ ਨਾ ਸਮਝ ਬੈਠੇ । ਕਰਮਾਂ ਤੋਂ ਆਮ ਕਰਕੇ ਮਨੁੱਖ ਇਸ਼ਨਾਨ ਅਤੇ ਖ਼ਾਸ ਕਰ ਤੀਰਥਾਂ ਦਾ ਇਸ਼ਨਾਨ ਜਾਂ ਦਾਨ ਹੀ ਸਮਝਦਾ ਹੈ । ਸੋ ਐਸੇ ਬਣ ਰਹੇ ਵਿਚਾਰ ਨੂੰ ਉਥੇ ਹੀ ਤੋੜਨ ਦੀ ਲੋੜ ਹੈ । ਇਹ ਸਪੱਸ਼ਟ ਲਿਖ ਦਿੱਤਾ ਗਿਆ ਹੈ ਕਿ ਉਸ ਦੀ ਬਖ਼ਸ਼ਸ਼ ਲੈਣ ਲਈ ਇਹ ਕਰਮ ਕਿਸੇ ਕੰਮ ਨਹੀਂ । ਅਸਲ ਕਰਮ ਉਸ ਦੀ ਸਾਜੀ ਸ੍ਰਿਸ਼ਟੀ ਨੂੰ ਸਮੁੱਚੇ ਤੌਰ ਤੇ ਵੇਖ ਵਿਸਮਾਦ ਵਿਚ ਜਾਣਾ ਹੈ ।

ਸ੍ਰਿਸ਼ਟੀ ਨੂੰ ਦੇਖਣ ਦੇ ਵੀ ਦੋ ਰਾਹ ਹਨ । ਇਕ ਹੈ ਉਸ ਦੀ ਸ੍ਰਿਸ਼ਟੀ ਦੇ ਸਿਰਜੇ ਜਾਣ ਅਤੇ ਉਸ ਦਾ ਭੌਤਿਕ ਭੇਦ ਲੱਭਣ ਦੀ ਕੋਸ਼ਿਸ਼ । ਇਹ ਗਿਆਨ ਮਾਰਗ ਹੈ, ਪਰ ਠੀਕ ਰਾਹ ਹੈ, ਨਦਰ ਦਾ ਰਾਹ । ਇਸ ਪਉੜੀ ਵਿਚ ਗਿਆਨ ਮਾਰਗ ਦਾ ਰਾਹ ਤਜ ਕੇ ਨਦਰ ਦੇ ਰਾਹ ਪੈਣ ਦਾ ਵੱਲ ਦਰਸਾਇਆ ਹੈ । ਉਸ ਦੇ ਰੰਗ ਵਿਚ ਰੰਗੇ ਜਾਣ ਦੀ ਜਾਚ ਦੱਸੀ ਹੈ ।

ਤੀਰਥ, ਤਪ, ਦਇਆ ਤੇ ਦਾਨ ਵਿਚੇ ਹੀ ਆ ਗਏ ਜੇ ਵਾਹਿਗੁਰੂ ਦੀ ਰਤਾ ਕੁ ਰਹਿਮਤ ਦੀ ਨਜ਼ਰ ਦਾ ਆਦਰ (ਮਾਨ) ਮਿਲ ਗਿਆ । ਇਹ ਰਹਿਮਤ ਦਾ ਆਦਰ (ਮਾਨ) ਸਹੀ ਇੱਜ਼ਤ ਤਾਂ ਮਿਲਦੀ ਹੈ ਜੇ ਸੁਣੇ ਸ਼ਬਦ ਵਿਚ ਸ਼ਰਧਾ, ਅਨੰਨ ਪਿਆਰ ਹੋਵੇ । ਇਸ ਸ਼ਰਧਾ, ਪਿਆਰ ਤੇ ਸ਼ਬਦ ਦੇ ਜਲ ਨਾਲ ਬਣੇ ਤੀਰਥ ਵਿਚ ਮਨ ਨੂੰ ਮਲ-ਮਲ ਖ਼ੂਬ ਇਸ਼ਨਾਨ ਕਰਾਓ ਤਾਕਿ ਕੋਈ ਮੈਲ ਹੁਣ ਨ ਰਹੇ । ਕਾਇਆ ਅੰਦਰਿ 'ਅੰਮ੍ਰਿਤਸਰ' ਜਦ ਬਣ ਜਾਏ ਤਾਂ ਰੱਜ ਅੰਤਰ ਮਲ ਮਲ ਨਹਾ ਨਹਾ ਕੇ ਮੈਲ ਉਤਾਰਨ ਦਾ ਜੋ ਅਨੰਦ ਆਉਂਦਾ ਹੈ, ਉਸ ਦਾ ਸੁਆਦ ਹੀ ਹੋਰ ਹੈ । ਜਿਸ ਨੇ ਇਹ ਇਸ਼ਨਾਨ ਕਰ ਲਿਆ ਉਹ ਪਾਵਨ ਪੁਨੀਤ ਹੈ ।

**ਨਾਮ ਇਸ਼ਨਾਨ ਕਰਹਿ ਸੇ ਜਨ ਨਿਰਮਲ,**
**ਸਬਦੇ ਮੈਲ ਗਵਾਈ ।**

ਇਹ ਅੰਦਰ ਦਾ ਤੀਰਥ ਗੁਰੂ ਸ਼ਬਦ ਨੇ ਹੀ ਤਿਆਰ ਕੀਤਾ ਹੈ । ਜਦ ਮਨ ਸਾਫ਼ ਹੋ ਇਕਾਗ੍ਰ ਹੋਵੇ ਤਾਂ ਹੰਕਾਰ ਨਹੀਂ ਕਰਨਾ ਸਗੋਂ ਇਹ ਹੀ ਕਹਿਣਾ ਹੈ : ਮਾਲਕ ! ਜੋ ਵੀ ਇਕਾਗ੍ਰਤਾ ਮਨ ਕਰਕੇ ਬਰਕਤਾਂ ਦਿੱਤੀਆਂ ਹਨ, ਤੁਹਾਡੀਆਂ ਹਨ, ਮੇਰਾ ਕੁਝ ਨਹੀਂ ।

ਇਹ ਯਾਦ ਰੱਖਣਾ ਕਿ ਹੰਕਾਰੀ ਨੂੰ ਮੈਲ ਫਿਰ ਚੜ੍ਹ ਜਾਏਗੀ, ਭਗਤੀ ਵਿਚ ਵਿਘਨ ਪੈ ਜਾਏਗਾ, ਜੇ ਭਲੇ, ਦਇਆ ਭਰੇ ਕਰਮ ਨਹੀਂ ਕੀਤੇ । ਇਹ ਕਹਿੰਦੇ ਰਹਿਣਾ ਕਿ ਮੈਂ ਕੁਝ ਨਹੀਂ ਹਾਂ, ਸਾਰੇ ਗੁਣ ਤੇਰੇ ਹੀ ਬਖ਼ਸ਼ੇ ਹੋਏ ਹਨ, ਸੱਚੀ ਭਗਤੀ ਹੈ । ਸੱਚੀ ਭਗਤੀ ਉਸਦੇ ਗੁਣ ਗਾਉਣਾ ਹੈ ਅਤੇ ਇਹ ਉਸ ਦੇ ਦੱਸੇ ਅਤੇ ਦਰਸਾਏ ਬਗੈਰ ਨਹੀਂ ਹੋ ਸਕਦੀ । ਜਿਸ ਸਾਧਨਾ ਜਾਂ ਜੁਗਤਿ ਰਾਹੀਂ ਪ੍ਰਭੂ ਦੇ ਗੁਣ ਗ੍ਰਹਿਣ ਨਹੀਂ ਹੁੰਦੇ, ਗੁਣਾਂ ਵਾਲੇ ਨਹੀਂ ਹੁੰਦੇ, ਉਸ ਨੂੰ ਭਗਤੀ ਕਹਿਣਾ ਨਹੀਂ ਫੱਬਦਾ । ਹੋਰ ਕਿਸੇ ਦੇਵੀ ਦੇਵਤੇ ਜਾਂ ਸਰਸਵਤੀ ਨੂੰ ਨਮਸਕਾਰ ਨਹੀਂ ਕਰਨਾ । ਐਸਾ ਕਰਨ ਨਾਲ ਵੀ ਭਗਤੀ ਵਿਚ ਵਿੱਘਨ ਪੈਂਦਾ ਹੈ ।

ਸਿਰਫ਼ ਉਸ ਨੂੰ ਨਮਸਕਾਰ ਹੈ, ਜਿਸ ਮਾਇਆ ਰਚੀ ਤੇ ਹੁਣ ਉਹ ਵਾਹਿਗੁਰੂ ਸ਼ਬਦ ਦੇ ਰੂਪ ਵਿਚ ਸਾਕਾਰ ਸਾਡੇ ਸਾਹਮਣੇ ਹੈ । 'ਬਾਣੀ ਬਰਮਾਉ ।' ਵਾਹਿਗੁਰੂ ਦਾ ਰੂਪ ਸ਼ਬਦ ਵਿਚ ਅਜਿਹਾ ਦਰਸਾਇਆ ਹੈ ਕਿ ਉਸ ਨੂੰ ਜਪਿਆਂ ਸੱਭ ਭੁੱਖਾਂ ਦੀ ਤ੍ਰਿਪਤੀ ਹੋ ਜਾਂਦੀ ਹੈ । ਉਹ ਸਤ ਸਰੂਪ ਹੈ (ਇਸ ਨਾਲ ਜਾਣਨ ਦੀ ਭੁਖ ਦੂਰ ਹੋ ਗਈ) । ਉਹ ਅਤਿ ਸੋਹਣਾ ਹੈ (ਇਸ ਨਾਲ ਰੂਪ ਰਸ ਮਾਣਨ ਦੀ ਭੁੱਖ ਹੱਟ ਗਈ) ਉਹ ਮਨ ਵਿਚ ਸਦਾ ਨੇਕੀ ਦੇ ਚਾਉ ਵਿਚ ਹੁੰਦਾ ਹੈ । (ਇਸ ਨਾਲ ਅਖ਼ਲਾਕੀ ਟੀਚਾ ਪਾ ਲਿਆ) ।

ਸੋ ਇਸ ਝਮੇਲੇ ਵਿਚ ਪੈਣਾ ਕਿ ਉਹ ਤਾਰੀਖ਼ ਕੀ ਸੀ, ਦਿਨ ਕੀ ਸੀ, ਰੁੱਤ ਕੀ ਸੀ ਤੇ ਮਹੀਨਾ ਕਿਹੜਾ ਸੀ, ਜਦ ਸ੍ਰਿਸ਼ਟੀ ਸਾਜੀ, ਫ਼ਜ਼ੂਲ ਬਹਿਸ ਹੈ। ਜੇ ਬ੍ਰਾਹਮਣਾਂ ਨੇ ਇਸ ਬਾਬਤ

www.sikhbookclub.com

ਕੁਝ ਕੁ ਪੁਰਾਣਾਂ ਵਿਚ ਲਿਖਿਆ ਵੀ ਹੈ ਤਾਂ ਸਮਝੋ ਇਵੇਂ ਪਏ ਕਹਿੰਦੇ ਹਨ। ਕਾਜ਼ੀਆਂ ਨੂੰ ਵੀ ਉਹ ਸਮਾਂ ਨਹੀਂ ਮਿਲਿਆ, ਜੋ ਕੁਰਾਨ ਵਿਚੋਂ ਲੱਭ ਲੱਭ ਪਏ ਕਹਿੰਦੇ ਹਨ। ਨਾਂਹ ਹੀ ਜੋਗੀਆਂ ਨੂੰ ਤਾਰੀਖ਼, ਦਿਨ, ਰੁੱਤ ਤੇ ਮਹੀਨੇ ਦਾ ਪਤਾ ਹੈ। ਕੇਵਲ ਉਸ ਸਿਰਜਨਹਾਰ ਨੂੰ ਹੀ ਪਤਾ ਹੈ ਕਿ ਇਹ ਜਗਤ ਕਦ ਬਣਿਆ।

ਕਿਵੇਂ ਦੱਸਾਂ ਉਸ ਦੀ ਮਹਾਨਤਾ? ਕਿਵੇਂ ਸਿਫ਼ਤ ਕਰਾਂ? ਕਿਵੇਂ ਵਰਣਨ ਕਰਾਂ?

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਹ ਇਸ ਲਈ ਕਠਨ ਹੈ ਕਿਉਂਕਿ ਜੇ ਕੋਈ ਰਤਾ ਵੀ ਦੂਜੇ ਨਾਲੋਂ ਕੁਝ ਕੁ ਵੱਧ ਚਿਤ ਇਕਾਗ੍ਰ ਕਰਕੇ, ਵਾਹਿਗੁਰੂ ਬਾਰੇ ਜਾਣ ਜਾਂਦਾ ਹੈ ਤਾਂ ਵਧਾ ਚੜ੍ਹਾ ਕੇ ਸਭਨਾਂ ਨੂੰ ਸੁਣਾਂਦਾ ਹੈ। 'ਆਖਣਿ ਸਭੁ ਕੋ ਆਖੈ।' ਨਿਰਾ ਉਹ ਸੁਣਾਂਦਾ ਹੀ ਨਹੀਂ ਹੈ, ਸਗੋਂ ਪਹਿਲੇ ਦੇ ਕਹੇ ਨੂੰ ਰੱਦ ਕਰਦੇ ਹੋਏ, ਦੂਜੇ ਨਾਲੋਂ ਆਪਣੇ ਆਪ ਨੂੰ ਸਿਆਣਾ ਜ਼ਾਹਰ ਕਰਦਾ ਹੈ। ਪਰ ਉਹ 'ਸਿਆਣਾ' ਇਹ ਨਹੀਂ ਜਾਣਦਾ ਕਿ ਵੱਡੇ ਮਾਲਕ ਦੀਆਂ ਵਡਿਆਈਆਂ ਬਹੁਤ ਵੱਡੀਆਂ ਹਨ ਤੇ ਸਭ ਕੁਝ ਉਸ ਦਾ ਕੀਤਾ ਹੋਇਆ ਹੈ। ਕੀਤਾ ਹੋਇਆ, ਕਰਤੇ ਬਾਰੇ ਕੀ ਕਹਿ, ਜਾਣ ਆਖ ਸੁਣਾ ਸਕਦਾ ਹੈ।

ਇਤਨਾ ਹੋਰ ਜ਼ਰੂਰ, ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਆਖਣਾ ਹੈ ਕਿ ਜੇ ਕੋਈ ਦਾਅਵਾ ਕਰਦਾ ਹੈ ਕਿ ਉਹ ਉਸ ਵੱਡੇ ਨੂੰ ਜਾਣਦਾ ਹੈ ਜਾਂ ਉਹ ਆਪ ਹੀ ਹੈ ਜੋ ਵਾਹਿਗੁਰੂ ਦਾ ਰੂਪ ਧਾਰ ਆਇਆ ਹੈ ਤੇ ਸਭ ਕੁਝ ਜਾਣਦਾ ਹੈ, ਐਸਾ ਵਿਅਕਤੀ ਇਹ ਜਾਣ ਲਵੇ ਕਿ ਵਾਹਿਗੁਰੂ ਦੇ ਦਰਬਾਰ 'ਸੋਹਣਾ' ਨਹੀਂ ਲੱਗੇਗਾ। ਬੜਾ ਅਜੀਬ ਲੱਗੇਗਾ। ਇਹ ਪੈਗ਼ੰਬਰਾਂ, ਅਵਤਾਰਾਂ ਤੇ ਮਿੱਠੀ ਚੋਟ ਹੈ ਜੋ ਇਹ ਕਹਿੰਦੇ ਨਹੀਂ ਥੱਕਦੇ ਕਿ ਉਹ ਆਪ ਹੀ ਵਾਹਿਗੁਰੂ ਹਨ।

ਜੇ ਕੋਈ ਇਹ ਆਖੇ ਕਿ ਮੈਂ ਤਾਂ ਆਪਣੀ ਅਕਲ ਦੇ ਸਹਾਰੇ ਉਸ ਨੂੰ ਜਾਣਨ ਵਿਚ ਕਾਮਯਾਬ ਹੋ ਗਿਆ ਹਾਂ ਤਾਂ ਐਸਾ ਪੁਰਸ਼ ਆਤਮਿਕ ਤੌਰ ਤੇ ਉੱਨਤ ਨਹੀਂ ਕਿਹਾ ਜਾ ਸਕਦਾ।

**ਸੁਅਸਤਿ ਆਥਿ ਬਾਣੀ ਬਰਮਾਉ,**
**ਸਤਿ ਸੁਹਾਣੁ ਸਦਾ ਮਨਿ ਚਾਉ ॥**

ਸਭ ਤੋਂ ਘੱਟ ਸਮਝੀਆਂ ਗਈਆਂ ਤੁਕਾਂ ਹਨ। ਕਈਆਂ ਦਾ ਖ਼ਿਆਲ ਹੈ ਕਿ ਦੇਵੀ ਸੁਰਸਵਤੀ ਨੂੰ ਸੰਬੋਧਨ ਕਰਕੇ ਆਖੀਆਂ ਗਈਆਂ ਹਨ। ਸੁਰਸਵਤੀ ਵਿਦਿਆ ਦੀ ਦੇਵੀ ਹੈ, ਪਰ ਠੀਕ ਇਹ ਹੈ ਕਿ 'ਸ਼ਬਦ ਦੀ ਮਹਿਮਾ' ਦਰਸਾਉਣ ਲਈ ਉਚਾਰੀਆਂ ਹਨ। ਉਸਨੂੰ ਨਮਸਕਾਰ ਹੈ ਜਿਸ ਇਹ ਜਗਤ ਰਚਿਆ ਅਤੇ ਸ਼ਬਦ ਦੇ ਰੂਪ ਵਿਚ ਸਾਡੇ ਸਾਹਮਣੇ ਸਾਕਾਰ ਹੈ। **'ਬਾਣੀ ਬਰਮਾਉ।'** ਅਤੇ ਸਾਡੀਆਂ ਸਾਰੀਆਂ ਭੁੱਖਾਂ ਮਿਟਾ ਦਿੱਤੀਆਂ।

ਪਹਿਲਾ ਗਿਆਨ ਮਾਰਗ ਦੱਸਦੇ ਹਨ। ਫਿਰ ਉਸ ਨੂੰ ਪਿਛੇ ਛੱਡ ਕੇ ਨਦਰ ਮਾਰਗ ਅਪਨਾਉਣ ਤੇ ਜ਼ੋਰ ਦਿੰਦੇ ਹਨ। 'ਸਭਿ ਗੁਣ ਤੇਰੇ, ਮੈ ਨਾਹੀ ਕੋਇ' ਆਖੀ ਜਾਣਾ ਹੀ ਨਦਰ ਮਾਰਗ ਤੇ ਟੁਰਨਾ ਹੈ।

**ਸ਼ਬਦ-ਭਾਵ :**

**ਦਤੁ ਦਾਨੁ** : ਖ਼ੈਰਾਤ ਤੇ ਦਾਨ, (Charity).

**ਤਿਲ ਕਾ ਮਾਨੁ** : ਰਤਾ ਕੁ ਮਿਹਰ ਦੀ ਨਜ਼ਰ ਦਾ ਆਦਰ।

SIKHBOOKCLUB.COM

ਭਾਉ : ਪਿਆਰ ।
ਅੰਤਰ ਗਤਿ : ਅੰਦਰ ਚਲ ਰਿਹਾ ਨਾਮ ਦਾ ਪ੍ਰਵਾਹ ।
ਮਲਿ ਨਾਉ : ਚੰਗੀ ਤਰ੍ਹਾਂ ਇਸ਼ਨਾਨ ਕਰ ਮੈਲ ਗਵਾਉਣੀ ।
ਸੁਅਸਤਿ : ਨਮਸਕਾਰ ਹੈ ਤੈਨੂੰ ।
ਆਥਿ : ਮਾਇਆ ।
ਬਾਣੀ ਬਰਮਾਉ : ਸ਼ਬਦ ਹੀ ਵਾਹਿਗੁਰੂ ਦੀ ਪਰਗਟ ਦੇਹ ਹੈ ।
ਸੁਹਾਣੁ : ਅਤਿ ਸੋਹਣਾ, ਜੋ ਕੁਦਰਤਿ ਵਿਚ ਲੁਕੀ ਖ਼ੂਬਸੂਰਤੀ ਹੁੰਦੀ ਹੈ ।
ਚਾਉ : ਸਦਾ ਖੇੜਾ, (Ever blissful).
ਵਖਤੁ : ਸਮਾਂ ।
ਥਿਤਿ : ਤਾਰੀਖ਼ (Date).
ਵਾਰੁ : ਦਿਨ (Day).
ਵੇਲ : ਵੇਲਾ ।
ਪੁਰਾਣੁ : ਹਿੰਦੂਆਂ ਦੇ ਅਠਾਰਾਂ ਪੁਰਾਣ ।
ਕਾਦੀਆਂ : ਕਾਜ਼ੀ ।
ਕੁਰਾਣੁ : ਇਸਲਾਮ ਦੀ ਧਾਰਮਿਕ ਪੁਸਤਕ ।
ਵਰਨੀ : ਬਿਆਨ ਕਰਾਂ ।

ਆਖਣਿ ਸਭੁ ਕੋ

ਆਖੈ : ਜੋ ਕਹਿਣਾ ਚਾਹੁੰਦਾ ਹੈ, ਸਭ ਨੂੰ ਜ਼ੋਰ ਨਾਲ ਆਖ ਸੁਣਾਂਦਾ ਹੈ ।
ਆਪੇ ਜਾਣੈ : ਹੰਕਾਰ ਵਿਚ ਆਫਰਿਆ ਜੇ ਕੋਈ ਆਪਣੇ ਆਪ ਨੂੰ ਵਾਹਿਗੁਰੂ ਜਾਂ ਵਾਹਿਗੁਰੂ ਜਿਹਾ ਜਾਣੇ ।
ਨ ਸੋਹੈ : ਸੋਹਣਾ ਨਹੀਂ ਲੱਗੇਗਾ । ਫੱਬੇਗਾ ਨਹੀਂ । ਸੋਭਾ ਨਹੀਂ ਪਾ ਸਕੇਗਾ ।

## ੨੨ (੫)

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ੨੨ ॥

ਇਸ ਪਉੜੀ ਵਿਚ ਇਹ ਹੀ ਦਰਸਾਇਆ ਗਿਆ ਹੈ ਕਿ ਪ੍ਰਤੱਖ ਬ੍ਰਹਮੰਡ ਨੂੰ ਜਾਨਣ ਦੇ ਜਤਨਾਂ ਨਾਲ ਉਸ ਦਾ ਮਿਲਾਪ ਨਹੀਂ ਹੋ ਸਕਦਾ । ਇਕ੍ਹੀਵੀਂ ਪਉੜੀ ਵਿਚ ਸ੍ਰਿਸ਼ਟੀ ਦੀ ਸਾਜਨਾ ਦਾ ਵੇਲਾ ਸਮਾਂ ਲੱਭਣਾ ਵਿਅਰਥ ਘਾਲ ਦਰਸਾਈ ਸੀ । ਇਸ ਪਉੜੀ ਵਿਚ ਇਕ ਹੋਰ ਵਿਅਰਥ ਘਾਲ ਵੱਲ ਸੰਕੇਤ ਹੈ । ਸਥਾਨ ਦੀ ਪਕੜ ਵਿਚ ਉਹ ਨਹੀਂ ਹੈ । ਜੇ ਇਕ ਸ੍ਰਿਸ਼ਟੀ ਬਾਰੇ ਕੋਈ ਜਾਣ ਵੀ ਲਵੇ ਤਾਂ ਉਸ ਨੇ ਕੁਝ ਨਹੀਂ ਜਾਣਿਆ । ਉਹ ਵਾਹਿਗੁਰੂ ਤਾਂ ਸਮੇਂ ਤੇ ਸਥਾਨ ਤੋਂ ਉੱਚਾ ਹੈ । ਉਹ ਸਮੇਂ ਤੇ ਸਥਾਨ ਦਾ ਗ਼ੁਲਾਮ ਨਹੀਂ । ਇਥੇ ਸ੍ਰਿਸ਼ਟ ਦੀ ਵਿਸ਼ਾਲਤਾ ਵੀ ਦੱਸੀ ਹੈ ਅਤੇ ਨਾਲ ਹੀ ਪ੍ਰਗਟਾਇਆ ਹੈ ਕਿ ਯੋਗ, ਗਿਆਨ, ਸਾਧਨਾ,

ਅਰਚਾ, ਪੂਜਾ ਜਾਂ ਹੋਰ ਵਿਧੀਆਂ ਨਾਲ ਕੁਝ ਨਹੀਂ ਹੋਣਾ । ਆਖ਼ਿਰ, ਓੜਕ ਨੂੰ ਥੱਕਣਾ ਹੀ ਹੈ । ਇਸ ਭਾਲ ਖੋਜ ਕਾਰਨ ਜੋ ਅਹੰਕਾਰ ਪੈਦਾ ਹੋਣਾ ਹੈ ਤੇ ਓੜਕ ਨੂੰ ਜਿਸ ਨੇ ਥੱਕਣਾ ਹੈ ਤਾਂ ਪਹਿਲਾਂ ਹੀ ਛੱਡ ਦੇਣਾ ਚਾਹੀਦਾ ਹੈ । ਹੰਕਾਰ ਛੱਡਦਿਆਂ ਹੀ ਨਦਰ ਦਾ ਮਾਰਗ ਦਿੱਸ ਪਵੇਗਾ ।

ਪਾਤਾਲਾਂ ਹੇਠਾਂ ਲੱਖਾਂ ਪਾਤਾਲ ਹਨ ਅਤੇ ਆਕਾਸ਼ਾਂ ਦੇ ਉਤੇ ਲੱਖਾਂ ਆਕਾਸ਼ । ਇਤਨਾ ਵੱਡਾ ਵਿਸ਼ਾਲ ਬ੍ਰਹਿਮੰਡ ਕਿ ਵੇਦ ਵੀ ਆਖ਼ਰੀ ਬੰਨ੍ਹਿਆਂ ਦੀ ਭਾਲ ਕਰਕੇ ਥੱਕ ਗਏ । ਆਖ਼ਿਰ ਉਹ ਇਸ ਇਕ ਨਤੀਜੇ ਤੇ ਪੁਜੇ ਕਿ ਉਸ ਨੂੰ ਪੂਰੀ ਤਰ੍ਹਾਂ ਜਾਣਿਆ ਹੀ ਨਹੀਂ ਜਾ ਸਕਦਾ । ਮੁਸਲਮਾਨੀ ਤੇ ਈਸਾਈ ਕਤੇਬ ਆਖਦੇ ਹਨ ਕਿ ਅਠਾਰਾਂ ਹਜ਼ਾਰ ਆਲਮ ਹਨ, ਜਿਨ੍ਹਾਂ ਦਾ ਮੁੱਢ ਇਕ ਹੈ ਪਰ ਸੱਚੀ ਗੱਲ ਇਹ ਹੈ ਕਿ ਹਜ਼ਾਰਾਂ ਤੇ ਲੱਖਾਂ ਦਾ ਸ਼ਬਦ ਭੀ ਗਿਣਤੀ ਨਹੀਂ ਦਰਸਾ ਸਕਦਾ । ਲੇਖਾ ਤਾਂ ਉੱਥੇ ਕੀਤਾ ਜਾਂਦਾ ਹੈ, ਜਿਥੇ ਲੇਖਾ ਕੀਤਾ ਜਾ ਸਕੇ । ਉਥੇ ਤਾਂ ਲੇਖਾ ਹੀ ਮੁੱਕ ਜਾਂਦਾ ਹੈ । ਗਿਣਤੀ ਹਿੰਦਸੇ ਵੀ ਮੁੱਕ ਜਾਂਦੇ ਹਨ ।

ਬੱਸ ਇਹ ਹੀ ਕਿਹਾ ਜਾ ਸਕਦਾ ਹੈ, 'ਜਿਸ ਨੂੰ ਵੱਡਾ ਆਖਿਆ ਜਾ ਰਿਹਾ ਹੈ, ਉਹ ਹੀ ਆਪਣੇ ਆਪ ਨੂੰ ਜਾਣਦਾ ਹੈ । ਸੋ ਸਾਡਾ ਫ਼ਰਜ਼ ਸਿਰਫ਼ ਉਸ ਦੀ ਸਿਫ਼ਤ-ਸਾਲਾਹ ਹੀ ਕਰਨਾ ਹੈ ।'

ਰੱਬ ਵੱਡੇ ਤੋਂ ਵੱਡਾ ਹੈ, ਦਾ ਭਾਵ ਪੈਦਾ ਕਰਕੇ ਭਗਤੀ ਕਰਨ ਵਾਲੇ ਜੀਵ ਨੂੰ ਨਿੰਮ੍ਰਤਾ ਦਾ ਪੁੰਜ ਦੱਸ, ਹੁਣ ਉਸ ਦੀ ਲਗਨ ਦ੍ਰਿੜ੍ਹ ਕਰਾਉਂਦੇ ਹਨ ।

੨੧ਵੀਂ ਪਉੜੀ ਵਿਚ ਦੱਸਦੇ ਵੱਡੇ ਆਕਾਰ ਦਾ ਜ਼ਿਕਰ ਕੀਤਾ ਸੀ, ਹੁਣ ਪਹਿਲਾਂ ਖ਼ੁਰਦਬੀਨ ਲਗਾ ਕੇ ਦੱਸਦੇ ਹਨ ਕਿ ਲਖੂਖਾ ਹੀ ਹੇਠਲੀਆਂ ਧਰਤੀਆਂ ਹਨ ਤੇ ਫਿਰ ਸੁਰਤਿ ਦੀ ਦੂਰਬੀਨ ਲਗਾ ਕੇ ਕਹਿੰਦੇ ਹਨ ਕਿ ਲੱਖਾਂ ਹੀ ਆਕਾਸ਼ ਹਨ । ਥੱਕ ਗਏ ਹਨ ਖੋਜੀ ਖੋਜ, ਆਖ਼ਿਰ ਉਹ ਹਾਰ ਆਪਣੀ ਮਾਯੂਸੀ ਪ੍ਰਗਟ ਕਰਦੇ ਹਨ ਕਿ ਅਸੀਂ ਨਹੀਂ ਅੰਤ ਪਾ ਸਕਦੇ ਉਸਦੀ ਸਿਰਜਣਾ ਦਾ । ਵੇਦ ਦੇ ਕਰਤਾ ਵੀ 'ਇਕ ਆਵਾਜ਼' ਨਾਲ ਆਪਣੀ ਮਜਬੂਰੀ ਦੱਸਦੇ ਹੋਏ ਕਹਿੰਦੇ ਹਨ ਕਿ ਵਾਹਿਗੁਰੂ ਦੀ ਗੱਲ ਤਾਂ ਛੱਡੋ, ਉਸ ਦੀ ਸਿਰਜਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ । ਜਦ ਪੱਛਮੀ, ਧਾਰਮਕ ਪੁਸਤਕਾਂ, ਬਾਈਬਲ, ਕੁਰਾਨ ਆਦਿ 'ਹਜ਼ਦਹ ਹਜ਼ਾਰ ਆਲਮ', ਅਠਾਰਾਂ ਹਜ਼ਾਰ ਜਗਤਾਂ ਦਾ ਜ਼ਿਕਰ ਕਰਦੇ ਹਨ ਤਾਂ ਅਸਲ ਵਿਚ ਉਹ ਵੀ ਆਪਣੀ ਮਜਬੂਰੀ ਦੱਸ ਕੇ, ਉਹ ਹੀ ਗੱਲ ਕਹਿ ਰਹੇ ਹਨ ਕਿ ਸਿਰਫ਼ ਅੱਲਾਹ ਹੀ ਪਾਕ ਸ਼ੈ ਹੈ । ਗਿਣਤੀ ਹਿਸਾਬ ਤਾਂ ਕੀਤਾ ਜਾ ਸਕਦਾ ਹੈ, ਜੇ ਕੋਈ ਹਿਸਾਬ ਹੋਵੇ । ਜਿਨ੍ਹਾਂ ਕੋਸ਼ਿਸ਼ ਕੀਤੀ, ਉਹ ਵਿਚੇ ਹੀ ਅਧੂਰਾ ਛੱਡ ਇਥੋਂ ਚਲੇ ਗਏ । ਫ਼ਜ਼ੂਲ ਹੈ, ਇਸ ਪਾਸੇ ਪੈਣਾ ।

ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸਾਨੂੰ ਤਾਂ ਇਹ ਕਹਿਣਾ ਬਣਦਾ ਹੈ ਕਿ ਕਿਤਨਾ ਵੱਡਾ ਹੈ, ਉਹ ਆਪੂ ਵੱਡਾ ਸਭ ਕੁਝ ਜਾਣਨ ਵਾਲਾ ਹੀ ਜਾਣਦਾ ਹੈ । ਅਸੀਂ ਤਾਂ ਸਿਰ ਹੀ ਝੁਕਾ ਸਕਦੇ ਹਾਂ ।

**ਸ਼ਬਦ-ਭਾਵ :**

**ਪਾਤਾਲ** : ਹੇਠਲੀਆਂ ਧਰਤੀਆਂ, (Nether Worlds).

**ਓੜਕ ਓੜਕ** : ਕੋਈ ਅੰਤ ਨਹੀਂ ਕਹਿ ਕੇ ਹਾਰ ਥੱਕ ਬੈਠ ਗਏ ।

**ਇਕ ਵਾਤ** : ਸਰਬ ਸਿਮਤੀ ਨਾਲ, ਇਕ ਆਵਾਜ਼ ਨਾਲ (**Unanimously**).

**ਸਹਸ ਅਠਾਰਾਂ** : ਅਠਾਰਾਂ ਹਜ਼ਾਰ ਆਲਮ ਦਾ ਜ਼ਿਕਰ ਪੱਛਮੀ ਧਾਰਮਕ ਗ੍ਰੰਥਾਂ, ਖ਼ਾਸ ਕਰ ਕੁਰਾਨ ਨੇ ਕੀਤਾ ਹੈ ।

**ਅਸੁਲੁ ਇਕ ਧਾਤੁ** : ਅਸਲ ਵਿਚ ਇਕ ਸ਼ੈ, ਜੋ ਵੇਦ ਆਪਣੀ ਮਜਬੂਰੀ ਦੱਸਦੇ ਹਨ ਤਾਂ ਕੁਰਾਨ ਬਾਈਬਲ ਵੀ ਅਠਾਰਾਂ ਹਜ਼ਾਰ ਕਹਿ ਕੇ ਉਹ ਹੀ ਗੱਲ ਦਹੁਰਾ ਰਹੇ ਹਨ ।

**ਲੇਖਾ ਹੋਇ ਤ ਲਿਖੀਐ** : ਕੋਈ ਹਿਸਾਬ ਹੋਵੇ ਤਾਂ ਕਰੀਏ, ਉਹ ਬੇ-ਹਿਸਾਬ ਹੈ ।

**੨੩ (੫)**

**ਸਾਲਾਹੀ ਸਾਲਾਹਿ,**
**ਏਤੀ ਸੁਰਤਿ ਨ ਪਾਈਆ ॥**
**ਨਦੀਆ ਅਤੈ ਵਾਹ,**
**ਪਵਹਿ ਸਮੁੰਦਿ ਨ ਜਾਣੀਅਹਿ ॥**
**ਸਮੁੰਦ ਸਾਹ ਸੁਲਤਾਨ,**
**ਗਿਰਹਾ ਸੇਤੀ ਮਾਲੁ ਧਨੁ ॥**
**ਕੀੜੀ ਤੁਲਿ ਨ ਹੋਵਨੀ,**
**ਜੇ ਤਿਸੁ ਮਨਹੁ ਨ ਵੀਸਰਹਿ ॥੨੩॥**

SIKHBOOKCLUB.COM

ਉਸ ਦਾ ਆਕਾਰ ਪ੍ਰਤੱਖ ਦਿੱਸਦੇ ਪਸਾਰੇ ਤੋਂ ਨ ਪਾ ਕੇ ਗਿਆਨ ਮਾਰਗ ਤੇ ਤੁਰਦਾ ਜੀਵ ਉਸ ਦੀ ਬੇਅੰਤਤਾ ਤੋਂ ਪ੍ਰਭਾਵਤ ਹੋਣਾ ਸ਼ੁਰੂ ਹੋ ਜਾਂਦਾ ਹੈ । ਉਹ ਸਿਫ਼ਤ-ਸਲਾਹ ਆਰੰਭ ਕਰ ਦੇਂਦਾ ਹੈ ਅਤੇ ਢੂੰਡ-ਢੂੰਡ ਕੇ ਸੁੰਦਰ ਸ਼ਬਦ ਉਸ ਬਾਰੇ ਬੋਲਦਾ ਹੈ, ਪਰ ਇਸ ਤਰ੍ਹਾਂ ਵੀ ਉਸ ਦੀ ਹੋਂਦ ਦਾ ਪ੍ਰਕਾਸ਼ ਨਹੀਂ ਹੋ ਸਕੇਗਾ । ਸੁਰਤਿ ਨਹੀਂ ਜਾਗ ਸਕੇਗੀ । ਇਹ ਸਭ ਵਿਅਰਥ ਹੈ । **ਸੁਰਤਿ ਦਾ ਭਾਵ ਬਾਹਰ ਦੀ ਖ਼ਬਰ ਅਤੇ ਅੰਦਰ ਦੀ ਹੋਸ਼ ਹੈ,** ਅੰਦਰ ਦਾ ਜਾਗੇ ਰਹਿਣਾ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਜਦ 'ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮੇਂ' ਲਿਖਿਆ ਤਾਂ ਉਹ ਦੱਸ ਰਹੇ ਸਨ ਕਿ ਜਗਤ ਤਮਾਸ਼ਾ ਦੇਖ ਕੇ ਸੁਰਤਿ ਨੂੰ ਡਿੱਗਣ ਨਹੀਂ ਦੇਣਾ । ਪਹਿਲੀ ਤੁਕ 'ਸਾਲਾਹੀ ਸਾਲਾਹਿ' ਨੂੰ ਆਖ਼ਰੀ ਤੁਕ 'ਜੇ ਤਿਸੁ ਮਨਹੁ ਨ ਵੀਸਰਹਿ' ਨਾਲ ਰਲਾ ਕੇ ਪੜ੍ਹਿਆਂ ਇਹ ਵੀ ਪਤਾ ਲੱਗਾ ਕਿ ਮਨੋਂ ਉਸ ਨੂੰ ਨਾ ਵਿਸਾਰਨਾ ਅਸਲ ਸਾਲਾਹ ਹੈ ਤੇ ਮਨੋਂ ਨ ਵਿਸਰਨ ਕਾਰਨ ਸੁਰਤਿ ਨਹੀਂ ਡਿੱਗਦੀ । 'ਸੁਰਤਿ' ਸਦਾ ਕਾਇਮ ਰੱਖਣ ਦਾ ਵੱਲ ਵੀ ਮਿਲ ਗਿਆ ।

ਉਸ ਦੀਆਂ ਵਡਿਆਈਆਂ ਆਖ-ਆਖ ਕੇ ਕਿਸੇ ਮਨੁੱਖ ਨੇ ਇਤਨੀ ਸਝੀ ਨਹੀਂ ਪਾਈ ਕਿ ਉਸ ਦਾ ਆਕਾਰ ਦਿੱਸ ਸਕੇ । ਜਿਵੇਂ ਨਦੀਆਂ ਤੇ ਨਾਲੇ ਸਮੁੰਦਰ ਵਿਚ ਪੈਂਦੇ ਜ਼ਰੂਰ ਹਨ ਪਰ ਉਸ ਦੇ ਅੰਦਰ ਪਏ ਖ਼ਜ਼ਾਨਿਆਂ ਬਾਰੇ ਜਾਣ ਨਹੀਂ ਸਕਦੇ, ਕਿਉਂਕਿ ਵੱਡਾ ਸਾਗਰ ਸ਼ਾਹਾਂ ਦੇ ਸ਼ਾਹ ਵਾਂਗਰ ਹੈ । ਸੁੰਦਰ ਸ਼ਬਦਾਂ ਦੇ ਭੰਡਾਰ ਨਾਲ ਉਸ ਦੀ ਸਿਫ਼ਤ-ਕਰਨੀ (ਗਿਰਹਾ ਸੇਤੀ ਮਾਲ ਧਨੁ) ਉਸ ਕੀੜੀ ਦੇ ਤੁਲ ਵੀ ਨਹੀਂ, ਜਿਸ ਦੇ ਮਨੋਂ ਉਹ ਨਾ ਵਿਸਰੇ ਜਾਂ ਕੋਈ ਆਪਣੇ ਪੱਲੇ ਦੀ ਨੁਕਰ ਨੂੰ ਗੰਢ ਮਾਰ ਅੰਦਰ ਦੇ ਧੋਖੇ ਰੱਖ ਆਖੇ ਕਿ

ਉਸ ਨੇ ਕਿਸੇ ਸ਼ਹਿਨਸ਼ਾਹ ਦੇ ਖ਼ਜ਼ਾਨੇ ਦਾ ਅੰਦਾਜ਼ਾ ਕਰ ਲਿਆ ਹੈ, ਹਾਥ ਪਾ ਲਿਆ ਹੈ। ਸੋ ਇਹ ਹੀ ਚੰਗੇਰਾ ਹੈ ਕਿ ਉਸ ਨੂੰ ਮਨ ਵਿਚ ਵਸਾਇਆ ਜਾਏ। ਸ਼ਬਦਾਂ ਦੇ ਭੰਡਾਰ ਨੂੰ ਲੈ ਕੇ ਲਿਖੀ ਜਾਣਾ ਕਿਸੇ ਕੰਮ ਨਹੀਂ, ਜੇ ਉਸ ਦੀ ਯਾਦ ਭੁਲ ਜਾਏ।

ਵਾਹਿਗੁਰੂ ਦੀ ਸਿਫ਼ਤ ਸਾਲਾਹ ਵਾਰ-ਵਾਰ ਕਰੀ ਜਾਣ ਨਾਲ ਵੀ ਉਸ ਦੀ ਵਡਿਆਈ ਦਾ ਅੰਦਾਜ਼ਾ ਨਹੀਂ ਲੱਗ ਸਕਦਾ। ਇਹ ਦਸਿਆ ਹੀ ਨਹੀਂ ਜਾ ਸਕਦਾ ਕਿ ਉਹ ਕਿਤਨਾ ਵੱਡਾ ਹੈ। ਭਲਾ ਕੀ ਅੰਦਾਜ਼ਾ ਲਗਾ ਸਕਣਗੇ ਦਰਿਆ ਤੇ ਨਾਲੇ ਉਸ ਸਮੁੰਦਰ ਦਾ ਜਿਸ ਵਿਚ ਜਾ ਉਹ ਸਮਾਂਦੇ ਹਨ। ਇਹ ਤਾਂ ਉਂਝ ਹੀ ਹੈ ਜਿਵੇਂ ਕੋਈ ਸਮੁੰਦਰ ਜਿਤਨਾ ਵੱਡਾ ਸ਼ਾਹ-ਬਾਦਸ਼ਾਹ ਹੋਵੇ ਤੇ ਕੋਈ ਆਪਣੀ ਗਠੜੀ ਵਿਚ ਕੁਝ ਮਾਲ ਧਨ ਪੈਸੇ ਨੂੰ ਗੰਢ ਮਾਰ ਆਖੇ ਕਿ ਉਹ ਸ਼ਾਹ ਸੁਲਤਾਨ ਇਤਨਾ ਹੋਵੇਗਾ।

ਸੋ ਉਸ ਦਾ ਅੰਦਾਜ਼ਾ ਨਾਂਹ ਨਿਰੀ ਸਿਫ਼ਤ ਸਾਲਾਹ, ਨ ਸੋਹਣੇ ਸੋਹਣੇ ਸ਼ਬਦ ਆਖੇ ਤੇ ਨਾਂਹ ਹੀ ਪਦਾਰਥਾਂ ਨਾਲ ਲਗਾਇਆ ਜਾ ਸਕਦਾ ਹੈ। ਲੋੜ ਅੰਦਾਜ਼ਾ ਲਗਾਉਣ ਦੀ ਨਹੀਂ, ਉਸ ਵੱਡੇ ਦੀ ਵਡਿਆਈ ਨੂੰ ਅਨੁਭਵ ਕਰਨ ਦੀ ਹੈ।

ਜੇ ਕਿਸੇ ਨਿਮਾਣੇ ਜਿਹੇ (ਕੀੜੇ) ਦੇ ਮਨੋਂ ਵਾਹਿਗੁਰੂ ਨਹੀਂ ਵਿਸਰਿਆ, ਉਸ ਦੀ ਵਡਿਆਈ ਦਾ ਅਹਿਸਾਸ ਹੋ ਗਿਆ ਹੈ ਤੇ ਆਪਣਾ ਨਿਮਾਣਾ-ਪਣ ਦਿੱਸ ਪਿਆ ਹੈ ਤਾਂ ਉਸ ਨਿੱਕੇ ਜਿਹਾ ਵੱਡਾ ਕੋਈ ਨਹੀਂ, ਕਿਉਂਕਿ ਉਸ ਸ਼ਾਹ ਸਮੁੰਦਰ ਜਿਹੇ ਵੱਡੇ ਵਾਹਿਗੁਰੂ ਦੀ ਮਿਹਰ ਪਾ ਲਈ। ਲੋੜ ਉਸ ਵੱਡੇ ਸਾਵੇਂ ਆਪਣੇ ਨਿਮਾਣੇ-ਪਣ ਦੇ ਅਹਿਸਾਸ ਦੀ ਹੈ। ਆਪਾ ਜਤਲਾਉਣ ਦੀ ਨਹੀਂ ਜਾਂ ਇਹ ਸ਼ੇਖੀ ਉਭਾਰਨ ਦੀ ਨਹੀਂ ਕਿ ਵਾਹਿਗੁਰੂ ਦਾ ਭੇਦ ਅਸਾਂ ਪਾ ਲਿਆ।

'ਸਾਲਾਹੀ ਸਾਲਾਹਿ, ਏਤੀ ਸੁਰਤਿ ਨ ਪਾਈਆ' ਤੋਂ ਹੀ ਸੋਝੀ ਮਿਲੀ ਕਿ ਉਸਤਤਿ ਵੀ ਬਾਹਰਲੀ ਚੀਜ਼ ਹੈ ਅਤੇ ਸੁਰਤਿ ਅੰਦਰ ਦੀ ਸ਼ੈ ਹੈ। ਜਿਵੇਂ ਕਦੇ ਸਫ਼ਰ ਤੇ ਜਾਈਏ ਤਾਂ ਰੁਪਿਆਂ ਨੂੰ ਗੰਢ ਮਾਰ ਅੰਦਰਲੀ ਜੇਬ ਰੱਖ ਲਈਦਾ ਹੈ ਅਤੇ ਥੋੜ੍ਹੇ-ਥੋੜ੍ਹੇ ਚਿਰ ਬਅਦ ਹੱਥ ਲਾ ਕੇ ਦੇਖ ਲਈਦਾ ਹੈ ਕਿ ਰੁਪੈ ਆਪਣੀ ਥਾਂ ਹਨ ਜਾਂ ਨਹੀਂ। ਸੋ ਸਿਫ਼ਤ-ਸਾਲਾਹ ਕਰਦੇ, ਜਗਤ ਵਿਚ ਵਿਚਰਦੇ ਇਹ ਦੇਖੀ ਜਾਣਾ ਹੈ ਕਿ ਸੁਰਤਿ ਆਪਣੀ ਥਾਂ ਤੋਂ ਹਿੱਲ ਤਾਂ ਨਹੀਂ ਗਈ, ਹੋਰ ਕਿਧਰੇ ਲਾਂਭੇ ਤਾਂ ਨਹੀਂ ਚਲੀ ਗਈ। ਜੇ ਸੁਰਤਿ ਆਪਣੀ ਥਾਂ ਕਾਇਮ ਹੈ, ਹੇਠਾਂ ਨਹੀਂ ਡਿੱਗੀ ਜਾਂ ਹੰਕਾਰ ਵਿਚ ਨਹੀਂ ਗਈ ਤਾਂ ਪੈਂਡਾ ਠੀਕ ਕੱਟਿਆ ਜਾ ਰਿਹਾ ਹੈ। ਜੇ ਸੁਰਤਿ ਰੰਗ-ਤਮਾਸ਼ੇ, ਧੀ-ਪੁੱਤਰ, ਸੋਭਾ-ਸ਼ਕਤੀ ਵਿਚ ਖੋਹ ਗਈ ਤਾਂ ਸਭ ਕੁਝ ਗਵਾਚ ਗਿਆ ਜਾਣੋ। ਜੇ ਯਾਦ ਪੱਕ ਗਈ ਹੈ, (ਜੇ ਤਿਸੁ ਮਨਹੁ ਨ ਵੀਸਰਹਿ) ਤਾਂ ਉਸ ਦੇ ਰਾਹ ਦੀ ਸੋਧ ਪਾ ਲਈ ਗਈ ਸਮਝੋ। ਪਾਲਿ ਟੁੱਟ ਗਈ ਜਾਣੋ।

**ਸ਼ਬਦ-ਭਾਵ** :

**ਸੁਰਤਿ** : ਬਾਹਰਲੀ ਹੋਸ਼, ਅੰਦਰ, ਖ਼ਬਰ, ਉਸ ਦੀ ਵਡਿਆਈ ਦਾ ਅਹਿਸਾਸ ਹੋ ਜਾਣਾ।

**ਵਾਹ** : ਨਾਲੇ, (Streams).

**ਗਿਰਹਾ** : ਸੁੰਦਰ ਸ਼ਬਦ ਕਹਿਣੇ, ਗੰਢ ਮਾਰਨੀ।

**ਕੀੜੀ** : ਨਿੱਕੇ ਤੋਂ ਨਿੱਕਾ, ਪਦਾਰਥ ਪੱਖੋਂ।

੨੪ (੫)

ਅੰਤੁ ਨ ਸਿਫਤੀ ਕਹਣਿ ਨ ਅੰਤੁ ॥
ਅੰਤੁ ਨ ਕਰਣੈ ਦੇਣਿ ਨ ਅੰਤੁ ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥
ਅੰਤੁ ਨ ਜਾਪੈ ਕਿਆ ਮਨਿ ਮੰਤੁ ॥
ਅੰਤੁ ਨ ਜਾਪੈ ਕੀਤਾ ਆਕਾਰੁ ॥
ਅੰਤੁ ਨ ਜਾਪੈ ਪਾਰਾਵਾਰੁ ॥
ਅੰਤੁ ਕਾਰਣਿ ਕੇਤੇ ਬਿਲਲਾਹਿ ॥
ਤਾ ਕੇ ਅੰਤ ਨ ਪਾਏ ਜਾਹਿ ॥
ਏਹੁ ਅੰਤੁ ਨ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥
ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥
ਜੇਵਡੁ ਆਪਿ, ਜਾਣੈ ਆਪਿ ਆਪਿ ॥
ਨਾਨਕ ਨਦਰੀ ਕਰਮੀ ਦਾਤਿ ॥ ੨੪ ॥

ਇਥੇ ਅਸੀਂ ਉਸ ਥਾਂ ਤੇ ਪੁੱਜ ਗਏ ਹਾਂ ਜਿੱਥੇ ਗਿਆਨ ਮਾਰਗ ਨੂੰ ਵੀ ਛੱਡਣਾ ਹੈ, ਕਿਉਂਕਿ ਗਿਆਨ ਰਾਹੀਂ ਉਸ ਦਾ ਕੋਈ ਥਹੁ ਪਤਾ ਨਹੀਂ ਮਿਲ ਸਕਿਆ । ਗਿਆਨ ਵੀ ਇਕ ਪ੍ਰਕਾਰ ਦਾ ਕਾਬੂ ਪਾਉਣਾ ਹੈ ਤੇ ਉਸ ਵੱਡੇ ਨੂੰ ਸੀਮਤ ਵਸਤੂ ਨਾਲ ਕਾਬੂ ਨਹੀਂ ਪਾ ਸਕਦੇ । ਜੇ ਕੋਈ ਜ਼ੋਰ ਲਗਾ ਕੇ ਰਤਾ ਕੁ ਝਲਕ ਪਾ ਵੀ ਲਵੇਗਾ ਤਾਂ ਉਹ ਮਾਇਆ ਦੇ ਚਿੱਕੜ ਵਿਚ ਫਸ ਜਾਏਗਾ । ਇਹ ਰਤਾ ਕੁ ਝਲਕਾਰਾ ਤਾਂ ਸਗੋਂ ਰੁਕਾਵਟ ਪੈਦਾ ਕਰ ਸਕਦਾ ਹੈ । ਵੱਡੀ ਲੋੜ ਇਹ ਹੈ ਕਿ ਇਹ ਸਮਝਿਆ ਜਾਏ ਕਿ 'ਮੈਂ ਨਿਮਾਣਾ ਹਾਂ ।' ਜਦ ਐਸਾ ਗਿਆਨ ਹੋ ਗਿਆ ਤਾਂ ਉਸੇ ਵਕਤ ਉਸ ਦੇ ਵੱਡੇ ਹੋਣ ਦਾ ਅਹਿਸਾਸ ਹੋ ਜਾਏਗਾ । ਨਾ-ਸਮਝਾਂ ਨੂੰ ਹੀ ਲੱਗਦਾ ਹੈ ਕਿ ਅਸੀਂ ਬਹੁਤ ਵੱਡੇ ਹਾਂ, ਪਰ ਸਿਮਰਨ ਵਾਲਾ, ਜਾਗੀ ਸੁਰਤਿ ਵਾਲਾ ਆਖੇਗਾ ਕਿ ਉਹ ਤਾਂ ਤੁੱਛ ਹੈ । ਸਿਮਰਨ ਨਾਲ ਉਹ ਘੜੀ ਆ ਜਾਂਦੀ ਹੈ ਜਦ ਕੇਵਲ ਉਹ ਹੀ ਰਹਿ ਜਾਂਦਾ ਹੈ । ਆਪਾ ਮਿਟ ਜਾਂਦਾ ਹੈ ।

ਸੋ ਧਰਮ, ਗਿਆਨ, ਸੁਨਣ; ਮੰਨਣ ਦੁਆਰਾ ਸਵਾਰੀ ਸ਼ਖ਼ਸੀਅਤ ਨੂੰ ਸੱਭ ਆਸਰੇ ਪਰਣੇ ਛੱਡ ਕੇ ਉਸ ਦੇ ਹਵਾਲੇ ਕਰ ਦੇਣਾ ਹੀ ਠੀਕ ਨਦਰ ਲੈਣ ਦਾ ਰਾਹ ਹੈ ।

ਉਸ ਦੀ ਬੇਅੰਤਤਾ ਦਾ ਅੰਦਾਜ਼ਾ ਕਿਸੇ ਪੱਖੋਂ ਵੀ ਨਹੀਂ ਲਗਾਇਆ ਜਾ ਸਕਦਾ ।

ਵਾਹਿਗੁਰੂ ਦੇ ਗੁਣਾਂ ਦਾ ਕੋਈ ਅੰਤ ਨਹੀਂ ਅਤੇ ਉਸ ਦੇ ਗੁਣਾਂ ਨੂੰ ਕਹਿਣ ਦੇ ਢੰਗਾਂ ਦਾ ਵੀ ਕੋਈ ਅੰਤ ਨਹੀਂ । ਉਸ ਦੀਆਂ ਸਿਰਜਣਾਵਾਂ ਦਾ ਵੀ ਕੋਈ ਅੰਤ ਨਹੀਂ ਤੇ ਉਸ ਦੀਆਂ ਦਾਤਾਂ ਦੀ ਵੀ ਕੋਈ ਗਿਣਤੀ ਨਹੀਂ ਕਰ ਸਕਦਾ । ਜਗਤ ਦੇ ਤਮਾਸ਼ੇ ਵੇਖਣ ਦਾ

ਵੀ ਕੋਈ ਅੰਤ ਨਹੀਂ ਤੇ ਜਗਤ ਵਿਚ ਉੱਠ ਰਹੇ ਤਰ੍ਹਾਂ-ਤਰ੍ਹਾਂ ਦੇ ਨਾਦਾਂ ਦਾ ਵੀ ਕੋਈ ਅੰਤ ਨਹੀਂ। ਕੋਈ ਨਹੀਂ ਪ੍ਰਗਟਾ (ਜਾਪੇ) ਸਕਦਾ ਕਿ ਸ੍ਰਿਸ਼ਟੀ ਨੂੰ ਸਾਜਣ ਦਾ ਉਸ ਦਾ ਕੀ ਮੰਤਵ ਹੈ?

ਵਾਹਿਗੁਰੂ ਦੇ ਮਨ ਵਿਚ ਕੀ ਹੈ। ਇਸ ਦੀ ਕਿਸੇ ਨੂੰ ਜਾਣਨਾ ਨਹੀਂ ਹੋ ਸਕਦੀ।

ਉਸ ਦੀ ਬ੍ਰਹਿਮੰਡ-ਰਚਨਾ ਦਾ ਆਕਾਰ ਕਿਤਨਾ ਵੱਡਾ ਹੈ, ਇਸ ਦਾ ਕੋਈ ਅੰਤ ਨਹੀਂ ਅਤੇ ਨਾ ਹੀ ਹੱਦ-ਬੰਨ੍ਹਾ ਮਿਥਿਆ ਜਾ ਸਕਦਾ ਹੈ। ਉਸ ਦਾ ਹਾਥ ਪਾਉਣ ਲਈ ਕਈ ਤਰਲੋ-ਮੱਛੀ ਹੋ ਰਹੇ ਹਨ, ਪਰ ਨਹੀਂ ਦੇਖ ਸਕਦੇ ਹੱਦ-ਬੰਨ੍ਹਾ। ਹਾਰ ਥੱਕ ਕੇ ਬੈਠ ਜਾਣਗੇ। ਕੋਈ ਨਹੀਂ ਦੱਸ ਸਕਦਾ, ਉਸ ਦੇ ਹੱਦ-ਬੰਨ੍ਹੇ ਨੂੰ, ਕਿਉਂਕਿ ਜਿਤਨਾ ਕੁਝ ਆਖੀਦਾ ਹੈ, ਉਸ ਤੋਂ ਕਈ ਗੁਣਾਂ ਵੱਧ ਹੋਰ ਕਹਿਣ-ਜੋਗ ਰਹਿ ਜਾਂਦਾ ਹੈ। ਅਕੱਥ ਹੈ।

ਉਹ ਵੱਡਾ ਸੱਭ ਦਾ ਮਾਲਕ ਹੈ। ਉਸ ਦਾ ਟਿਕਾਣਾ ਉੱਚੇ ਥਾਂ ਹੈ। ਪਰ ਇਸ ਤੋਂ ਵੀ ਉੱਤੇ ਹੈ, ਉਸ ਦੀ ਹੋਂਦ ਦਾ ਪ੍ਰਕਾਸ਼, ਨਾਮ-ਸ਼ਕਤੀ।

ਕੋਈ ਉਨ ਜਿਤਨਾ ਉੱਚਾ ਹੋਵੇ ਤਾਂ ਹੀ ਉਹ ਉਸ ਉੱਚੇ ਨੂੰ ਜਾਣ ਸਕਦਾ ਹੈ। ਇਤਨਾ ਉੱਚਾ ਤਾਂ ਉਸ ਬਗੈਰ ਹੋਰ ਕੋਈ ਹੋ ਨਹੀਂ ਸਕਦਾ। ਸੋ ਉਸ ਨੂੰ ਜਾਣਨਾ ਤੇ ਬਿਆਨ ਕਰਨਾ ਅਸੰਭਵ ਹੈ। ਉਹ ਆਪਣੀ ਵਡਿਆਈ ਆਪ ਹੀ ਜਾਣਦਾ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਕਿਸੇ ਦੁਨਿਆਵੀ ਗਿਆਨ ਦੁਆਰਾ ਨਹੀਂ, ਸਿਰਫ ਸ਼ਬਦ ਦੀ ਵਿਚਾਰ ਭਗਤੀ ਦੁਆਰਾ, ਜੋ ਉਸ ਦੀ ਮਿਹਰ ਦੀ ਨਜ਼ਰ ਨਾਲ ਮਿਲਣੀ ਹੈ, ਉਹ ਉੱਚੇ ਉੱਪਰ ਉੱਚਾ ਨਾਉ ਪਾਇਆ ਜਾ ਸਕਦਾ ਹੈ। ਉਸ ਦੀ ਹਜ਼ੂਰੀ ਦਾ ਪ੍ਰਕਾਸ਼ ਸੰਭਵ ਹੈ। ਉਸ ਦਾ ਅੰਤ ਪਾਉਣਾ ਨਾ-ਮੁਮਕਿਨ ਹੈ।

ਬਸ, ਇਹ ਹੀ ਕਹਿਣਾ ਫੱਬਦਾ ਹੈ ਕਿ ਉਸ ਦੀ ਸਿਫ਼ਤ ਦਾ ਕੋਈ ਹੱਦ-ਬੰਨ੍ਹਾ ਨਹੀਂ। ਗਿਨਣ ਨਾਲ ਵੀ ਅੰਤ ਨਹੀਂ ਪੈ ਸਕਦਾ। ਉਸ ਦੀ ਰਚਨਾ ਤੇ ਦਾਤਾਂ ਦਾ ਵੀ ਅੰਤ ਨਹੀਂ। ਅਣਗਿਣਤ ਹੀ ਵਸਤਾਂ ਦੇਖਣ ਤੇ ਸੁਣਨ ਵਾਲੀਆਂ ਹਨ। ਉਸ ਦੇ ਮਨ ਵਿਚ ਕੀ ਹੈ, ਇਸ ਦਾ ਭੇਦ ਵੀ ਨਹੀਂ ਪਾਇਆ ਜਾ ਸਕਦਾ। ਸ੍ਰਿਸ਼ਟੀ ਨੂੰ ਉਸ ਕਿਉਂ ਬਣਾਇਆ, ਇਸ ਦਾ ਪਤਾ ਲਗਾਉਣਾ ਵੀ ਅਸੰਭਵ ਹੈ। ਦਿੱਸਦੇ ਜਗਤ ਦਾ ਅੰਤ ਵੀ ਨਹੀਂ ਪਾਇਆ ਜਾ ਸਕਦਾ। ਹੱਦ-ਬੰਨ੍ਹਾ ਲੱਭਣ ਲਈ ਲੋਕੀਂ ਤਰਲੇ ਲੈ ਰਹੇ ਹਨ, ਪਰ ਉਸ ਦੇ ਹੱਦ-ਬੰਨ੍ਹੇ ਲੱਭੇ ਹੀ ਨਹੀਂ ਜਾ ਸਕਦੇ। ਕਿਉਂਕਿ ਉਸ ਬਾਰੇ ਜਿਤਨਾ ਜਾਣਦੇ ਤੇ ਵੱਧ ਕਹਿੰਦੇ ਹਾਂ ਉਤਨਾ ਹੀ ਉਹ ਹੋਰ ਵਡੇਰਾ ਲੱਗਣ ਲੱਗ ਪੈਂਦਾ ਹੈ। ਜੇ ਕੋਈ ਹੋਰ ਉਸ ਜੇਡਾ ਵੱਡਾ ਹੋਵੇ ਉਹ ਹੀ ਉਸ ਉੱਚੇ ਅਕਾਲ ਪੁਰਖ ਨੂੰ ਸਮਝ ਸਕਦਾ ਹੈ। ਐਸਾ ਕੋਈ ਹੈ ਨਹੀਂ। ਕੇਵਲ ਉਹ ਆਪੂੰ ਹੀ ਜਾਣਦਾ ਹੈ ਕਿ ਉਹ ਕਿਤਨਾ ਕੁ ਵੱਡਾ ਹੈ, ਪਰ ਉਸ ਦੀ ਬਖਸ਼ਸ਼ ਦੀ ਦਾਤ ਸਦਕਾ ਉਸ ਵੱਡੇ ਦੀ ਵਡਿਆਈ ਦਾ ਅਨੁਭਵ ਨਾਮ ਦੁਆਰਾ ਹੋ ਜਾਂਦਾ ਹੈ।

੨੩ਵੀਂ ਪਉੜੀ ਤਕ ਐਸਾ ਮਹਿਸੂਸ ਹੁੰਦਾ ਰਹਿਆ ਹੈ ਕਿ ਉਸ ਨੂੰ ਪਾਉਣ ਦਾ ਰਾਹ ਕੋਈ ਨਹੀਂ। ਅਸੀਂ ਨਿਰਾਸ ਹੋ ਬਹਿਣ ਹੀ ਲੱਗਦੇ ਹਾਂ ਕਿ ਇਸ ੨੪ਵੀਂ ਪਉੜੀ ਦੇ ਅੰਤ ਵਿਚ ਸਾਨੂੰ ਰਾਹ ਮਿਲ ਜਾਂਦਾ ਹੈ। ਅੰਦਰੋਂ ਮਿਲੀ ਰੋਸ਼ਨੀ ਨਾਲ ਅਸੀਂ ਵਿਸ਼ਵ ਵਿਚ

www.sikhbookclub.com 

ਵਿਆਪੀ ਸ਼ਕਤੀ ਨੂੰ ਦੇਖ ਸਕਦੇ ਹਾਂ । ਜਦ ਬਖ਼ਸ਼ਸ਼ ਦੁਆਰਾ ਉਸ ਦੀ ਰਜ਼ਾ ਵਿਚ ਰਹਿਣ ਦੀ ਅਵਸਥਾ ਬਣ ਜਾਂਦੀ ਹੈ ਤਾਂ ਅਸੀਂ ਐਸਾ ਮਹਿਸੂਸ ਕਰਦੇ ਹਾਂ ਕਿ ਸਾਡੀ ਸੋਚਣੀ ਹੀ ਵਟ ਗਈ ਹੈ । ਪਾਪੀ ਪੁੰਨੀ ਵੀ ਉਸ ਦੀ ਦਾਤ ਲੱਗਣ ਲੱਗ ਪੈਂਦੇ ਹਨ । ਉਹ ਰਹੱਸ ਖੁੱਲ੍ਹ ਜਾਂਦਾ ਹੈ ਜਿਸ ਨੂੰ ਕਿ ਜਪ ਰਾਹੀਂ ਖੋਲ੍ਹਣਾ ਚਾਹੁੰਦੇ ਸਨ । ਉਸ ਦੀਆਂ ਬਖ਼ਸ਼ਸ਼ਾਂ ਬੇਅੰਤ ਲੱਗਣਗੀਆਂ । ਉਹ ਬਖ਼ਸ਼ਸ਼ ਕਿਵੇਂ ਕਰਦਾ ਹੈ, ਇਸ ਬਾਰੇ ਜਾਨਣ ਦੀ ਇੱਛਾ ਵੀ ਹੁਣ ਨਹੀਂ ਰਹੇਗੀ ਕਿਉਂਕਿ ਇਹ ਜਾਣਿਆ ਹੀ ਨਹੀਂ ਜਾ ਸਕਦਾ ਕਿ ਉਹ ਬਖ਼ਸ਼ਸ਼ ਕਿਸ ਅਸੂਲ ਦੇ ਆਧਾਰ ਤੇ ਕਰਦਾ ਹੈ । ਬਸ ਇਤਨਾ ਕੁ ਪਤਾ ਲੱਗ ਗਿਆ ਕਿ ਉਸ ਦੀ ਬਖ਼ਸ਼ਸ਼ ਸਦਾ ਜਾਰੀ ਰਹਿੰਦੀ ਹੈ ਭਾਵੇਂ ਉਸ ਦੀ ਬਖ਼ਸ਼ਸ਼ ਦੀ ਦੁਰਵਰਤੋਂ ਵੀ ਲੋਕ ਕਰਦੇ ਹਨ । ('ਕੇਤੇ ਖਪਿ ਤੁਟਹਿ ਵੇਕਾਰ') ਅਤੇ ਕਈ ਬਖ਼ਸ਼ਸ਼ ਪਾ ਕੇ ਉਸ ਨੂੰ ਭੁਲਾ ਵੀ ਦੇਂਦੇ ਹਨ "ਕੇਤੇ ਲੈ ਲੈ ਮੁਕਰ ਪਾਇ ।" ਪ੍ਰਮਾਤਮਾ ਦੀ ਬਖ਼ਸ਼ਸ਼ ਦਾ ਆਧਾਰ ਮਨੁੱਖ ਦਾ ਅਧਿਕਾਰ ਨਹੀਂ । ਇਹ ਕੋਈ ਨਹੀਂ ਕਹਿ ਸਕਦਾ ਕਿ ਕਈ ਵਿਕਾਰੀ ਜੀਵ ਖ਼ੁਸ਼ਹਾਲ ਕਿਉਂ ਹਨ ? ਇਸ ਰਹੱਸ ਨੂੰ ਅਗਲੀ ੨੫ਵੀਂ ਪਉੜੀ ਵਿਚ ਖੋਲ੍ਹਦੇ ਹਨ ।

**ਸ਼ਬਦ-ਭਾਵ :**

**ਅੰਤੁ** : ਅਣਗਿਣਤ (Innumerable).
**ਕਰਣੈ** : ਸਿਰਜਨਾਵਾਂ ।
**ਦੇਣਿ** : ਰਹਿਮਤਾਂ (Bounties).
**ਜਾਪੈ** : ਦੱਸਣਾ, ਪ੍ਰਗਟਾਉਣਾ ।
**ਮਨਿ ਮੰਤੁ** : ਉਸ ਦੇ ਮਨ ਵਿਚ ਕੀ ਪਿਆ ਹੈ, ਮਕਸਦ ਕੀ ਹੈ ।
**ਪਾਰਾਵਾਰੁ** : ਹੱਦ-ਬੰਨ੍ਹਾ ।
**ਬਿਲਲਾਹਿ** : ਤਰਲੋਮੱਛੀ ਹੁੰਦੇ ਹਨ ।
**ਨਦਰੀ ਕਰਮੀ** : ਮਿਹਰ ਦੀ ਨਜ਼ਰ (Glance of Grace)
**ਦਾਤਿ** : ਬਖ਼ਸ਼ਸ਼ ।

SIKHBOOKCLUB.COM

## ੨੫ (੫)

**ਬਹੁਤਾ ਕਰਮੁ ਲਿਖਿਆ ਨ ਜਾਇ ॥**
**ਵਡਾ ਦਾਤਾ ਤਿਲੁ ਨ ਤਮਾਇ ॥**
**ਕੇਤੇ ਮੰਗਹਿ ਜੋਧ ਅਪਾਰ ॥**
**ਕੇਤਿਆ ਗਣਤ ਨਹੀ ਵੀਚਾਰੁ ॥**
**ਕੇਤੇ ਖਪਿ ਤੁਟਹਿ ਵੇਕਾਰ ॥**
**ਕੇਤੇ ਲੈ ਲੈ ਮੁਕਰੁ ਪਾਹਿ ॥**
**ਕੇਤੇ ਮੂਰਖ ਖਾਹੀ ਖਾਹਿ ॥**
**ਕੇਤਿਆ ਦੂਖ ਭੂਖ ਸਦ ਮਾਰ ॥**
**ਏਹਿ ਭਿ ਦਾਤਿ ਤੇਰੀ ਦਾਤਾਰ ॥**
**ਬੰਦਿ ਖਲਾਸੀ ਭਾਣੈ ਹੋਇ ॥**

ਹੋਰੁ ਆਖਿ ਨ ਸਕੈ ਕੋਇ ॥
ਜੇ ਕੋ ਖਾਇਕੁ ਆਖਣਿ ਪਾਇ ॥
ਓਹੁ ਜਾਣੈ ਜੇਤੀਆ ਮੁਹਿ ਖਾਹਿ ॥
ਆਪੇ ਜਾਣੈ ਆਪੇ ਦੇਇ ॥
ਆਖਹਿ ਸਿ ਭਿ ਕੇਈ ਕੇਇ ॥
ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥

ਜਪੁਜੀ ਦੀ ਇਸ ਪਉੜੀ ਵਿਚ ਉਸ ਦੀਆਂ ਦਾਤਾਂ ਤੇ ਬਖ਼ਸ਼ਸ਼ਾਂ ਦਾ ਜ਼ਿਕਰ ਹੈ। ਹੁਣ ਪਾਪੀ ਪੁੰਨੀ ਵੀ ਉਸ ਦੀ ਦਾਤ ਹੀ ਲੱਗਦੇ ਹਨ। ਇਹ ਅਵੱਸਥਾ ਨਦਰ ਪ੍ਰਾਪਤੀ ਦੀ ਹੈ। ਉਸ ਦੀਆਂ ਬਖ਼ਸ਼ਸ਼ਾਂ ਦੱਸੀਆਂ ਨਹੀਂ ਜਾ ਸਕਦੀਆਂ। ਦਾਤਾਂ ਦੇਂਦਾ ਉਹ ਰੱਜਦਾ ਨਹੀਂ, ਉਸ ਨੂੰ ਕੋਈ ਲਾਲਚ ਨਹੀਂ। ਬੇਅੰਤ ਸੂਰਮੇ ਤੇ ਕਈ ਹੋਰ ਜਿਨ੍ਹਾਂ ਦੀ ਗਿਣਤੀ ਤੇ ਵਿਚਾਰ ਨਹੀਂ ਹੋ ਸਕਦੀ, ਉਸ ਕੋਲੋਂ ਹੀ ਮੰਗ ਰਹੇ ਹਨ। ਕਈ ਜੀਵ ਦਾਤਾਂ ਲੈ ਕੇ ਵਿਕਾਰਾਂ ਵਿਚ ਵੀ ਖੱਪ-ਖੱਪ ਕੇ ਨਾਸ ਹੋ ਜਾਂਦੇ ਹਨ ਅਤੇ ਸ਼ੁਕਰ ਵੀ ਨਹੀਂ ਕਰਦੇ। ਅਨੇਕਾਂ ਮੂਰਖ ਖਾਹੀ ਹੀ ਤੁਰੀ ਜਾਂਦੇ ਹਨ, ਹੋਰ ਕਿਸੇ ਨਾਲ ਹਿੱਸਾ ਨਹੀਂ ਵੰਡਾਂਦੇ। ਅਨੇਕਾਂ ਜੀਵ ਸਦਾ ਮਾਰ, ਭੁੱਖ ਅਤੇ ਕਲੇਸ਼ ਹੀ ਭੋਗ ਰਹੇ ਹਨ, ਇਹ ਸਭ ਦਾਤ ਹੀ ਹੈ।

ਹਉਮੈ-ਬੰਧਨ ਤੋਂ ਛੁਟਕਾਰਾ ਰਜ਼ਾ ਵਿਚ ਤੁਰਿਆਂ ਹੀ ਹੋਣਾ ਹੈ। ਆਵਾਗਾਉਣ ਦੇ ਚੱਕਰ ਵਿਚ ਪੈਣਾ ਤੇ ਫਿਰ ਨਿਕਲ ਜਾਣਾ ਬੜਾ ਮਹੱਤਵ ਰੱਖਦਾ ਹੈ ਪਰ ਇਹ ਹੋਇਆ ਕਿਵੇਂ? ਇਹ ਹੀ ਤਾਂ ਹੈ ਭਾਣਾ। ਇਹ ਚੱਕਰ ਬੰਦ ਕਿਵੇਂ ਹੋ ਗਿਆ? ਇਹ ਵੀ ਭਾਣਾ ਹੈ। ਭਾਣਾ ਵਾਹਿਗੁਰੂ ਦੀ ਸੁਤੰਤਰ ਇੱਛਾ ਹੈ ਜਿਸ ਵਿਚ ਸਾਡਾ ਕੋਈ ਦਖ਼ਲ ਨਹੀਂ। ਇਸ ਤੋਂ ਇਲਾਵਾ ਹੋਰ ਕੋਈ ਰਾਹ ਹੀ ਨਹੀਂ ਹੈ ਤੇ ਇਸ ਤੋਂ ਵੱਧ ਆਖਿਆ ਨਹੀਂ ਜਾ ਸਕਦਾ। (ਹੋਰੁ ਆਖਿ ਨ ਸਕੈ ਕੋਇ)।

ਜੇ ਕਾਹਲੀ ਕਰ ਕੇ, ਕੋਈ ਕੱਚਾ ਮਨੁੱਖ, ਵੱਡਾ ਬੋਲ-ਬੋਲ ਕੇ ਆਖੇ ਵੀ ਕਿ ਉਸ ਨੇ ਆਪਣੇ ਜ਼ੋਰ ਨਾਲ ਉਸ ਪ੍ਰਭੂ ਨੂੰ ਪਾ ਲਿਆ ਹੈ ਤਾਂ ਉਹ ਹੀ ਜਾਣਦਾ ਹੈ ਕਿ ਕਿਤਨੀਆਂ ਚੋਟਾਂ ਉਸ ਨੂੰ ਖਾਣੀਆਂ ਪੈਣਗੀਆਂ। ਉਹ ਚੋਟਾਂ ਖਾ-ਖਾ ਕੇ ਫਿਰ ਵੀ ਪਿੱਛੋਂ ਆਪੇ ਹੀ ਇਕੋ ਗੱਲ ਆਖੇਗਾ ਕਿ ਕੇਵਲ ਦਾਤਾਂ ਦੇਣ ਵਾਲਾ ਉਹ ਹੀ ਹੈ। ਜੇ ਭਲਾ ਠੋਕਰਾਂ ਖਾ ਕੇ ਇਹ ਕਹਿਣਾ ਹੈ ਕਿ 'ਸਭਨਾ ਜੀਆ ਕਾ ਇਕ ਦਾਤਾ' ਤਾਂ ਪਹਿਲਾਂ ਕਿਉਂ ਨਾ ਕਿਹਾ ਜਾਏ।

ਉਸ ਦੀਆਂ ਦਾਤਾਂ, ਰਹਿਮਤਾਂ, ਬਖ਼ਸ਼ਸ਼ਾਂ (ਕਰਮ) ਦਾ ਵੀ ਕੋਈ ਅੰਤ ਨਹੀਂ।
ਅਸੀਂ ਤਾਂ ਭਾਵੇਂ ਕੇਵਲ ਇਕ ਮਿਹਰ ਦੀ ਨਜ਼ਰ ਦੀ ਜਾਚਨਾ ਕਰ ਰਹੇ ਹਾਂ।
ਉਸ ਦੀਆਂ ਰਹਿਮਤਾਂ ਦਾ ਵਰਣਨ ਹੋ ਹੀ ਨਹੀਂ ਸਕਦਾ।

ਇਕ ਗੱਲ ਹੀ ਰੱਖੋ! ਉਹ ਐਸਾ ਵੱਡਾ ਮਿਹਰਵਾਨ ਹੈ ਕਿ ਮਿਹਰਾਂ ਕੀਤੀਆਂ ਦੇ ਬਦਲੇ ਰਤਾ ਭਰ ਤਿਲ ਜਿਤਨਾ ਵੀ ਮੋੜਵਾਂ ਨਹੀਂ ਲੋੜਦਾ।

ਉਸ ਦੇ ਦਰੋਂ ਕਈ ਤਾਂ ਵੱਡਾ ਸੂਰਮਾ (ਜੋਧੁ ਅਪਾਰ) ਹੋਣਾ ਲੋੜਦੇ ਹਨ ਅਤੇ ਕਿਤਨੇ

ਹੀ ਹੋਰ ਹੱਥ ਜੋੜੀ ਖੜੇ ਹਨ ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ । ਕਈ ਬਰਕਤਾਂ ਪਾ ਕੇ ਪਾਪਾਂ ਵਿਚ ਗ਼ਲਤਾਨ ਹੋ, ਸਭ ਗੁਣ ਗਵਾ ਬੈਠਦੇ ਹਨ । ਕਈ ਰਹਿਮਤਾਂ ਪਾ ਕੇ ਮੰਨਦੇ ਹੀ ਨਹੀਂ । ਇਹ ਕਹਿੰਦੇ ਹਨ ਕਿ ਉਨ੍ਹਾਂ ਆਪਣੇ ਜਤਨਾਂ ਨਾਲ ਪਾਇਆ ਹੈ । ਕਿਤਨੇ ਹੀ ਬਗ਼ੈਰ ਸ਼ੁਕਰ ਕੀਤੇ ਸਿਰਫ਼ ਪੇਟ ਹੀ ਭਰਨ ਦੇ ਆਹਰ ਵਿਚ ਲੱਗੇ ਹਨ । ਅਸਲ ਮੂਰਖ ਉਹ ਹਨ । ਕਿਤਨੇ ਹੀ ਹਨ ਜੋ ਸਦੀਵੀ ਦੁੱਖ-ਭੁੱਖ ਦੀ ਮਾਰ ਹੇਠਾਂ ਹਨ, ਪਰ ਹੇ ਦਾਤਾਂ ਵੰਡਣ ਵਾਲੇ ਦਾਤਾ, ਅਸੀਂ ਇਹ ਹੀ ਕਹਿ ਸਕਦੇ ਹਾਂ ਕਿ ਇਹ ਵੀ ਇਕ ਪ੍ਰਕਾਰ ਦੀ ਤੇਰੀ ਦਾਤ ਹੈ । ਇਹ ਉਸ ਉੱਚ ਰੂਹਾਨੀ ਅਵਿਸਥਾ ਵੱਲ ਇਸ਼ਾਰਾ ਹੈ ਜਿੱਥੇ ਦੁੱਖ-ਸੁੱਖ ਸਮ ਕਰ ਜਾਣਨਾ ਹੈ । ਦੁੱਖ ਦੇਖ ਘਬਰਾਉਣਾ ਨਹੀਂ ਤੇ ਸੁੱਖ ਪਾ ਆਫਰਨਾ ਨਹੀਂ । ਇਹ ਵੀ ਯਾਦ ਰਹੇ ਕਿ ਇਸ ਸੰਸਾਰ ਤੋਂ ਆਉਣ ਜਾਣ ਦੇ ਦੁੱਖ ਦੇ ਚੱਕ੍ਰ ਤੋਂ ਛੁਟਕਾਰਾ ਉਸ ਦੀ ਰਹਿਮਤ ਸਦਕਾ ਹੀ ਹੋਣਾ ਹੈ । ਉਸ ਦੀ ਮਰਜ਼ੀ ਵਿਚ ਕਿਸ ਦਾ ਦਖ਼ਲ ਨਹੀਂ ਹੈ । ਕੋਈ ਇਹ ਵੀ ਦੱਸ ਨਹੀਂ ਸਕਦਾ ਕਿ ਇਹ ਰਹਿਮਤ ਕਿਸ ਤੇ ਅਤੇ ਕਿਵੇਂ ਹੋਈ ਹੈ ।

'ਹੋਰੁ ਆਖਿ ਨ ਸਕੈ ਕੋਇ ।' ਇਹ ਹੀ ਭਾਣੇ ਦਾ ਸਿਧਾਂਤ ਹੈ ਜਿਸ ਤੇ ਟਰਿਆਂ 'ਸਰਬਤ ਦਾ ਭਲਾ' ਹੈ ।

ਜੇ ਕੋਈ ਅੱਧ-ਕੱਚੜਾ, ਹੰਕਾਰ-ਵਸ, ਵਧ ਕੇ ਗੱਲ ਕਰਨ ਵਾਲਾ ਆਖੇ ਵੀ ਤਾਂ ਉਹ ਹੀ ਜਾਣਦਾ ਹੈ ਕਿਤਨੀਆਂ ਸੱਟਾਂ ਉਸ ਨੂੰ ਮੂੰਹ ਤੇ ਖਾਣੀਆਂ ਪੈਣਗੀਆਂ । ਬੱਸ ਵਾਹਿਗੁਰੂ ਹੀ ਜਾਣਦਾ ਹੈ ਕਿ ਕਿਤਨਾ ਕਿਸ ਨੂੰ ਦੇਣਾ ਹੈ ਅਤੇ ਉਹ ਉਤਨਾ ਹੀ ਉਸ ਨੂੰ ਦੇਂਦਾ ਹੈ । ਭਾਵੇਂ ਉਹ ਹਰ ਇਕ ਨੂੰ ਜਿਤਨਾ ਜਿਸ ਦਾ ਬਣ ਆਂਵਦਾ ਹੈ, ਦੇਂਦਾ ਹੈ ਪਰ ਕੋਈ ਵਿਰਲਾ ਹੀ ਹੈ ਜੋ ਸ਼ੁਕਰ ਵਿਚ ਰਹਿੰਦਾ ਹੈ । ਬਹੁਤ ਘੱਟ ਇਹ ਆਖ ਮੰਨਦੇ ਹਨ । 'ਆਖਹਿ ਸਿ ਭਿ ਕੇਈ ਕੇਇ ।' ਸ਼ੁਕਰ ਵਿਚ ਸਦਾ ਵਿਚਰਨਾ ਬੜਾ ਔਖਾ ਹੈ । ਹਉਮੈ ਦੀ ਜੜ੍ਹ ਬਗ਼ੈਰ ਸ਼ੁਕਰ ਕੀਤਿਆਂ ਉਖੇੜੀ ਹੀ ਨਹੀਂ ਜਾ ਸਕਦੀ । ਐਸੇ ਸ਼ੁਕਰ ਵਿਚ ਵਿਚਰਨ ਵਾਲੇ ਵਿਅਕਤੀ ਨੂੰ, ਗੁਰੂ ਨਾਨਕ ਦੇਵ ਜੀ, ਬਾਦਸ਼ਾਹ ਕਹਿੰਦੇ ਹਨ ਕਿਉਂਕਿ ਉਸ ਪਾਸ ਸੰਸਾਰ ਵਿਚ ਸੱਭ ਤੋਂ ਵੱਡੀ ਦੌਲਤ 'ਸ਼ੁਕਰ ਦਾ ਧਨ' ਹੈ ।

**ਸ਼ਬਦ-ਭਾਵ :**

**ਕਰਮ :** ਰਹਿਮਤ, ਬਖ਼ਸ਼ਸ਼ ।
**ਤਿਲੁ ਨ ਤਮਾਇ :** ਤਿਲ ਜਿਤਨਾ ਵੀ ਲਾਲਚ ਨਹੀਂ ਕਿ ਕੋਈ ਮੋੜ ਦੇਵੇ ।
**ਜੋਧ ਅਪਾਰ :** ਵੱਡੇ ਸੂਰਮੇ ।
**ਵੀਚਾਰੁ :** ਅੰਦਾਜ਼ਾ ।
**ਖਪਿ ਤੁਟਹਿ ਵੇਕਾਰ :** ਵੇਕਾਰ ਕਰ-ਕਰ ਆਪਾ ਮੁਕਾ ਲਿਆ ।
**ਖਾਹੀ ਖਾਹਿ :** ਪਸ਼ੂਆਂ ਵਾਂਗ ਪੇਟ ਭਰੀ ਜਾਂਦੇ ਹਨ । ਹਰ ਵੇਲੇ ਖਾਂਦੇ ਹੀ ਰਹਿਦੇ ਹਨ ।
**ਸਦ ਮਾਰ :** ਸਦੀਵੀ ਸੱਟਾਂ ।
**ਬੰਦਿ ਖਲਾਸੀ :** ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ।

ਹੋਰੁ ਆਖਿ ਨ
ਸਕੈ ਕੋਇ : ਕੋਈ ਕਿਸੇ ਦਾ ਵਿਚ ਦਖ਼ਲ ਨਹੀਂ, ਕੋਈ ਹੋਰ ਰਾਹ ਨਹੀਂ ਸਿਵਾਇ ਉਸ ਦੀ ਰਜ਼ਾ ਤੋਂ ।
ਖਾਇਕ : ਕੱਚਾ, ਥੋਥਾ, ਬੜਬੋਲਾ ।
ਮੁਹਿ ਖਾਇ : ਮੂੰਹ ਤੇ ਮਾਰ ।
ਆਖਹਿ ਸਿ ਭਿ : ਜੋ ਸ਼ੁਕਰ ਆਖਦੇ ਹਨ ।
ਕੇਈ ਕੇਇ : ਕੋਈ ਕੋਈ, ਵਿਰਲਾ ।

੨੬ (੫)

ਅਮੁਲ ਗੁਣ ਅਮੁਲ ਵਾਪਾਰ ॥
ਅਮੁਲ ਵਾਪਾਰੀਏ ਅਮੁਲ ਭੰਡਾਰ ॥
ਅਮੁਲ ਆਵਹਿ ਅਮੁਲ ਲੈ ਜਾਹਿ ॥
ਅਮੁਲ ਭਾਇ ਅਮੁਲਾ ਸਮਾਹਿ ॥
ਅਮੁਲੁ ਧਰਮ ਅਮੁਲੁ ਦੀਬਾਣੁ ॥
ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥
ਅਮੁਲੁ ਕਰਮੁ ਅਮੁਲੁ ਫੁਰਮਾਣੁ ॥
ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥
ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥
ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥
ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁ ਵਿਗਾੜੁ ॥
ਤਾ ਲਿਖੀਐ
ਸਿਰਿ ਗਾਵਾਰਾ ਗਾਵਾਰੁ ॥ ੨੬ ॥

SIKHBOOKCLUB.COM

ਇਹ ਪਉੜੀ ਉਸ ਭਾਲ ਦਾ ਅੰਤਮ ਪੜਾਅ ਹੈ ਜੋ ਜਪੁਜੀ ਦੇ ਆਰੰਭ ਵਿਚ ਸ਼ੁਰੂ ਕੀਤੀ ਗਈ ਸੀ । ਭਾਲ ਇਹ ਸੀ ਕਿ ਉਸ (ਪ੍ਰਭੂ) ਨੂੰ ਜਾਣਿਆ ਤੇ ਸਮਝਿਆ ਕਿਵੇਂ ਜਾਏ ? ਇਹ ਇਥੇ ਆ ਕੇ ਰੁਕੀ ਕਿ ਉਸ ਨੂੰ ਜਾਣਿਆ ਨਹੀਂ ਜਾ ਸਕਦਾ, ਪਰ ਇਹ ਸਭ ਭਾਲ, ਢੂੰਡ, ਅਜਾਈਂ ਨਹੀਂ ਗਈ । ਅਸੀਂ ਇਸ ਦੌਰਾਨ ਉਸ ਸਰਵ-ਵਿਆਪੀ ਜੋਤ ਦੇ ਕਰਤੱਵ ਜਾਣਦੇ ਰਹੇ ਤੇ ਆਪਣੇ ਆਪ ਨੂੰ ਨਿਰੰਕਾਰ ਤੇ ਅਕਾਲ ਨੂੰ ਪ੍ਰਾਪਤ ਕਰਨ ਦੀ ਤਿਆਰੀ ਵੀ ਕਰਦੇ ਰਹੇ ।

ਉਸ ਅਕਾਲ ਤੇ ਨਿਰੰਕਾਰ ਦੀ ਪ੍ਰਾਪਤੀ ਨਾਲ ਕੀ ਪ੍ਰਭਾਵ ਪੈਂਦਾ ਹੈ ਇਸ ਦਾ ਵਰਨਣ ਤਾਂ ੨੯ ਤੋਂ ੩੧ਵੀਂ ਪਉੜੀ ਵਿਚ ਕਰਨਗੇ, ਪਰ ੨੬ਵੀਂ ਵਿਚ ਵਰਨਣ ਕਰਦੇ ਹਨ ਕਿ ਜਿਵੇਂ ਚੁੰਬਕ ਹਰ ਨੇੜੇ ਆਉਂਦੀ ਵਸਤੂ ਨੂੰ ਹੌਲੇ-ਹੌਲੇ ਚੁੰਬਕ ਬਣਾ ਦਿੰਦਾ ਹੈ ਇਸੇ ਤਰ੍ਹਾਂ ਕਰਮੀ ਜੀਵ ਇਕ ਦੂਜੇ ਨਾਲ ਮਿਲ ਕੇ ਆਤਮਕ ਮਾਰਗ ਤੇ ਤੁਰਨ ਲਈ ਪ੍ਰੇਰਨਾ ਦਿੰਦੇ ਰਹਿੰਦੇ ਹਨ ।

ਵਾਹਿਗੁਰੂ ਦੇ ਗੁਣਾਂ ਦਾ ਕੋਈ ਮੁੱਲ ਨਹੀਂ ਹੈ ਅਤੇ ਉਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਨ ਦਾ ਅਮਲ ਵੀ ਬੇਕੀਮਤੀ ਹੈ ਅਤੇ ਜੋ ਉਹਨਾਂ ਗੁਣਾਂ ਦੇ ਗਾਹਕ ਹਨ, ਉਨ੍ਹਾਂ ਵਪਾਰੀਆਂ ਦਾ ਵੀ ਕੋਈ ਮੁੱਲ ਨਹੀਂ । ਉਹ ਵਪਾਰੀ ਜਿਸ ਹਿਰਦੇ ਉਹ ਗੁਣ ਕਮਾ ਕੇ ਰੱਖਦੇ ਹਨ, ਉਸ ਦਾ ਵੀ ਕੋਈ ਮੁੱਲ ਨਹੀਂ । ਜੋ ਉਨ੍ਹਾਂ ਗੁਣਾਂ ਨੂੰ ਆਪਾ ਤਿਆਗ, ਖ਼ਰੀਦ ਕੇ ਲੈ ਜਾਂਦੇ ਹਨ, ਉਨ੍ਹਾਂ ਦਾ ਵੀ ਕੋਈ ਮੁੱਲ ਨਹੀਂ ਪਾ ਸਕਦਾ । ਜੋ ਉਨ੍ਹਾਂ ਗੁਣਾਂ ਨੂੰ ਪਿਆਰ ਦਾ ਮੁੱਲ ਦੇ ਕੇ ਹਿਰਦੇ ਨੂੰ ਪਿਆਰ-ਰੂਪ ਕਰ ਲੈਂਦੇ ਹਨ, ਉਸ ਦਾ ਵੀ ਕੋਈ ਮੁੱਲ ਨਹੀਂ ।

ਇਸ ਤਰ੍ਹਾਂ ਜੋ ਪਿਆਰ-ਵਾਲਾ ਧਰਮ ਅਪਣਾਇਆ ਜਾਂਦਾ ਹੈ. ਜਿਸ ਵਿਚ ਨਿਰਾ ਪਿਆਰ ਤੇ ਰਹਿਮ ਹੈ, ਅਮੁੱਲ ਹੈ ਅਤੇ ਜਿਸ ਦਰਬਾਰੋਂ ਐਸਾ ਧਰਮ ਫੈਲਾਇਆ ਜਾਂਦਾ ਹੈ, ਉਹ ਵੀ ਬੇ-ਬਹਾ ਕੀਮਤੀ ਹੈ । ਐਸੇ ਧਰਮੀਆਂ ਦੇ ਕਰਤਵਾਂ ਨੂੰ ਤੋਲਣ ਲਈ ਤਰਾਜ਼ੂ ਅਮੁੱਲ ਹੈ ਅਤੇ ਇਸ ਦੇ ਵੱਟੇ ਵੀ ਅਮੁੱਲ ਹਨ । ਭਾਵ ਕੋਈ ਕੀਮਤ ਨਹੀਂ ਪਾ ਸਕਦਾ ।

ਉਸ ਵਾਹਿਗੁਰੂ ਵੱਲੋਂ ਮਿਲੀ ਅਸ਼ੀਰਵਾਦ ਵੀ ਅਮੁੱਲ ਹੈ ਅਤੇ ਜੋ ਆਪਣੀ ਪ੍ਰਵਾਨਗੀ ਦਾ ਨਿਸ਼ਾਨ ਲਗਾਂਦਾ ਹੈ, ਉਸ ਦਾ ਵੀ ਕੋਈ ਮੁੱਲ ਨਹੀਂ । ਉਸ ਦੀ ਰਹਿਮਤ ਵੀ ਅਮੁੱਲ ਹੈ ਅਤੇ ਜੋ ਉਸ ਦੇ ਹੁਕਮ ਹਨ, ਉਨ੍ਹਾਂ ਦਾ ਵੀ ਕੋਈ ਮੁੱਲ ਨਹੀਂ ਪਾ ਸਕਦਾ ।

ਉਸ ਦੀ ਕਿਸੇ ਕਰਨੀ ਦਾ ਕੋਈ ਮੁੱਲ ਨਹੀਂ ਪਾ ਸਕਦਾ, ਸੋ ਅਮੁੱਲ ਹੀ ਕਹਿਣਾ ਫੱਬਦਾ ਹੈ, ਸ਼ਬਦਾਂ ਵਿਚ ਵਰਣਨ ਨਹੀਂ ਕੀਤਾ ਜਾ ਸਕਦਾ ।

ਜੇ ਕਿਸੇ ਕਹਿਣ ਦਾ ਯਤਨ ਵੀ ਕੀਤਾ ਤਾਂ ਉਹ ਕਹਿੰਦੇ-ਕਹਿੰਦੇ, ਬਿਆਨ ਕਰਦੇ-ਕਰਦੇ ਹੀ, ਉਸ ਵਿਚ ਸਮਾ ਗਏ । ਕਹਿਣਾ ਹੀ ਬੰਦ ਹੋ ਗਿਆ । ਰੂਹਾਨੀ ਸ਼ਾਂਤੀ ਤਾਰੀ ਹੋ ਗਈ । ਵੇਦਾਂ ਅਤੇ ਪੁਰਾਣਿਕ ਪੁਸਤਕਾਂ ਨੇ ਬਿਆਨ ਕਰਨ ਦਾ ਜਤਨ ਕੀਤਾ, ਕਈ ਵਿਦਵਾਨਾਂ ਨੇ ਵਿਆਖਿਆ ਕਰ ਸਮਝਾਉਣਾ ਚਾਹਿਆ । ਬ੍ਰਹਮਾ, ਇੰਦਰ ਨੇ ਉਸ ਦੀ ਵਡਿਆਈ ਕਹਿਣੀ ਚਾਹੀ । ਗੋਪੀਆਂ ਤੇ ਕ੍ਰਿਸ਼ਨ ਨੇ ਵੀ ਜਤਨ ਕੀਤੇ । ਸ਼ਿਵ ਤੇ ਪੁੱਜੇ ਸਿੱਧਾਂ ਨੇ ਹੱਥ ਪੈਰ ਮਾਰੇ ਅਤੇ ਕਈ ਸ਼ੁੱਧ ਗਿਆਨਵਾਨ ਰੂਹਾਂ (ਬੁੱਧ) ਨੇ ਉਪਰਾਲੇ ਕੀਤੇ । ਇਥੋਂ ਤਕ ਬਾਹੂ ਬਲ ਰੱਖਣ ਵਾਲੇ ਦੈਂਤਾਂ ਤੇ ਕੋਮਲ ਹਿਰਦੇ ਵਾਲੇ ਦੇਵਤਿਆਂ ਨੇ ਵੀ

ਸਿਰ-ਤੋੜ ਕੋਸ਼ਿਸ਼ ਕੀਤੀ। ਦੇਵਤਾ ਸਰੂਪ ਲੋਕਾਂ (ਸੁਰਿ ਨਰ) ਅਤੇ ਜੰਗਲਾਂ ਵਿਚ ਵੱਸੇ ਮਹਾਂਪੁਰਸ਼ਾਂ (ਮੁਨਿ ਜਨ) ਅਤੇ ਨਿਰੋਲ ਭਗਤੀ ਵਿਚ ਜੁੱਟੇ ਮਹਾਤਮਾਵਾਂ ਨੇ ਵੀ ਜਤਨ ਕੀਤੇ ਕਿ ਉਸ ਦੀ ਵਡਿਆਈ ਦੱਸੀ ਜਾ ਸਕੇ।

ਕਈਆਂ ਤਾਂ ਲੱਕ ਹੀ ਬੰਨ੍ਹ ਲਿਆ ਕਿ ਉਹ ਉਸ ਬਾਰੇ ਪੂਰਾ ਗਿਆਨ ਦੇ ਕੇ ਹੀ ਛਡਣਗੇ, ਪਰ ਉਨ੍ਹਾਂ ਨੂੰ ਵਿਚੇ ਹੀ ਛੱਡ ਇਸ ਜਹਾਨੋਂ ਜਾਣਾ ਪਿਆ।

ਜਿਤਨੇ ਉਸ ਨੂੰ ਭਾਲਣ ਲੱਗੇ ਹੋਏ ਹਨ, ਜੇ ਵਾਹਿਗੁਰੂ ਉਤਨੇ ਹੀ ਹੋਰ ਪੈਦਾ ਕਰ ਕੇ ਲਗਾ ਦੇਵੇ ਤਾਂ ਵੀ ਉਸ ਦੀ ਕੀਮਤ ਨੂੰ ਨਹੀਂ ਪਾਇਆ ਜਾ ਸਕਦਾ ਕਿਉਂਕਿ ਉਸ ਦੀ ਉਚਿਆਈ ਨੂੰ ਕੋਈ ਨਹੀਂ ਪਾ ਸਕਦਾ। ਜਿਤਨਾ ਵੱਡਾ ਉਹ ਚਾਹੇ, ਉਤਨਾ ਵੱਡਾ ਉਹ ਹੋ ਜਾਂਦਾ ਹੈ। ਜੇ ਕਿਸੇ ਨੂੰ ਜ਼ਰਾ ਕੁ ਸਮਝ ਆ ਵੀ ਗਈ ਤਾਂ ਕਿਹੜੀ ਕਮਾਈ ਉਸ ਕਰ ਲਈ? ਉਸ ਤਕ ਰਸਾਈ ਬੜੀ ਕੱਠਨ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਕੇਵਲ ਉਹ ਆਪ ਹੀ ਜੋ ਸਦਾ ਸਥਿਰ ਹੈ, ਜਾਣਦਾ ਹੈ ਕਿ ਕਿਤਨਾ ਉਸ ਦਾ ਪਸਾਰਾ ਹੈ। ਕੋਈ ਮੂੰਹ ਫੱਟ ਜੇ ਇਹ ਆਖੇ ਕਿ ਉਸ ਨੇ ਵਾਹਿਗੁਰੂ ਦੇ ਭੇਦਾਂ ਨੂੰ ਜਾਣ ਲਿਆ ਹੈ ਤਾਂ ਉਸ ਨੂੰ ਮੂਰਖਾਂ ਦਾ ਮੂਰਖ ਜਾਣੋ।

ਸ਼ਬਦ-ਭਾਵ :

**ਗੁਣ** : ਉਪਮਾਵਾਂ (Qualities).
**ਵਾਪਾਰ** : ਗੁਣ ਵਿਹਾਜਣ ਦਾ ਕਰਤੱਵ।
**ਭਾਇ** : ਪਿਆਰ।
**ਧਰਮ** : ਖ਼ੁਦਾਈ ਇਨਸਾਫ਼।
**ਦੀਬਾਣੁ** : ਇਨਸਾਫ਼ ਦੇਣ ਦਾ ਵਸੀਲਾ, ਕਚਹਿਰੀ।
**ਤੁਲੁ** : ਤਕੜੀ, ਤਾਰਾਜ਼ੂ (Scale).
**ਪਰਵਾਣੁ** : ਪੈਮਾਨਾ, ਵੱਟੇ (Measures).
**ਲਿਵ ਲਾਇ** : ਤਾੜੀ ਲੱਗ ਗਈ, ਸੋਚਾਂ ਰੁਕ ਗਈਆਂ। ਕਿਸ ਸਹਿਜ ਢੰਗ ਨਾਲ ਲਿਵ ਲਗਾਉਣ ਦਾ ਵੱਲ ਦੱਸ ਗਏ ਹਨ। ਜਪੀ ਜਾਣਾ ਉਸ ਦੇ ਗੁਣਾਂ ਨੂੰ, ਲਿਵ ਲਗਾਉਣ ਦਾ ਰਾਹ ਹੈ: 'ਆਖਿ ਆਖਿ ਰਹੇ ਲਿਵ ਲਾਇ।'
**ਵੇਦ ਪਾਠ** : ਵੇਦਾਂ ਦੀਆਂ ਪਾਠ ਪੁਸਤਕਾਂ (Texts).
**ਪੜੇ** : ਵਿਦਵਾਨ, ਪੜ੍ਹੇ ਹੋਏ।
**ਬਰਮੇ** : ਬ੍ਰਹਮਾ।
**ਗੋਪੀ** : ਪਿਆਰ ਦੇ ਰੰਗ ਵਿਚ ਰੰਗੀਆਂ ਆਤਮਾਵਾਂ।
**ਈਸਰ** : ਸ਼ਿਵ।
**ਸਿਧ** : ਪੁਜੇ-ਪੁਗੇ ਲੋਕ।
**ਬੁਧ** : ਗਿਆਨ ਰਾਹੀਂ ਰੂਹਾਨੀ ਉਚਿਤਾਈ ਨੂੰ ਪਾਏ ਪੁਰਸ਼।
**ਸੁਰਿ ਨਰ** : ਦਇਆਧਾਰੀ ਦੇਵਤਾ ਸਰੂਪ ਲੋਕ।

**ਮੁਨਿ ਜਨ** : ਜਗਤ ਛੱਡ, ਜੰਗਲੀਂ ਵਾਸਾ ਕੀਤੇ ਪੁਰਸ਼ ।
**ਸੇਵ** : ਭਗਤੀ ਵਿਚ ਜੁੱਟੇ ।
**ਦਾਨਵ** : ਦੈਂਤ (Demon).
**ਦੇਵ** : ਦੇਵਤੇ ।
**ਆਖਣਿ ਪਾਹਿ** : ਆਖਣ ਦਾ ਉਪਰਾਲਾ ਕਰਨ ਵਾਲੇ ।
**ਬੋਲੁ ਵਿਗਾੜੁ** : ਮੂੰਹ ਫੱਟ (Loud Mouth, Rude Talker, Forward Tongue).

**ਸਿਰਿ ਗਾਵਾਰਾ**
**ਗਾਵਾਰ** : ਮੂਰਖਾਂ ਦਾ ਮੂਰਖ, ਵੱਡਾ ਮੂਰਖ ।

## ੨੭ (੬)

ਸੋ ਦਰੁ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ ॥
ਵਾਜੇ ਨਾਦ ਅਨੇਕ ਅਸੰਖਾ,
ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਜਿਉ ਕਹੀਅਨਿ,
ਕੇਤੇ ਗਾਵਣਹਾਰੇ ॥
SIKHBOOKCLUB.COM
ਗਾਵਹਿ ਤੁਹਨੋ ਪਉਣੁ,
ਪਾਣੀ, ਬੈਸੰਤਰੁ,
ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ
ਲਿਖਿ ਜਾਣਹਿ,
ਲਿਖਿ ਲਿਖਿ ਧਰਮ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ
ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇੰਦਾਸਣਿ ਬੈਠੇ,
ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ,
ਗਾਵਨਿ ਸਾਧ ਵਿਚਾਰੇ ॥
ਗਾਵਨਿ ਜਤੀ ਸਤੀ ਸੰਤੋਖੀ,
ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ,
ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ,
ਸੁਰਗਾ ਮਛ ਪਇਆਲੇ ॥

ਗਾਵਨਿ ਰਤਨ ਉਪਾਏ ਤੇਰੇ,
ਅਠਸਠਿ ਤੀਰਥ ਨਾਲੇ ॥
ਗਾਵਹਿ ਜੋਧ ਮਹਾਬਲ ਸੂਰਾ,
ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ,
ਕਰਿ ਕਰਿ ਰਖੇ ਧਾਰੇ ॥
ਸੇਈ ਤੁਧੁਨੋ ਗਾਵਹਿ,
ਜੋ ਤੁਧੁ ਭਾਵਨਿ,
ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ, ਸੇ ਮੈ ਚਿਤਿ ਨ ਆਵਨਿ,
ਨਾਨਕੁ ਕਿਆ ਵੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ,
ਸਾਚਾ ਸਾਚੀ ਨਾਈ ॥
ਹੈ ਭੀ ਹੋਸੀ, ਜਾਇ ਨ ਜਾਸੀ,
ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ,
ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ,
ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ,
ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ,
ਨਾਨਕ ਰਹਣੁ ਰਜਾਈ ॥ ੨੭ ॥

ਸੁਣਨ ਅਤੇ ਮੰਨਣ ਵਾਲਾ ਹੁਣ ਉਸ ਦਰ ਤੇ ਪੁੱਜ ਗਿਆ ਹੈ ਜਿੱਥੇ ਉਸ ਨੂੰ ਇਹ ਸੋਝੀ ਆ ਜਾਂਦੀ ਹੈ ਕਿ ਸਭ ਕੁਛ ਕਿਸੇ ਮਿੱਥੀ ਮਰਯਾਦਾ ਅਨੁਸਾਰ ਹੋ ਰਿਹਾ ਹੈ। ਪਰ ਉਸ ਪਾਤਸ਼ਾਹਾਂ ਦੇ ਪਾਤਸ਼ਾਹ ਬਾਰੇ ਜਾਨਣਾ ਮੁਸ਼ਕਲ ਹੈ, ਜੋ ਇਸ ਸਾਰੇ ਪ੍ਰਬੰਧ ਨੂੰ ਚਲਾ ਰਿਹਾ ਹੈ। ਉਸ ਸਰਵ-ਵਿਆਪੀ ਜੋਤ ਨੂੰ ਅੰਦਰ ਵਸਾਉਣਾ ਹੀ ਮਨੁੱਖ ਦਾ ਮੰਤਵ ਦਿੱਸ ਪੈਂਦਾ ਹੈ। ਜਦ ਐਸਾ ਹੋ ਜਾਂਦਾ ਹੈ ਤਾਂ ਉਹ ਇਕ ਅਸਚਰਜ ਦ੍ਰਿਸ਼ ਦੇਖਦਾ ਹੈ ਕਿ ਨਦਰ ਪ੍ਰਾਪਤੀ ਵਿਚ ਉਹ ਇਕੱਲਾ ਹੀ ਨਹੀਂ ਹੈ, ਸਗੋਂ ਕਈ ਹੋਰ ਵੀ ਹਨ।

ਜਦ ਉਹ ਐਸਾ ਦੇਖਦਾ ਹੈ ਤਾਂ ਉਸ ਦੀ ਹਉਮੈ, ਹੈਂਕੜ ਅਤੇ ਅਭਿਮਾਨ ਮੁੱਕ ਜਾਂਦਾ ਹੈ। ਉਹ ਆਪਣੇ ਆਪ ਨੂੰ ਇਕ ਵੱਡੇ ਟੱਬਰ ਦਾ ਹਿੱਸਾ ਗਿਣਨ ਲੱਗਦਾ ਹੈ।

ਪੰਜ ਥਾਵਾਂ ਤੇ ਇਸ ਨਦਰ ਦਾ ਪ੍ਰਗਟਾਵਾ ਦੇਖਿਆ ਜਾ ਸਕਦਾ ਹੈ:

**ਪਹਿਲੀ,** ਸਮਾਜ ਦੇ ਟਿੱਕਵੇਂ ਰਹਿਣ ਵਿਚ ਆਤਮਾ ਨੂੰ ਟਿਕਾਅ ਮਿਲਦਾ ਹੈ। ਹਵਾ,

SIKHBOOKCLUB.COM

**ਪਾਣੀ**, ਅਗਨੀ ਮਨੁੱਖ ਨੂੰ ਧਰਮ ਨਿਭਾਉਣ ਵਿਚ ਸਹਾਇਤਾ ਦੇ ਰਹੇ ਹਨ। ਚਿੱਤ ਅਤੇ ਗੁਪਤ ਵੀ ਉਸ ਸਮਾਜੀ ਢਾਂਚੇ ਨੂੰ ਹੀ ਕਾਇਮ ਰੱਖਣ ਦੇ ਵਸੀਲੇ ਹਨ।

**ਦੂਸਰੇ,** ਸਮਾਜ ਕੋਈ ਅਹਿਲ ਵਸਤੂ (ਜਮੂਦ) ਨਹੀਂ ਹੈ। ਇਸ ਦੇ ਵਿਚ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਸਮਾਜ ਬਣਦਾ, ਉੱਸਰਦਾ, ਢਹਿੰਦਾ ਤੇ ਫਿਰ ਜੰਮਦਾ ਰਹਿੰਦਾ ਹੈ। ਸੋ ਬ੍ਰਹਮਾ, ਸ਼ਿਵ ਤੇ ਇੰਦਰ ਵੀ ਉਸੇ ਆਤਮਕ ਸੱਚੇ ਦੇ ਅੰਗ ਹਨ। ਕੋਈ ਵੱਖਰੀ ਹਸਤੀ ਨਹੀਂ।

**ਤੀਜੇ,** ਸਮਾਜ ਦਾ ਟਿਕੇ ਰਹਿਣਾ ਭਾਵੇਂ ਆਤਮਿਕ ਬਲ ਦੇਂਦਾ ਹੈ ਪਰ ਨਾਲ-ਨਾਲ ਜੋ ਇਸ ਦੀ ਉਸਾਰੀ ਵਿਚ ਜੁੱਟੇ ਹਨ, ਉਹ ਇਤਿਹਾਸਕ ਕਰਮ ਨਿਭਾ ਰਹੇ ਹਨ। ਉਨ੍ਹਾਂ ਜੁਝਾਰਾਂ ਦੀਆਂ ਕਰਨੀਆਂ ਵਿਸਮਾਦ ਪੈਦਾ ਕਰਦੀਆਂ ਹਨ। ਇਹ ਉਹ ਪੁਰਸ਼ ਹਨ ਜਿਨ੍ਹਾਂ ਮੋਹ ਜਿੱਤ ਲਿਆ ਹੈ।

**ਚੌਥੇ,** ਮਨੁੱਖ ਤੋਂ ਪਰ੍ਹੇ ਕੁਦਰਤ ਹੈ ਅਤੇ ਕੁਦਰਤ ਵਿਚ ਵੱਸਿਆ ਦੇਖਣਾ, ਆਤਮਿਕ ਟਿਕਾਅ ਪੈਦਾ ਕਰਦਾ ਹੈ। ਉਦਾਹਰਣ ਵਜੋਂ ਜਦੋਂ ਕੋਈ ਸੂਰਜ ਨੂੰ ਸ਼ਾਂਤ ਸਾਗਰਾਂ ਵਿਚ ਡੁੱਬਦਾ ਦੇਖੇਗਾ ਤਾਂ ਉਸ ਵੇਲੇ ਵਿਸਮਾਦ ਵਿਚ ਚਲਾ ਜਾਏਗਾ ਅਤੇ ਉਸ ਵਾਹ-ਵਾਹ ਦਾ ਤਮਾਸ਼ਾ ਕਹਿ ਅਨੰਦ ਮਾਣੇਗਾ। ਇਹ ਸੋਝੀ ਮਿਲੀ ਕਿ ਉਸ ਰਚਨਹਾਰ ਰਾਹੀਂ ਆਪਣੀ ਆਤਮਾ ਨੂੰ ਵਿਸਮਾਦ ਵਿਚ ਲਿਆਂਦਾ ਜਾ ਸਕਦਾ ਹੈ। ਇਹ ਹੀ ਕਾਰਨ ਹੈ ਕਿ ਸਾਇੰਸਦਾਨ ਕੁਦਰਤ ਦੇ ਨੇੜੇ ਅਤੇ ਭਗਤ ਕਾਦਰ ਦੇ ਨੇੜੇ ਹਨ। ਵਿਗਿਆਨੀ ਸ੍ਰਿਸ਼ਟੀ ਪੜ੍ਹੇਗਾ ਤੇ ਗਿਆਨੀ ਸਿਰਜਣਹਾਰ ਨੂੰ।

**ਅੰਤ** ਵਿਚ ਸਰਵ-ਵਿਆਪੀ ਜੋਤ ਦਾ ਚਮਤਕਾਰ, ਨਦਰ ਪ੍ਰਾਪਤ ਕੀਤੀ ਆਤਮਾ ਸਮੁੱਚੇ ਬ੍ਰਹਿਮੰਡ ਵਿਚ ਦੇਖਦੀ ਹੈ। ਜਿਸ ਨੇ ਜ਼ਮੀਨ, ਆਸਮਾਨ, ਸਿਤਾਰੇ, ਸਿਆਰੇ ਤੇ ਨਛੱਤਰਾਂ ਨੂੰ ਸੂਤ ਵਿਚ ਬੱਧਾ ਹੋਇਆ ਹੈ।

ਜਿਸ ਨੇ ਇਹ ਪੰਜ ਅਵਸਥਾਵਾਂ ਦੇਖ ਲਈਆਂ ਉਹ ਕਦੇ 'ਸੋ ਦਰ' ਛੱਡ ਕੇ ਹੋਰ ਕਿਧਰੇ ਨਹੀਂ ਜਾਵੇਗਾ।

ਇਸ ਪਉੜੀ ਵਿਚ ਬਿਲਕੁਲ ਹੀ ਨਵੀਨ ਗੱਲ ਆਖੀ ਗਈ ਹੈ ਕਿ ਸਮਾਜਕ ਜੁਗਤੀ ਤੋਂ ਮਨੁੱਖ ਬ੍ਰਹਿਮੰਡ ਦੀ ਜੁਗਤ ਪਛਾਣਦਾ ਹੈ ਅਤੇ ਫਿਰ ਰਜ਼ਾ ਦੇ ਸਿਧਾਂਤ ਨੂੰ ਜਾਣ ਲੈਂਦਾ ਹੈ। ਇਹ ਗੱਲ ਉਚੇਚੇ ਤੌਰ ਤੇ ਦੇਖਣ ਵਾਲੀ ਹੈ ਕਿ ਇਥੇ ਜਪੁ ਜੀ ਸਾਹਿਬ ਵਿਚ 'ਸੋ ਪਾਤਿਸਾਹੁ ਸਾਹਾ ਪਾਤਿਸਾਹਿਬ ਹੈ' ਅਤੇ ਸੋਦਰ ਦੀ ਬਾਣੀ ਹੇਠ ਜੋ'ਤੁਕ ਲਿਖੀ ਹੈ, ਉਥੇ 'ਸੋ ਪਾਤਿਸਾਹੁ ਸਾਹਾ ਪਤਿਸਾਹਿਬ ਹੈ'। ਪਾਤਿਸਾਹ ਦੀ ਅਗਵਾਈ ਹੇਠ ਦਿਨ ਗੁਜ਼ਾਰਿਆ ਹੈ ਤੇ ਪਾਤਿਸਾਹਿਬ ਹੀ ਪਤਿ ਰੱਖਦਾ ਹੈ, ਸਾਡਾ ਰਾਖਾ ਹੈ। ਪਤਿ ਉਸੇ ਨੇ ਰੱਖਣੀ ਹੈ।

ਇਕ ਗੱਲ ਹੋਰ ਇਸ ਜਪੁ ਜੀ ਦੀ ਸੋਦਰ ਵਾਲੀ ਪਉੜੀ ਵਿਚ 'ਤੁਧ ਨੋ' ਤੇ 'ਤੁਧ' ਅਖੀਰ ਵਿਚ ਹੀ ਆਇਆ ਹੈ। ਪਰ ਜਿਹੜੀ 'ਸੋਦਰ ਰਹਿਰਾਸ' ਦੀ ਪਉੜੀ ਹੈ ਇਸ ਵਿਚ ਤੂੰ, ਤੁਧ ਨੋ, ਸੋ, ਤੇਰੇ, ਵਾਰ-ਵਾਰ ਆਇਆ ਹੈ। ਇਹ ਦਿਹਾੜੀ ਦੀ 'ਮੈਂ' ਮੈਂ-ਮੈਂ ਕੱਟਣ ਲਈ ਹੈ। ਕਿਰਤੀ, ਵਿਹਾਰੀ, ਵਾਪਾਰੀ, ਗ੍ਰਿਹਸਤੀ 'ਮੈਂ' ਤੋਂ ਬਚ ਨਹੀਂ ਸਕਦਾ। ਸੋ 'ਸੋ

ਦਰ' ਤੇ ਗੁਰੂ ਪਾਤਸ਼ਾਹ ਲੈ ਜਾ ਕੇ ਤੂੰ-ਤੂੰ ਦੀ ਧੁਨੀ ਲਗਾਉਂਦੇ ਹਨ ਤਾਕਿ ਮੈਂ ਕੱਟੀ ਜਾਏ। ਜਿਵੇਂ ਸੋ ਪੁਰਖ ਦੀ ਪਉੜੀ ਵਿਚ ਹਰ ਤੁਕ ਵਿਚ ਕਈ ਵਾਰੀ ਜੀ, ਜੀ ਆਇਆ ਹੈ ਤਾਕਿ ਖਿੱਝ ਮੁੱਕੇ। ਜੀਭਾ ਰਸਦਾਇਕ ਹੋਵੇ।

ਉਹ ਕਿਹੋ ਜਿਹਾ ਦਰਵਾਜ਼ਾ ਹੋਵੇਗਾ, ਉਹ ਘਰ ਕੈਸਾ ਹੋਵੇਗਾ ਜਿੱਥੇ ਬੈਠ ਪ੍ਰਭੂ ਸਾਰੀ ਸ੍ਰਿਸ਼ਟੀ ਦੀ ਸੰਭਾਲ ਕਰ ਰਿਹਾ ਹੈ।

ਪਹਿਲਾਂ ਤਾਂ ਉਥੇ ਅਨੇਕਾਂ ਸਾਜ਼ਿੰਦੇ ਸਾਜ਼ ਵਜਾ ਤਰ੍ਹਾਂ-ਤਰ੍ਹਾਂ ਦੇ ਨਗ਼ਮੇ ਗਾ ਰਹੇ ਹਨ।
ਕਿਤਨੇ ਹੀ ਗਾਉਣ ਵਾਲੇ ਰਾਗ ਗਾ, ਉਸ ਦੇ ਹਰ ਪੱਖ ਨੂੰ ਉਜਾਗਰ ਕਰ ਰਹੇ ਹਨ।
ਇਸੇ ਤਰ੍ਹਾਂ ਹਵਾ, ਜਲ, ਅਗਨੀ ਤੇਰੇ ਹੁਕਮ ਵਿਚ ਟੁਰ ਤੇਰੀ ਬੰਦਗੀ ਕਰ ਰਹੇ ਹਨ।

ਧਰਮ ਰਾਜਾ ਸਾਰੇ ਜੀਵਾਂ ਦਾ ਲੇਖਾ ਸੁਣ ਕੇ ਸਹੀ ਇਨਸਾਫ਼ ਕਰ ਕੇ, ਤੇਰੇ ਗੁਣ ਗਾ ਰਿਹਾ ਹੈ। ਚਿਤ੍ਰ-ਗੁਪਤ ਜੀਵਾਂ ਦੇ ਕਰਮਾਂ ਦਾ ਸਹੀ ਲੇਖਾ ਲਿਖ, ਤੇਰੇ ਹੀ ਗੁਣ ਗਾ ਰਿਹਾ ਹੈ। ਧਰਮ ਰਾਜਾ ਚਿਤ੍ਰ-ਗੁਪਤ ਦੇ ਲਿਖੇ ਲੇਖੇ ਮੁਤਾਬਿਕ ਫ਼ੈਸਲੇ ਸੁਣਾ ਰਿਹਾ ਹੈ।

ਸ਼ਿਵ ਢਾਹ ਕੇ, ਬ੍ਰਹਮਾ ਉਸਾਰ ਕੇ ਅਤੇ ਦੇਵੀਆਂ ਆਪਣੇ ਪਤੀਆਂ ਬ੍ਰਹਮਾ, ਵਿਸ਼ਨੂੰ ਵਿਚ ਤਰਸ-ਭਾਵ ਭਰ ਕੇ ਤੇਰੇ ਹੀ ਗੀਤ ਗਾ ਰਹੇ ਹਨ।

ਇੰਦਰ ਤਖ਼ਤ ਤੇ ਬੈਠਾ ਦੇਵਤਿਆਂ ਗਿਰਦ ਘਿਰਿਆ ਮੀਂਹ ਪਾ ਤੇਰੇ ਹੀ ਗੁਣ ਗਾ ਰਿਹਾ ਹੈ।

ਸਿਧ ਲੋਕ ਸਮਾਧੀ ਸਥਿਤ ਹੋ, ਤੇਰੇ ਹੀ ਗੁਣ ਗਾ ਰਹੇ ਹਨ ਅਤੇ ਸਾਧ ਲੋਕ ਸੰਗਤਿ ਵਿਚ ਬੈਠ ਤੇਰੇ ਗੁਣਾਂ ਦੀ ਵਿਚਾਰ ਕਰ ਕੇ ਤੇਰੇ ਹੀ ਗੁਣ ਗਾ ਰਹੇ ਹਨ।

ਜਤੀ ਆਪਣੇ ਤੇ ਕਾਬੂ ਪਾ ਕੇ, ਸਤੀ ਦਾਨ ਕਰ ਕੇ, ਸੰਤੋਖੀ ਸੰਜਮ ਦਾ ਜੀਵਨ ਕੱਟ ਕੇ ਅਤੇ ਵੱਡੇ ਸੂਰਮੇ ਮੈਦਾਨਿ-ਜੰਗ ਵਿਚ ਪਿੱਠ ਨਾ ਦਿਖਾ ਕੇ ਤੇਰੇ ਹੀ ਗੁਣ ਗਾ ਰਹੇ ਹਨ।

ਪੰਡਿਤ ਪੜ੍ਹ ਨੂੰ ਸੁਣਾ ਕੇ ਅਤੇ ਰਿਖੀ ਲੋਕ ਇੰਦ੍ਰੀਆਂ ਨੂੰ ਵੱਸ ਕਰ ਕੇ ਤੇ ਧਾਰਮਕ ਗ੍ਰੰਥ ਵੇਦ ਹਰ ਸਮੇਂ, ਹਰ ਜੁਗ ਵਿਚ, ਵਕਤ ਅਨੁਸਾਰ ਵਿਚਾਰ ਰੱਖ ਕੇ ਤੇਰੇ ਹੀ ਗੁਣ ਗਾ ਰਹੇ ਹਨ।

ਦਿਲ ਨੂੰ ਖਿੱਚ ਪਾਉਣ ਵਾਲੀਆਂ ਸਵਰਗੀ ਪਰੀਆਂ, ਸਵਰਗ, ਧਰਤ ਤੇ ਪਾਤਾਲ ਵਿਚ ਲੋਕਾਂ ਦੇ ਦਿਲ ਮੋਹ ਕੇ ਤੇਰੇ ਹੀ ਗੁਣ ਗਾ ਰਹੇ ਹਨ।

ਸਮੁੰਦਰ ਵਿਚੋਂ ਕੱਢੇ ਚੌਦਾਂ ਰਤਨ ਤੇਰੇ ਹੀ ਗੁਣ ਗਾ ਰਹੇ ਹਨ।

ਅਠਾਹਠ ਤੀਰਥ ਤੇਰੀ ਹੀ ਉਪਮਾ ਦਰਸਾ ਰਹੇ ਹਨ। ਸਭ ਜੋਧੇ, ਵੱਡੇ ਬਹਾਦਰ, ਸੂਰਮੇ ਰਣ ਤੱਤੇ ਵਿਚ ਜੂਝ ਤੇਰੇ ਹੀ ਗੁਣ ਗਾ ਰਹੇ ਹਨ।

ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭਜ—ਪੈਦਾ, ਉਪਜਿਆ, ਉੱਗਿਆ ਤੇ ਆਇਆ) ਤੇਰੇ ਹੀ ਗੁਣ ਗਾ ਰਹੀਆਂ ਹਨ।

ਸਭ ਇਲਾਕੇ, ਬੱਰੇ-ਆਜ਼ਮ ਤੇ ਸਾਰੀ ਸਿਰਜਨਾ ਤੇਰੇ ਹੀ ਗੁਣ ਗਾ ਰਹੀ ਹੈ ਕਿਉਂਕਿ ਤੇਰੀ ਕਲਾ ਕਰ ਕੇ ਹੀ ਸਾਰੇ ਟਿਕੇ ਹਨ।

ਤੈਨੂੰ ਉਹ ਹੀ ਗਾ ਸਕਦੇ ਹਨ ਜੋ ਤੇਰੀ ਖ਼ੁਸ਼ੀ ਲੈਣ ਜੋਗੇ ਹੋਏ ਹਨ ਅਤੇ ਅਜਿਹੇ ਪਿਆਰ ਦੇ ਰਸ ਵਿਚ ਰੰਗੀਜ ਕੇ ਤੈਨੂੰ ਗਾਂਦੇ ਹਨ।

ਕਿਤਨੇ ਹੀ ਹੋਰ ਗਾ ਰਹੇ ਹਨ ਜੋ ਮੇਰੇ ਚੇਤੇ ਤੋਂ ਬਾਹਰ ਹਨ। ਨਿਮਰ ਭਾਵ ਵਿਚ ਆ ਕੇ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਮੈਂ ਉਨ੍ਹਾਂ ਬਾਰੇ ਕੀ ਆਖ ਸਕਦਾ ਹਾਂ।

ਉਹ ਹੀ ਹੈ ਕਾਇਮ-ਦਾਇਮ ਸੱਚਾ ਪਾਤਸ਼ਾਹ ਅਤੇ ਉਸ ਦੀ ਵਡਿਆਈ ਸਦਾ ਕਾਇਮ ਹੈ।

ਸਾਰਾ ਬ੍ਰਹਿਮੰਡ ਜਿਸ ਰਚਿਆ ਹੈ, ਉਹ ਸਦਾ ਹੈ, ਸਦਾ ਰਹੇਗਾ। ਕਦੇ ਨਹੀਂ ਹੋਵੇਗਾ ਕਿ ਉਹ ਨਾ ਹੋਵੇ।

ਤਰ੍ਹਾਂ-ਤਰ੍ਹਾਂ, ਭਾਂਤ-ਭਾਂਤ ਦੀ ਉਸ ਰੰਗ-ਬਰੰਗੀ ਕੁਦਰਤ, ਕਾਨੂੰਨ ਤੇ ਕਾਇਨਾਤ ਬਣਾਈ ਹੈ। ਜਿਵੇਂ ਉਸ ਵੱਡੇ ਨੂੰ ਭਾਂਦਾ ਹੈ, ਤਿਵੇਂ ਵਡਿਆਈ ਦਾ ਚਮਤਕਾਰ ਦੱਸਣ ਲਈ ਰਚਨਾ ਰਚ ਲੈਂਦਾ ਹੈ। ਰਚਨ ਦਾ ਉਸ ਦਾ ਮੰਤਵ ਕੀ ਹੈ, ਉਹ ਹੀ ਜਾਣਦਾ ਹੈ। ਜਿਵੇਂ ਉਸ ਦੀ ਇੱਛਾ ਹੁੰਦੀ ਹੈ, ਤਿਵੇਂ ਹੀ ਉਹ ਕਰਦਾ ਹੈ। ਕੋਈ ਉਸ ਦੀ ਮਰਜ਼ੀ ਵਿਚ ਦਖ਼ਲ ਨਹੀਂ ਦੇ ਸਕਦਾ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ। ਸਾਨੂੰ ਤਾਂ ਕੇਵਲ ਇਹ ਹੀ ਬਣ ਆਉਂਦਾ ਹੈ ਕਿ ਉਸ ਦੀ ਰਜ਼ਾ ਵਿਚ ਰਹੀਏ।

ਸੋ ਦਰ ਦੇ ਪਸਾਰੇ ਵਿਚ ਹੀ ਸਾਰੇ ਨਾਦ, ਰਾਗ, ਪਾਣੀ, ਬੈਸੰਤਰ, ਧਰਮ ਰਾਜ, ਚਿਤ-ਗੁਪਤ, ਈਸ਼ਵਰ, ਬ੍ਰਹਮਾ, ਦੇਵੀ, ਦੇਵਤੇ, ਇੰਦਰ, ਸਿਧ ਸਾਧ, ਜਤੀ ਸਤੀ, ਸੰਤੋਖੀ, ਵੀਰ, ਸੂਰਮੇ, ਪੰਡਿਤ, ਰਖੀਸਰ, ਮੋਹਣੀਆਂ, ਤੀਰਥਾਂ, ਮਹਾਂਬਲੀ, ਚਾਰੇ ਖਾਣੀਆਂ, ਵਰਭੰਡ, ਆ ਜਾਂਦੇ ਹਨ।

ਇਥੇ ਸੋ ਦਰ ਦੇ ਮਾਲਕ ਦੇ ਰੂਪ ਦਾ ਵੀ ਕੁਝ ਪਤਾ ਲੱਗ ਗਿਆ। ਇਕ ਤਾਂ ਇਹ ਕਿ ਕੁਦਰਤ ਦੀਆਂ ਸਾਰੀਆਂ ਸ਼ਕਤੀਆਂ ਤੇ ਜੀਵ ਪ੍ਰਭੂ ਦੇ ਦਰ ਦੁਆਲੇ ਹੀ ਘੁੰਮਦੇ ਹਨ। ਉਨ੍ਹਾਂ ਸਾਰਿਆਂ ਦਾ ਲਗਾਤਾਰ ਗਾਈ ਤੁਰੀ ਜਾਣਾ ਹੀ ਦੱਸਦਾ ਹੈ ਕਿ ਪ੍ਰਭੂ ਹੀ ਸਭ ਕੁਝ ਹੈ।

ਸੋ ਦਰ ਜਾ ਕੇ ਇਹ ਵੀ ਅਨੁਭਵ ਹੋਇਆ ਕਿ ਜਿਸ ਜੀਵ ਨੂੰ ਜੋ 'ਧਰਮੁ' ਮਿਲਿਆ ਹੈ, ਉਸ ਨੂੰ ਸਿਰ ਪਈ ਵਾਂਗ ਵਜਾਉਣਾ ਨਹੀਂ, ਬਲਕਿ ਖੁਸ਼ੀ-ਖੁਸ਼ੀ ਗਾਉਣਾ ਹੈ। ਸੁਰ, ਤਾਲ, ਲੈ ਜਿਵੇਂ ਗਾਣੇ ਵਿਚ ਟੁੱਟ ਜਾਏ ਤਾਂ ਗਾਣਾ ਬੇ-ਸੁਰਾ ਹੋ ਜਾਂਦਾ ਹੈ, ਇਵੇਂ ਜੇ 'ਬਧਾ ਚੱਟੀ' ਸੌਂਪਿਆ ਕੰਮ ਕੀਤਾ ਜਾਏ ਤਾਂ ਜੀਵਨ ਦਾ ਮਜ਼ਾ ਨਹੀਂ ਆਏਗਾ। ਰਤਾ ਕੁ ਵੇਖੋ! ਪਉਣ, ਪਾਣੀ ਅਗਨੀ ਤੇ ਰਾਜੇ 'ਧਰਮ' ਕਮਾ ਰਹੇ ਹਨ। ਕਦੇ ਨਹੀਂ ਥੱਕਦੇ ਅੱਕਦੇ। ਜਤੀ, ਸਤੀ, ਸੰਤੋਖੀ ਤੇ ਬੀਰ, ਨਿਰੀਆਂ ਗੱਲਾਂ ਨਾਲ ਨਹੀਂ, ਅਮਲੀ ਤੌਰ ਤੇ ਕਰੜੇ ਤੋਂ ਕਰੜਾ (ਕਰਾਰੇ) ਕਾਰਜ ਕਰਨ ਤੋਂ ਵੀ ਸੰਕੋਚ ਨਹੀਂ ਕਰਦੇ। ਸਿਧ ਸਮਾਧੀ ਲਗਾ ਕੇ ਅਤੇ ਸਾਧ ਲੋਕ ਗਹੁਜ ਗੱਲਾਂ ਨੂੰ ਵਿਚਾਰ ਰਾਹੀਂ ਸਹਿਲ ਕਰ ਕੇ ਗਾ ਰਹੇ ਹਨ। ਬ੍ਰਹਮਾ; ਮਹੇਸ਼, ਇੰਦਰ ਰੱਜ ਉਸ ਦੀ ਸਾਜੀ ਧਰਤੀ ਨੂੰ ਹੋਰ ਸੋਹਣਾ ਬਣਾ ਕੇ (ਸਵਾਂਰੇ), ਗਾ ਰਹੇ ਹਨ। ਮਨੁੱਖ ਦਾ ਫ਼ਰਜ਼ ਵੀ ਹੈ ਕਿ ਉਸ ਦੀ ਰਜ਼ਾ ਨੂੰ ਮਿੱਠਾ ਮੰਨ ਕੇ ਜੀਵਨ ਗੁਜ਼ਾਰੇ। ਉਸ ਦਾ ਗਾਉਣਾ ਇਹ ਹੈ।

ਇਹ ਵੀ ਸੋਝੀ ਹੋ ਜਾਂਦੀ ਹੈ ਕਿ ਵਾਹਿਗੁਰੂ ਵਰਗਾ ਹੋਰ ਕੋਈ ਨਹੀਂ ਹੈ। 'ਸੋਈ

**ਸੋਈ ਸਦਾ**', ਅਤੇ ਸਦਾ ਕਾਇਮ-ਦਾਇਮ ਹੈ । 'ਸਚੁ ਸਾਹਿਬੁ ।' ਸਦਾ ਕਾਇਮ ਵੀ ਉਸੇ ਨੇ ਰਹਿਣਾ ਹੈ :

**'ਹੈ ਭੀ, ਹੋਸੀ, ਜਾਇ ਨ ਜਾਸੀ ।'**

ਪਸਾਰਾ ਵੀ ਉਸ ਨੇ ਹੀ ਰਚਿਆ ਹੈ 'ਰਚਨਾ ਜਿਨਿ ਰਚਾਈ ।' ਪ੍ਰਬੰਧ ਵੀ ਆਪੂੰ ਹੀ ਕਰਦਾ ਹੈ । ਕਿਸੇ ਬ੍ਰਹਮਾ, ਸ਼ਿਵ ਜਾਂ ਵਿਸ਼ਨੂੰ ਕੋਲੋਂ ਨਹੀਂ ਕਰਾਉਂਦਾ :

**'ਕਰ ਕਰ ਵੇਖੈ ਕੀਤਾ ਆਪਣਾ ।'**

ਉਸ ਦੇ ਭਾਣੇ ਵਿਚ ਕਿਸੇ ਨੂੰ ਦਖ਼ਲ ਨਹੀਂ ਹੈ । **'ਜੋ ਤਿਸ ਭਾਵੈ ਸੋਈ ਕਰਸੀ ।'** **ਅਤੇ ਕੋਈ** ਉਸ ਤੇ ਹੁਕਮ ਚਲਾਣਾ ਤਾਂ ਇਕ ਪਾਸੇ ਸਲਾਹ ਵੀ ਨਹੀਂ ਦੇ ਸਕਦਾ :

**'ਹੁਕਮ ਨ ਕਰਣਾ ਜਾਈ ।'**

ਸੋ, ਸੋ ਦਰ ਵਿਚ ਜੀਊਣ ਜੀਵਣ ਜਾਂ ਟਿਕੇ ਰਹਿਣ ਦਾ ਥਹੁ ਪਤਾ ਮਿਲਿਆ 'ਰਹਿਣ ਰਜਾਈ' ਅਤੇ ਪੁੱਜਣ ਦਾ ਰਾਹ ਪਤਾ ਲਗਾ : ਗਾਉਣਾ । ਉਸ ਦੇ ਦਰਵਾਜ਼ੇ ਪੁੱਜਣਾ ਹੋਵੇ ਤਾਂ 'ਗਾਓ' ਤੇ ਉਸ ਦੇ ਘਰ ਵਿਚ ਸਮਾਉਣਾ ਹੋਵੇ ਤਾਂ ਗਾਏ, ਸੁਣੇ ਨੂੰ ਅੰਦਰ ਟਿਕਾ ਕੇ ਭਾਣੇ ਵਿਚ ਵਿਚਰੋ ।

**ਸ਼ਬਦ-ਭਾਵ :**

**ਸੋ ਦਰੁ** : ਓਹ ਦਰਵਾਜ਼ਾ ।
**ਸਮਾਲੇ** : ਸੰਭਾਲ ਕਰਦਾ ਹੈ ।
**ਵਾਜੇ** : ਸਾਜ਼ ।
**ਨਾਦ** : ਨਗ਼ਮਾ (Musical Notes).
**ਵਾਵਣਹਾਰੇ** : ਸਾਜ਼ ਵਜਾਉਣ ਵਾਲੇ ।
**ਪਰੀ** : ਰਾਗ ਦੇ ਅੰਗ (Symphonies).
**ਬੈਸੰਤਰੁ** : ਅਗਨੀ ।
**ਰਾਜਾ** : ਧਰਮ ਰਾਜਾ ।
**ਧਰਮੁ ਦੁਆਰੇ** : ਠੀਕ ਨਿਆਂ ਕਰ ਕੇ ।
**ਚਿਤੁ ਗੁਪਤੁ** : ਧਰਮ ਰਾਜ ਦੇ ਦੋ ਮੁਨਸ਼ੀ ਜੋ ਜੀਵਾਂ ਦਾ ਲੇਖਾ ਰੱਖਦੇ ਹਨ ।
**ਧਰਮੁ ਵੀਚਾਰੇ** : ਧਰਮ ਰਾਜਾ ਚਿਤਰ-ਗੁਪਤ ਦਾ ਲਿਖਿਆ ਵਾਚਦਾ ਹੈ ।
**ਸੋਹਨਿ ਸਦਾ ਸਵਾਰੇ** : ਤੇਰੀ ਰਹਿਮਤ ਸਦਕਾ ਸਦਾ ਚਮਕਦੇ ਹਨ ।
**ਸਿਧ ਸਮਾਧੀ ਅੰਦਰਿ** : ਸਿਧ ਸਮਾਧੀ ਸਥਿਤ ਹੋ ਕੇ ।
**ਸਾਧ ਵਿਚਾਰੇ** : ਭਗਤ ਲੋਕ ਸ਼ਬਦ ਦੀ ਵਿਚਾਰ ਵਿਚ ਲੱਗ ਕੇ । (ਕਿਵੇਂ ਮੁੱਢ-ਮੂਲ ਸਮਝਾ ਰਹੇ ਹਨ ਕਿ ਸਾਧ ਸੰਗਤਿ ਉਹ ਹੀ ਹੈ, ਜਿੱਥੇ ਸ਼ਬਦ ਦੀ ਵਿਚਾਰ ਹੁੰਦੀ ਹੈ ।

**ਜਤੀ** : ਜਿਨ੍ਹਾਂ ਇੰਦ੍ਰੀਆਂ ਨੂੰ ਵੱਸ ਕੀਤਾ ਹੈ (Men of Continence).
**ਸਤੀ** : ਸਖੀ।
**ਸੰਤੋਖੀ** : ਟਿਕੇ ਹੋਏ, ਸਬਰ ਵਾਲੇ (Men of Poise).
**ਵੀਰ ਕਰਾਰੇ** : ਖ਼ੂਬ ਲੜਾਕੂ (Unfenching Heroes).
**ਪੰਡਿਤ ਪੜਨਿ** : ਵਿਦਵਾਨ ਲੋਕ (Men of Learning).
**ਰਖੀਸਰ** : ਰਿਸ਼ੀਆਂ ਦੇ ਰਿਸ਼ੀ, ਅੰਦਰ ਝਾਕਣ ਵਾਲੇ (Seers).
**ਜੁਗੁ ਜੁਗੁ ਵੇਦਾਂ**
**ਨਾਲੇ** : ਹਰ ਜੁਗ ਵਿਚ ਨਵੇਂ ਧਾਰਮਿਕ ਗ੍ਰੰਥ ਰਚ ਕੇ।
**ਮੋਹਣੀਆ ਮਨੁ**
**ਮੋਹਨਿ** : ਉਹ ਪਰੀ ਰੂਪ ਇਸਤ੍ਰੀਆਂ ਜਿਨ੍ਹਾਂ ਦੀ ਅਥਾਹ ਖ਼ੂਬਸੂਰਤੀ ਖਿੱਚ ਪਾਉਂਦੀ ਹੈ।
**ਮਛ** : ਧਰਤੀ।
**ਪਇਆਲੇ** : ਪਾਤਾਲ।
**ਰਤਨ** : ਉਹ ਚੌਦਾਂ ਰਤਨ ਜੋ ਸਾਗਰ ਵਿਚੋਂ ਮੱਥ ਕੱਢੇ ਸਨ। ਅੰਮ੍ਰਿਤ, ਚੰਦ੍ਰਮਾ, ਕਾਮਧੇਣ ਆਦਿ।
**ਖਾਣੀ ਚਾਰੇ** : ਸਾਰਾ ਜਗਤ, ਜੰਮਿਆ, ਉਪਜਿਆ, ਆਇਆ ਤੇ ਉੱਗਿਆ।
ਅੰਡਜ (ਆਂਡਿਆਂ ਤੋਂ)
ਜੇਰਜ (ਜੇਰ Sperm ਤੋਂ)
ਸੇਤਜ (ਆਪਣੇ ਆਪ ਵਾਤਾਵਰਨ ਤੋਂ—Atmospherics).
ਉਤਭੁਜ (ਬੀਜ ਤੋਂ—Seeds).
**ਖੰਡ** : ਖੇਤ੍ਰ (Regions).
**ਮੰਡਲ** : ਬੱਰੇ-ਆਜ਼ਮ (Continents).
**ਵਰਭੰਡਾ** : ਸਾਰੀ ਸ੍ਰਿਸ਼ਟੀ।
**ਭਗਤ ਰਸਾਲੇ** : ਭਗਤ ਲੋਕ ਚਾਅ ਵਿਚ ਰੰਗੀਜ ਕੇ।
**ਕਿਆ ਵੀਚਾਰੇ** : ਕਿੱਥੋਂ ਤਕ ਚੇਤਾ ਕਰਾਂ।
**ਹੈ ਭੀ** : ਹਰ ਵੇਲੇ ਹੈ।
**ਹੋਸੀ** : ਹਰ ਵੇਲੇ ਹੋਵੇਗਾ।
**ਜਾਇ ਨ ਜਾਸੀ** : ਇਹ ਨਹੀਂ ਹੋ ਸਕਦਾ, ਕਦੇ ਨ ਹੋਵੇ (Never shall be not be).
**ਭਾਤੀ** : ਭਾਂਤ-ਭਾਂਤ ਦੇ, ਤਰ੍ਹਾਂ-ਤਰ੍ਹਾਂ ਦੇ।
**ਜਿਨਸੀ** : ਪੈਦਾਇਸ਼ (Species).
**ਜਿਵ ਤਿਸ ਦੀ**
**ਵਡਿਆਈ** : ਜਿਵੇਂ ਉਸ ਵੱਡੇ ਦੀ ਖ਼ਾਹਿਸ਼ ਹੁੰਦੀ ਹੈ।

**ਹੁਕਮ ਨ ਕਰਣਾ**

**ਜਾਈ** : ਕੋਈ ਉਸ ਨੂੰ ਕੁਝ ਆਖ ਨਹੀਂ ਸਕਦਾ ।

**ਰਹਣੁ ਰਜਾਈ** : ਰਜ਼ਾ ਵਿਚ ਰਹਿਣਾ ਹੀ ਫੱਬਦਾ ਹੈ ।

੨੮ (੬)

**ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ ॥**
**ਖਿੰਥਾ ਕਾਲੁ, ਕੁਆਰੀ ਕਾਇਆ, ਜੁਗਤਿ ਡੰਡਾ ਪਰਤੀਤਿ ॥**
**ਆਈ ਪੰਥੀ ਸਗਲ ਜਮਾਤੀ, ਮਨਿ ਜੀਤੈ ਜਗੁ ਜੀਤੁ ॥**
**ਆਦੇਸੁ ਤਿਸੈ ਆਦੇਸੁ ॥**
**ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥ ੨੮ ॥**

ਨਦਰ ਰਹਿਤ, ਰਜ਼ਾ ਵਿਚ ਨਾ ਰਹਿਣ ਵਾਲੇ ਮਨੁੱਖ ਦਾ ਅਤੇ ਉਸ ਪੁਰਸ਼ ਦਾ ਅੰਤਰ ਅਵੱਸ਼ ਹੈ, ਜਿਸ ਨੇ ਨਦਰ ਪ੍ਰਾਪਤ ਕੀਤੀ ਹੈ, ਜੋ ਰਜ਼ਾ ਵਿਚ ਟਿੱਕ ਗਿਆ ਹੈ ਅਤੇ ਜਿਸ ਨੇ ਧਰਮ ਦੇ ਸਾਰੇ ਤੱਤਾਂ ਨੂੰ ਪਹਿਚਾਣ ਹਿਰਦੇ ਵਿਚ ਟਿਕਾਅ ਲਿਆ ਹੈ ।

ਦੋਵਾਂ ਦਾ ਫ਼ਰਕ, ਦੋਵਾਂ ਦੇ ਵਤੀਰੇ ਤੋਂ ਹੀ ਪਤਾ ਲੱਗੇਗਾ । ਜਦ ਨਦਰ ਪ੍ਰਾਪਤ ਹੋ ਜਾਂਦੀ ਹੈ ਤਾਂ ਉਸ ਦਾ ਸੰਪੂਰਨ ਅੰਦਰਲਾ-ਬਾਹਰਲਾ ਢਾਂਚਾ ਹੀ ਬਦਲ ਜਾਂਦਾ ਹੈ । ਉਸ ਦੇ ਸੁਭਾਅ, ਕਰਮ, ਮਨ, ਸੁਚੇਤ ਅਤੇ ਅਚੇਤ ਤਕ ਬਦਲ ਜਾਂਦੇ ਹਨ । ਜੇ ਐਸਾ ਨਹੀਂ ਹੋਇਆ ਤਾਂ ਉਹ ਪੁਰਸ਼ ਸੋ ਦਰ ਨਹੀਂ ਗਿਆ, ਪ੍ਰਭੂ ਦੇ ਘਰ ਨਹੀਂ ਪੁੱਜਾ । ਜੀਵਨ ਮੁਕਤਿ ਐਸੇ ਬਦਲੇ ਹੋਏ ਪੁਰਖ ਨੂੰ ਹੀ ਕਹਿੰਦੇ ਹਨ ਜਿਸ ਨੇ ਉਸ ਜਗਤ ਟੋਰਨ ਵਾਲੇ ਦਾ ਨਜ਼ਾਰਾ ਕਰ ਲਿਆ ਹੈ । ਜੀਵਨ ਮੁਕਤੀ ਵਾਲੇ ਜੀਵ ਦਾ ਅੰਦਰਲਾ ਕਦੀ ਢਹਿੰਦੀਆਂ ਕਲਾਂ ਵਿਚ ਨਹੀਂ ਹੁੰਦਾ । ਉਸ ਦੀ ਸੁੰਦਰ ਵਿਸਮਾਦੀ ਰਚਨਾ ਦੇਖ ਚਾਉ ਉੱਠਦਾ ਹੈ ਤੇ ਇਕ ਉੱਚੀ, ਠੰਢੀ, ਟਿਕਾਉ ਤੇ ਆਨੰਦ ਜਿਹੀ ਹਾਲਤ ਵਿਚ ਜੀਵਨ ਬਤੀਤ ਕਰਦਾ ਹੈ । ਰਜ਼ਾ ਪ੍ਰਾਪਤੀ ਵਾਲੇ ਦਾ ਵਤੀਰਾ ਇਥੇ ਦਰਸਾਂਦੇ ਹਨ ।

ਜਿਨ੍ਹਾਂ ਅੰਦਰ ਆਤਮੇ ਉਸ ਦਾ ਦੀਦਾਰ ਕਰ ਲਿਆ ਹੈ, ਜੋਗੀਆਂ ਦੀਆਂ ਮੁੰਦਰਾਂ ਵਾਂਙ ਉਸ ਦੀ ਨਿਸ਼ਾਨੀ ਸੰਤੋਖ ਹੈ । ਆਪੇ ਨੂੰ ਸੰਕੋਚ ਰੱਖਣਾ, ਖੱਪਰ ਹੈ । ਧਿਆਨ ਵਿਚ ਟਿਕ, ਖ਼ਾਹਿਸ਼ਾਂ ਨੂੰ ਮਾਰ ਕੇ ਸਾੜ ਸੁਆਹ ਕਰ ਲੈਣਾ ਹੀ, ਬਿਭੂਤੀ ਮਲਣ ਤੁਲ ਹੈ । ਇਹ ਯਕੀਨ ਕਰ ਲੈਣਾ ਕਿ ਗੋਦੜੀ ਵਾਂਗ ਹੀ, ਇਹ ਸਰੀਰ ਮਿਲਿਆ ਹੈ, ਜਿਸ ਰਾਹੀਂ ਕਾਲ ਨੂੰ ਜਿੱਤਿਆ ਜਾ ਸਕਦਾ ਹੈ ਅਤੇ ਜੁੱਗਤ, ਮਾੜੇ-ਚੰਗੇ ਵੀਚਾਰ ਦੀ ਸੋਝੀ ਪੱਕੀ ਤਰ੍ਹਾਂ ਹਿਰਦੇ ਵਿਚ ਹੋਣੀ, ਡੰਡਾ ਰੱਖਣ ਤੁਲ ਹੈ ।

ਚੰਗੇ, ਨਦਰ ਪ੍ਰਾਪਤ ਕੀਤੇ ਪੁਰਸ਼, ਸਭ ਫ਼ਿਰਕਿਆਂ ਨੂੰ ਇਕੋ ਜਿਹਾ ਉੱਚਾ ਆਦਰ ਦਿੰਦੇ ਹਨ ਅਤੇ ਮਨ ਤੇ ਕਾਬੂ ਰੱਖਣ ਨੂੰ ਹੀ ਸਾਰੇ ਜਗਤ ਦਾ ਜਿਤਣਾ ਕਹਿੰਦੇ ਹਨ । ਨਦਰ ਪ੍ਰਾਪਤੀ ਵਾਲੇ ਜੀਊੜੇ ਸਿਰਫ਼ ਉਸ ਨੂੰ ਪ੍ਰਣਾਮ ਕਰਦੇ ਹਨ, ਜੋ ਸਭ ਦਾ ਮੂਲ ਹੈ, ਸ਼ੁੱਧ ਸਰੂਪ, ਅਨੀਲ (ਅਕਾਲ ਰਹਿਤ) ਹੈ । ਜਿਸ ਦਾ ਕੋਈ ਮੁੱਢ ਨਹੀਂ (ਅਨਾਦਿ) ਹੈ, ਹਰ ਵੇਲੇ ਅੰਦਰਲੇ ਨਾਲ ਚੁੱਪ-ਚੁਪੀਤੇ ਉਸ ਦਾ ਸੰਪਰਕ ਹੈ, (ਅਨਾਹਿਤ, ਸਾਇਲੇਂਟ ਕਮਿਊਨੀਕੇਟਰ) ਹਿਰਦੇ ਵਿਚ ਬੈਠ ਸਮਝਾਉਂਦਾ ਰਹਿੰਦਾ ਹੈ ਅਤੇ ਸਦਾ ਇਕੋ ਜਿਹਾ ਰਹਿੰਦਾ ਹੈ ।

ਕੰਨਾਂ ਦੀਆਂ ਮੁੰਦਰਾਂ ਨੂੰ ਸੰਤੋਖ ਬਣਾ, ਖ਼ਾਹਿਸ਼ਾਂ ਨੂੰ ਛੇਦਣਾ ਹੀ ਪੈਂਦਾ ਹੈ, ਤਾਂ ਹੀ ਸੰਤੋਖ ਉਪੱਜਦਾ ਹੈ।

ਹਯਾ ਦਾ ਖੱਪਰ ਤੇ ਕਿਰਤ ਕਰ-ਕਰ ਜੋ ਝੋਲੀ ਪਵੇ, ਉਸ ਨੂੰ ਦਾਤ ਸਮਝ।

ਸਰੀਰ ਤੇ ਲੱਕੜਾਂ ਸਾੜ ਸੁਆਹ ਮਲ ਕੇ ਇਹ ਪ੍ਰਗਟਾਉਣਾ ਕਿ ਦੁਨੀਆਂ ਨਾਲੋਂ ਬੰਧਨ ਤੋੜੇ ਹਨ ਦੀ ਥਾਂ, ਉਸ ਦਾ ਚੇਤਾ ਨਾ ਵਿਸਰਨ ਦੀ ਧੂੜੀ ਮਲ।

ਤੇਰੀ ਪਾਈ ਖਫ਼ਨੀ ਜੋ ਪਾਟੀਆਂ ਲੀਰਾਂ ਹੁੰਦੀ ਹੈ, ਇਹ ਹੋਵੇ ਕਿ ਤੈਨੂੰ ਸਦਾ ਯਾਦ ਰਹੇ ਕਿ ਇਥੋਂ ਜਾਣਾ ਹੈ ਅਤੇ ਦੇਹੀ ਨੂੰ ਕੁਆਰਿਆਂ ਵਾਂਗ ਸਦਾ ਪਵਿੱਤ੍ਰ ਰੱਖਣਾ ਹੈ।

ਰਹਿਤ ਤੇ ਹੱਥ ਡੰਡਾ ਨਿਸ਼ਚੇ ਦਾ ਹੋਵੇ। ਤੇਰੀ ਆਈ, ਫ਼ਿਰਕਾ ਸਾਰੀ ਲੁਕਾਈ ਨੂੰ ਆਪਣੇ ਨਾਲ ਦਾ ਸਮਝਣਾ (ਸਗਲ ਜਮਾਤੀ) ਹੋਵੇ।

ਇਸ ਤਰ੍ਹਾਂ ਜਿਸ ਨੇ ਸਰੀਰਕ ਖ਼ਾਹਿਸ਼ਾਂ ਅਤੇ ਅੰਦਰਲੀਆਂ ਤ੍ਰਿਸ਼ਨਾਵਾਂ ਨੂੰ ਜਿੱਤ ਲਿਆ, ਮਾਨੋ ਉਸ ਜਗਤ ਜਿੱਤ ਲਿਆ।

ਬਸ, ਉਸ ਇਕ ਵਾਹਿਗੁਰੂ ਅੱਗੇ ਹੀ ਸਿਰ ਝੁਕਾ ਜੋ ਮੁੱਢ (ਆਦਿ) ਤੋਂ ਹੈ। ਜੋ ਪਾਕ ਪਵਿੱਤ੍ਰ (ਅਨੀਲ) ਹੈ; ਸਦਾ-ਸਦਾ (ਅਨਾਦ) ਹੈ। ਜੋ ਮੂਕ ਜਿਹਾ ਮਲਕੜੇ ਅੰਦਰ ਬੈਠਾ (ਅਨਾਹਤਿ) ਹਰ ਵਕਤ ਸੰਡੀ ਬਖ਼ਸ਼ਦਾ ਰਹਿੰਦਾ ਹੈ ਅਤੇ ਉਸ ਉੱਤੇ ਸਮੇਂ-ਸਥਾਨ ਦਾ ਕੋਈ ਅਸਰ ਨਹੀਂ:

'ਜੁਗੁ ਜੁਗੁ ਏਕੋ ਵੇਸੁ।'

ਇਸ ਪਉੜੀ ਵਿਚ ਆਪਾ ਸਵਾਰਿਆਂ ਦੇ ਲੱਛਣ ਦਰਸਾਏ ਹਨ। ਪਹਿਲਾਂ, ਸੰਤੋਖ ਹੈ। 'ਬਿਨਾ ਸੰਤੋਖ ਨਹੀ ਕੋਊ ਰਾਜੈ।' ਬਗ਼ੈਰ ਸੰਤੋਖ ਦੇ ਅਜੇ ਤਕ ਕੋਈ ਰੱਜਿਆ ਨਹੀਂ। ਆਪੇ ਨੂੰ ਸੰਕੋਚੀ ਰੱਖਣਾ, ਖ਼ਾਹਸ਼ਾਂ ਪਿੱਛੇ ਨਾ ਭੱਜਣਾ, ਧਿਆਨ ਇਕ ਉਸ ਵੱਲ ਲਗਾਈ ਰੱਖਣਾ, ਹਰ ਉਪੱਜੇ ਖ਼ਿਆਲ ਨੂੰ ਤੋਲਣਾ ਜਾਚਣਾ, ਸਰੀਰ ਦੀ ਠੀਕ ਵਰਤੋਂ ਅਤੇ ਸਾਰੀਆਂ ਵਿਚਾਰਧਾਰਾਵਾਂ ਦਾ ਆਦਰ ਕਰਨਾ, ਮਨ ਤੇ ਕਾਬੂ ਪਾਉਣਾ, ਕੁਝ ਵੱਡੇ ਲੱਛਣ ਹਨ। ਮੋਟੀ ਜਿਹੀ ਗੱਲ ਰੱਬ ਨੂੰ ਹਾਜ਼ਰ-ਨਾਜ਼ਰ ਸਮਝਣ ਨਾਲ ਸਰੀਰ ਦੇ ਵਾਧੂ, ਵਿਅਰਥ ਰੁਝੇਵਿਆਂ ਤੋਂ ਬਚ ਜਾਏਗਾ। ਉਸੇ ਨੂੰ ਹੀ ਉੱਚਾ ਅਤੇ ਪ੍ਰਭੂ ਨੂੰ ਪਾਇਆ ਅਤੇ ਭਾਇਆ ਸਮਝ ਜੋ ਸਭ ਨੂੰ ਆਪਣੇ ਹੀ ਪੰਥ ਵਰਗਾ ਜਾਣਦਾ ਹੈ:

'ਸਗਲ ਸਮੂਹ ਲੈ ਉਧਰੇ ਨਾਨਕ,<br>ਪੂਰਨ ਬ੍ਰਹਮੁ ਪਛਾਤਾ।'

ਜਿਸ ਵੇਲੇ ਜਪੁ ਸਾਹਿਬ ਉਚਾਰਿਆ ਗਿਆ, ਕੇਵਲ ਜੋਗੀ ਹੀ ਸਨ ਜੋ ਆਤਮਕ ਜੀਵਨ ਬਿਤਾਉਣ ਤੇ ਜ਼ੋਰ ਦਿਦੇ ਸਨ। ਉਨ੍ਹਾਂ ਜੋਗੀਆਂ ਦੀ ਆਪਣੀ ਰਹਿਤ, ਜੁਗਤ, ਰੀਤ, ਪਹਿਰਾਵਾ, ਭੁਗਤ (ਖਾਣਾ) ਹੁੰਦਾ ਸੀ। ਇਥੇ ਨਦਰ ਪ੍ਰਾਪਤ ਜੀਵ ਲਈ ਨਿਯਮਾਵਲੀ ਰਚੀ ਜਾ ਰਹੀ ਹੈ। ਇਥੇ ਜੋਗੀ ਪ੍ਰਤੀ ਨਹੀਂ ਸਨ ਕਹਿ ਰਹੇ, ਜਗਤ ਪ੍ਰਤੀ ਉਪਦੇਸ਼ ਸੀ। ਜਿਸ ਤਰ੍ਹਾਂ ਜਪੁ ਸਾਹਿਬ ਦੀ ਆਖ਼ਰੀ ਪਉੜੀ (੩੮ਵੀਂ) ਵਿਚ ਸੁਨਿਆਰੇ ਦਾ ਦ੍ਰਿਸ਼ਟਾਂਤ ਲਿਆ ਹੈ, ਸੁਨਿਆਰੇ ਪ੍ਰਤੀ ਨਹੀਂ ਕਿਹਾ।

ਇਹ ਯਾਦ ਰਹੇ ਕਿ ਜੋਗੀ ਸ਼ੀਸ਼ੇ ਦੀਆਂ ਮੁੰਦਰਾਂ ਪਾ ਕੇ, ਸੁਆਹ ਸਰੀਰ ਤੇ ਮਲ ਕੇ, ਫਿਰਦਾ-ਫਿਰਦਾ ਰਹਿੰਦਾ ਸੀ, ਇਕ ਥਾਂ ਟਿਕਾਣਾ ਨਹੀਂ ਸੀ ਬਣਾਉਂਦਾ। ਉਸ ਦੀ ਕੁਲ

ਨਿੱਜੀ ਜਾਇਦਾਦ ਖੱਪਰ, ਡੰਡਾ ਤੇ ਗੋਦੜੀ ਹੀ ਹੁੰਦੀ ਸੀ । ਆਈ ਪੰਥੀ ਵਾਲੇ ਜੋਗੀ, ਆਪਣੇ ਆਪ ਨੂੰ ਸਭ ਤੋਂ ਉੱਚਾ ਗਿਣਦੇ ਹਨ । ਇਥੇ ਨਿਰਾਲੇ ਪੰਥ ਦੀ ਜੁੱਗਤ ਦਾ ਮੁੱਢ ਬੰਨ੍ਹ ਦਿੱਤਾ ਗਿਆ ਹੈ । ਜਦ ਜਪ ਸੰਪੂਰਨ ਹੋਵੇਗਾ ਤਾਂ ਫਿਰ ਅੰਮ੍ਰਿਤ ਢਾਲ ਕੇ ਖਾਲਸਾ ਨਿਰੋਲ ਵਾਹਿਗੁਰੂ ਦਾ ਬਣਾ ਦਿੱਤਾ ਜਾਏਗਾ ।

ਲੋਕੀਂ 'ਉਚਾਟ ਜਮਾਤੀ', ਵੱਖ-ਵੱਖ ਵਿਚਰਨ ਵਿਚ ਹੀ ਵਿਸ਼ਵਾਸ ਰੱਖਦੇ ਸਨ, ਸੋ ਗੁਰੂ ਜੀ ਨੇ ਸਗਲ ਜਮਾਤੀ ਦਾ ਸਿਧਾਂਤ ਦਿੱਤਾ । ਜੋਗੀਆਂ ਦੇ ਹੀ ਤੱਕੋਂ, ਬਾਰਾਂ ਪੰਥ ਸਨ :

ਰਾਵਲ,
ਹੇਤ,
ਪਾਵ,
ਗਮਜ,
ਪਾਗਲ,
ਗੋਪਾਲ,
ਕੰਧੜੀ,
ਬਨ,
ਧੁਜ,
ਚੋਲੀ,
ਦਾਸ ਅਤੇ,
ਆਈ ।

SIKHBOOKCLUB.COM

**ਸ਼ਬਦ-ਭਾਵ :**

**ਮੁੰਦਾ** : ਮੁੰਦਰਾਂ, ਸ਼ੀਸ਼ੇ ਦੀਆਂ ਆਮ ਤੌਰ ਤੇ ਜੋਗੀ ਪਾਉਂਦੇ ਸਨ ।
**ਸੰਤੋਖੁ** : ਸਬਰ, ਸੰਤੋਖ ਨੂੰ ਮੁੰਦਰਾਂ ਇਸ ਲਈ ਕਿਹਾ ਹੈ ਕਿਉਂਕਿ ਖ਼ਾਹਿਸ਼ਾਂ ਛੇਦੇ ਬਗੈਰ ਸੰਤੋਖ ਨਹੀਂ ਆਉਂਦਾ ।
**ਸਰਮੁ** : ਹਯਾ, ਮਿਹਨਤ, ਕਿਰਤ ।
**ਪਤੁ** : ਪਾਤਰ, ਖੱਪਰ ।
**ਬਿਭੂਤਿ** : ਧੂੜ-ਸੁਆਹ, ਜੋਗੀ ਲੋਕ ਇਸ ਕਾਰਨ ਸਰੀਰ ਤੇ ਮਲ ਲੈਂਦੇ ਹਨ ਕਿ ਉਨ੍ਹਾਂ ਜਗਤ ਨੂੰ ਨਾਸ਼ਵੰਤ ਸਮਝ ਨਾਤਾ ਤੋੜ ਲਿਆ ਹੁੰਦਾ ਹੈ ।
**ਖਿੰਥਾ** : ਗੋਦੜੀ ਜੋ ਟਾਕੀਆਂ ਦੀ ਬਣੀ ਹੁੰਦੀ ਹੈ ।
**ਕੁਆਰੀ ਕਾਇਆ** : ਦੇਹੀ ਨੂੰ ਕੁਆਰਿਆਂ ਵਾਂਗ ਰੱਖਣਾ (Virigin Body).
**ਜੁਗਤਿ** : ਰਹਿਤ ।
**ਪਰਤੀਤਿ** : ਨਿਸ਼ਚਾ ।
**ਆਈ ਪੰਥੀ** : ਜੋਗੀਆਂ ਦਾ ਇਕ ਫ਼ਿਰਕਾ ।
**ਸਗਲ ਜਮਾਤੀ** : ਸਾਰਿਆਂ ਨੂੰ ਆਪਣੇ ਨਾਲ ਦਾ ਸਮਝਣਾਂ ।
**ਆਦੇਸੁ** : ਨਮਸਕਾਰ ਹੈ ।
**ਅਨੀਲੁ** : ਪਾਕ, ਪਵਿੱਤ੍ਰ, ਬੇਲਾਗ ।
**ਅਨਾਹਤਿ** : ਬਗੈਰ ਆਹਟ ਤੋਂ, ਚੁੱਪ ਚੁਪੀਤਾ ।

**੨੯ (ੲ)**

**ਭੁਗਤਿ ਗਿਆਨੁ, ਦਇਆ ਭੰਡਾਰਣਿ**
**ਘਟਿ ਘਟਿ ਵਾਜਹਿ ਨਾਦ ॥**
**ਆਪਿ ਨਾਥੁ, ਨਾਥੀ ਸਭ ਜਾ ਕੀ, ਰਿਧਿ ਸਿਧਿ ਅਵਰਾ ਸਾਦ ॥**
**ਸੰਜੋਗੁ ਵਿਜੋਗੁ, ਦੁਇ ਕਾਰ ਚਲਾਵਹਿ**
**ਲੇਖੇ ਆਵਹਿ ਭਾਗ ॥**
**ਆਦੇਸੁ ਤਿਸੈ ਆਦੇਸੁ ॥**
**ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥ ੨੯ ॥**

ਉਸੇ ਪਹਿਲੇ ਦ੍ਰਿਸ਼ਟਾਂਤ ਨੂੰ ਅੱਗੇ ਜਾਰੀ ਰੱਖਦੇ ਹੋਏ, ਇਸ ਪਉੜੀ ਵਿਚ ਆਖਿਆ ਗਿਆ ਹੈ ਕਿ ਜੋਗੀ ਆਪਣੇ ਵਡੇਰੇ ਨੂੰ ਨਾਥ ਕਹਿੰਦੇ ਹਨ ਅਤੇ ਨਾਥ ਨੂੰ ਰੂਹਾਨੀ ਸ਼ਕਤੀਆਂ ਦਾ ਮਾਲਕ ਵੀ ਗਿਣਦੇ ਹਨ । ਜੋ ਜੋਗੀਆਂ ਦੀ ਰਸੋਈ ਦਾ ਪ੍ਰਬੰਧ ਕਰਦਾ ਹੈ ਉਸ ਨੂੰ ਭੰਡਾਰਣ ਕਿਹਾ ਜਾਂਦਾ ਹੈ । ਉਹ ਭੰਡਾਰਣ ਸਭ ਨੂੰ ਇਕੋ ਜਿਹਾ ਵਰਤਾਂਦੀ ਹੈ । ਦਿੱਤੇ ਖਾਣੇ ਨੂੰ ਭੁੱਗਤ ਕਿਹਾ ਜਾਂਦਾ ਹੈ । ਜਦ ਉਹ ਭੰਡਾਰਣ ਭੁਗਤ ਵਰਤਾਂਦੀ ਹੈ, ਉਸ ਸਮੇਂ ਪਹਿਲਾਂ ਸੰਖ ਵਜਾਂਦੀ ਹੈ । ਜੋਗੀ ਪਰਮਤੱਤ ਦੀ ਪ੍ਰਾਪਤੀ ਨੂੰ ਸਮਾਧੀ ਵਿਚ ਜਾਣਾ ਸਮਝਦਾ ਹੈ । ਸਮਾਧੀ ਤਕ ਪੁੱਜਣ ਲਈ ਤੰਤਰਾਂ-ਮੰਤਰਾਂ ਅਤੇ ਯੋਗ ਆਸਨਾਂ ਦਾ ਸਹਾਰਾ ਲੈਂਦਾ ਹੈ ।

**ਨਦਰ ਪ੍ਰਾਪਤੀ ਵਾਲੇ ਪੁਰਸ਼ ਸੂਝ ਨਾਲ ਸੰਸਾਰਕ ਵਸਤੂਆਂ ਨੂੰ ਵਰਤਦੇ ਹਨ ਅਤੇ ਦਇਆ ਦੇ ਵਰਤਾਵੇ ਨਾਲ ਇਨ੍ਹਾਂ ਵਿਚ ਵਾਧਾ ਕਰੀ ਜਾਂਦੇ ਹਨ ।** ਹਰ ਹਿਰਦੇ ਵਿਚ ਉਹ ਧੁਨੀ ਉਠਾ ਜਾਂਦੇ ਹਨ ਕਿ ਦਇਆ ਤੇ ਗਿਆਨ ਹੀ ਸੰਸਾਰ ਵਿਚ ਵਿਚਰਨ ਦੇ ਰਾਹ ਹਨ । ਜਦ ਜਗਿਆਸੂ ਦਾ ਯਕੀਨ ਪੱਕਾ ਹੋ ਜਾਂਦਾ ਹੈ ਕਿ ਉਹ ਪ੍ਰਭੂ ਆਪ ਹੀ ਜਗਤ ਦਾ ਨਿਯੰਤ੍ਰਕ (ਕੰਟਰੋਲਰ) ਹੈ ਤਾਂ ਉਹ ਰਿੱਧੀਆਂ-ਸਿੱਧੀਆਂ ਵਾਲੇ ਰਾਹ ਨੂੰ ਤਿਆਗ ਦਿੰਦੇ ਹਨ । ਉਹ ਲੋਕ ਜੁੜਨ ਅਤੇ ਵਿਛੜਨ ਨੂੰ ਉਸ ਦੀ ਕਾਰ ਸਮਝਦੇ ਹਨ, ਭਾਵ ਰਜ਼ਾ ਵਿਚ ਜੀਵਨ ਬਤੀਤ ਕਰਦੇ, ਵਿੱਛੜ ਕੇ ਆਪਣੀ-ਆਪਣੀ ਥਾਂ ਤੁਰ ਜਾਂਦੇ ਹਨ । ਨਦਰ ਪ੍ਰਾਪਤੀ ਵਾਲੇ ਮਨੁੱਖ ਤੇ ਆਉਣ-ਜਾਣ ਦਾ ਕੋਈ ਪ੍ਰਭਾਵ ਨਹੀਂ ਪੈਂਦਾ, ਕਿਉਂਕਿ ਉਹ ਜਾਣ ਲੈਂਦੇ ਹਨ ਕਿ ਹਿਰਦੇ ਨੂੰ ਲੇਖ ਅਨੁਸਾਰ ਹਿੱਸਾ ਮਿਲ ਰਿਹਾ ਹੈ । ਇਸ ਨਦਰ ਦੀ ਪ੍ਰਾਪਤੀ ਕਰ ਕੇ ਉਹ ਪੁਰਸ਼ ਉਸ ਨੂੰ ਪ੍ਰਣਾਮ ਕਰਦੇ ਹਨ, ਜੋ ਸਭ ਦਾ ਮੁੱਢ ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ, ਜੋ ਚੁੱਪ-ਚੁਪੀਤੇ ਹਿਰਦੇ ਟੁੰਬਦਾ ਰਹਿੰਦਾ ਹੈ ਤੇ ਸਦਾ ਇਕੋ ਜਿਹਾ ਰਹਿੰਦਾ ਹੈ ।

ਆਪਣੀ ਖ਼ੁਰਾਕ ਬਣਾ ਰੂਹਾਨੀ ਗਿਆਨ ਅਤੇ ਦਇਆ ਵਾਲੀ ਰੁਚੀ ਤੇਰੀ ਵਰਤਾਵੀ ਹੋਵੇ ਅਤੇ ਇਹ ਜਾਣ ਕਿ ਹਰ ਇਕ ਸਰੀਰ ਵਿਚ ਜੋ ਉਸ ਦੀ ਸਤਾ ਰੁਮਕ ਰਹੀ ਹੈ, ਉਹ ਹੀ ਨਾਦ ਵਾਜਾ ਹੈ ।

ਵਾਹਿਗੁਰੂ ਹੀ ਆਪ ਮਾਲਕ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਨੱਥੀ ਹੋਈ ਹੈ, ਮਨ ਇਕਾਗ੍ਰਤਾ ਹਾਸਲ ਕਰ । ਜੋ ਕਰਾਮਾਤਾਂ ਦਿਖਲਾਉਣ ਦੇ ਰਾਹ ਪੈ ਜਾਂਦੇ ਹਨ, ਉਹ ਰੱਬ ਦੀ ਰਜ਼ਾ ਵਿਚ ਪੂਰੇ ਰਹਿਣਾ ਨਹੀਂ ਚਾਹੁੰਦੇ, ਉਹ ਆਪ-ਹੁਦਰੇ ਸੁਤੰਤਰ ਵਿਚਰਨਾ **ਲੋੜਦੇ ਹਨ ।** ਇਹ

ਚੇਸ਼ਟਾ ਹੀ ਵਖਰੀ ਹੈ । ਇਸ ਨਾਲ ਧਰਮ ਦਾ ਕੋਈ ਸੰਬੰਧ ਨਹੀਂ ।

'ਮੇਲ' ਤੇ 'ਵਿਛੋੜੇ' ਦੇ ਦੋ ਮੁੱਖ ਅਸੂਲ ਹਨ ਜੋ ਜਗਤ ਨੂੰ ਚਲਾ ਰਹੇ ਹਨ । ਸਾਰੇ ਜੀਵ ਰੱਬ ਦੀ ਰਜ਼ਾ ਵਿਚ ਪ੍ਰੋਤੇ ਹਨ, ਉਸ ਨੇ ਨੱਥੇ ਹੋਏ ਹਨ । ਜਦ ਤਕ ਮਨੁੱਖ ਇਹ ਮੰਨਿ ਚਲਦਾ ਰਹਿੰਦਾ ਹੈ, ਉਹ 'ਸੰਜੋਗ' ਵਿਚ ਹੈ ਅਤੇ ਹਉਮੈ ਦੇ ਵੱਸ ਹੋ ਕੇ ਜਾਂ ਕਰਾਮਾਤਾਂ ਦਿਖਲਾਉਣ ਦੇ ਰਾਹ ਪੈ ਕੇ, ਰਜ਼ਾ ਨੂੰ ਨਹੀਂ ਜਾਣਦਾ ਤਾਂ 'ਵਿਜੋਗ' ਪੈ ਜਾਂਦਾ ਹੈ ।

ਉਹ ਹੀ ਮਿਲਣਾ ਹੈ ਜੋ ਭਾਗਾਂ ਵਿਚ ਹੈ ਤੇ ਭਾਗ ਉਸੇ ਨੇ ਲਿਖੇ ਹਨ । ਸੋ ਰੋਜ਼ ਨਿਰੋਲ ਇਹ ਵੇਖਿਆ ਕਰ ਕਿ ਮਨ ਰਜ਼ਾ ਵਿਚ ਕਿਤਨਾ ਕੁ ਤੁਰਦਾ ਹੈ ਅਤੇ ਆਪ-ਹੁਦਰੀਆਂ ਕਿਤਨੀਆਂ ਕਰਦਾ ਹੈ । ਰਜ਼ਾ ਵਿਚ ਰਹਿਆਂ ਭਾਗ ਖੁੱਲ੍ਹ ਜਾਣਗੇ । ਸੋ ਕਿਸੇ ਹੋਰ ਦਾ ਚੇਤਾ ਨਾ ਕਰ । ਉਸੇ ਨੂੰ ਨਮਸਕਾਰ ਹੈ ਜੋ ਮੁੱਢ ਤੋਂ ਹੈ, ਪਾਕ ਪਵਿੱਤ੍ਰ ਹੈ, ਸਦਾ-ਸਦਾ ਹੈ । ਜਿਸ ਦੀ ਸਤਾ ਹਰ ਇਕ ਵਿਚ ਚੁੱਪਕੇ ਜਿਹੇ ਰੁਮਕ ਰਹੀ ਹੈ ਤੇ ਹਮੇਸ਼ਾ ਅੰਦਰੋਂ ਆਵਾਜ਼ ਦੇ ਕੇ ਸੋਝੀ ਬਖ਼ਸ਼ਦੀ ਰਹਿੰਦੀ ਹੈ । ਸਮੇਂ ਤੇ ਸਥਾਨ ਦਾ ਕੋਈ ਪ੍ਰਭਾਵ ਉਸ ਤੇ ਨਹੀਂ ਹੈ ।

ਇਥੇ ਇਹ ਹੀ ਦੁਹਰਾਇਆ ਗਿਆ ਹੈ ਕਿ ਦੂਜਿਆਂ ਨਾਲ ਵਰਤਣ ਵਿਚ ਸੂਝ ਅਤੇ ਸਨੇਹ ਹੀ ਠੀਕ ਰਾਹ ਹੈ । ਦਇਆ ਅਤੇ ਗਿਆਨ ਦੁਆਰਾ ਜੀਵਨ ਹਰਾ-ਭਰਾ ਹੋ ਜਾਂਦਾ ਹੈ । ਉਸ ਦੇ ਰਾਹ ਟੁਰਿਆਂ ਜਦ ਧਿਆਨ ਪੱਕਦਾ ਹੈ ਤਾਂ ਕਰਾਮਾਤੀ ਸ਼ਕਤੀਆਂ ਮਿਲੀਆਂ ਮਹਿਸੂਸ ਹੁੰਦੀਆਂ ਹਨ । ਇਹ ਪ੍ਰਾਪਤ ਰਿਧੀਆਂ ਰਾਹ ਤੋਂ ਭਟਕਾ ਦੇਂਦੀਆਂ ਹਨ । ਇਹ ਤੰਤਰ-ਮੰਤਰ ਦਾ ਰਾਹ ਵੀ ਠੀਕ ਨਹੀਂ । ਨਦਰ ਪ੍ਰਾਪਤੀ ਵਾਲਾ ਜੀਵ ਸੰਸਾਰ ਤੋਂ ਭੱਜਦਾ ਨਹੀਂ, ਸਗੋਂ ਸੰਸਾਰੀ ਜੀਵ ਰਹਿ ਜੀਵਨ ਗੁਜ਼ਾਰਦਾ ਹੈ । ਰਤਾ ਭਰ ਵੀ ਉਸ ਨੂੰ ਪ੍ਰਵਾਹ ਨਹੀਂ ਕਿ ਕਿਸ ਨੂੰ ਸਜ਼ਾ ਮਿਲਦੀ ਹੈ ਜਾਂ ਸ਼ਾਬਾਸ਼ । ਉਹ ਕੇਵਲ ਧਰਮ-ਨਿਆਂ ਚਾਹੁੰਦਾ ਹੈ । ਆਪੂੰ ਦੋਖੀਆਂ ਨੂੰ ਸਜ਼ਾਵਾਂ ਦੇਣ ਵਿਚ ਅਗੇਰੇ ਹੁੰਦਾ ਹੈ । ਉਸ ਦੀ ਰਜ਼ਾ ਨੂੰ ਸਿਰ ਤੇ ਮੰਨਦਾ ਹੈ ਅਤੇ ਉਸ ਅਨੁਸਾਰ ਹੀ ਸਭ ਕੁਝ ਹੋਇਆ ਮੰਨਦਾ ਹੈ । ਜਦ ਤਕ ਮਨੁੱਖ ਇਸ ਰਜ਼ਾ ਨੂੰ ਮੰਨਦਾ ਹੈ ਤਦ ਤਕ ਉਹ ਰੱਬ ਨਾਲ ਜੁੜਿਆ ਰਹਿੰਦਾ ਹੈ । ਮਨੁੱਖ ਦੇ ਵਿਸ਼ਵਾਸ ਦੇ ਦੋ ਪਹੀਏ ਹਨ : ਇਕ ਸੰਜੋਗ ਤੇ ਦੂਜਾ ਵਿਜੋਗ । ਸਰੀਰ ਵੀ ਸੰਜੋਗ ਹੈ, ਪੁੱਤਰ, ਧੀਆਂ, ਮਿੱਤਰ-ਸੰਬੰਧੀ ਤੇ ਇਥੋਂ ਤਕ ਕਿ ਇਸ਼ਟ ਵੀ ਸੰਜੋਗ ਹੈ :

**ਮਾਤ, ਪਿਤਾ, ਬਨਿਤਾ, ਸੁਤ, ਬੰਧਪ ਇਸ਼ਟ ਮੀਤ ਅਰੁ ਭਾਈ ॥**
**ਪੂਰਬ ਜਨਮ ਕੇ ਮਿਲੇ ਸੰਜੋਗੀ, ਅੰਤਹਿ ਕੋ ਨ ਸਹਾਈ ॥**
**(ਜੈਤਸਰੀ ਮਹਲਾ ੫, ਪੰਨਾ ੭੦੦)**

ਇਹ ਇਕ ਪਹੀਆ ਹੈ ।

ਦੂਜਾ ਚੱਕਾ ਹੈ ਕਿ ਵਿਜੋਗ ਅਵੱਸ਼ ਹੋਵੇਗਾ । ਵਿਛੜਨਾ ਪਵੇਗਾ । ਇਨ੍ਹਾਂ ਪਿੱਛੇ ਅੰਨ੍ਹੇਵਾਹ ਲੱਗ ਕਦੇ ਕੁਕਰਮ ਨਾ ਕਰੀਂ । ਇਹ ਕੁਕਰਮ ਜੋ ਕਮਾਂਦਾ ਹੈ ਇਹ ਹਉਮੈ ਦੇ ਵੱਸ ਹੋ ਕੇ ਹੀ ਕਮਾਂਦਾ ਹੈ । ਰਜ਼ਾ ਦੇ ਉਲਟ ਹੈ ਹਉਮੈ । ਇਨ੍ਹਾਂ ਸੰਜੋਗੀ ਕਰਮਾਂ ਤੇ ਵਿਜੋਗੀ ਕੁਕਰਮਾਂ ਨੇ ਹੀ ਤੇਰੀ ਕਿਸਮਤ ਬਣਾਉਣੀ ਹੈ :

**ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ ।**
**ਵਿਜੋਗੀ ਮਿਲਿ ਵਿਛੁੜੇ, ਨਾਨਕ ਭੀ ਸੰਜੋਗ । (ਮਾਰੂ ਮਹਲਾ ੧)**

'ਲੇਖੈ ਆਵਹਿ ਭਾਗ' ਦਾ ਭਾਵ ਵੀ ਇਹ ਹੈ । ਇਕ ਗੱਲ ਹੋਰ ਸਪੱਸ਼ਟ ਹੋਈ ਕਿ ਇਸ਼ਟ ਨੇ ਕੇਵਲ ਮਾਰਗ ਦਰਸ਼ਨ ਕਰਨਾ ਹੈ, ਸਹਾਈ ਨਹੀਂ ਹੋਣਾ।

**ਸ਼ਬਦ-ਭਾਵ :**

**ਭੁਗਤਿ** : ਖ਼ੁਰਾਕ (Diet).
**ਗਿਆਨੁ** : ਰੂਹਾਨੀ ਸੂਝ (Divine Enlightenment).
**ਭੰਡਾਰਣਿ** : ਵਰਤਾਵਣ ਵਾਲੀ (Steward).
**ਘਟਿ ਘਟਿ** : ਹਰ ਇਕ ਹਿਰਦੇ ਵਿਚ ।
**ਨਾਦ** : ਰੁਮਕਦੀ ਸੱਤਾ, ਵਾਜਾ ।
**ਆਪ ਨਾਥੁ** : ਆਪੂੰ ਹੀ ਮਾਲਕ ਹੈ ।
**ਨਾਥੀ** : ਵੱਸ ਕੀਤੀ ਹੋਈ ਹੈ । ਨੱਥੀ ਹੋਈ ਹੈ ।
**ਅਵਰਾ ਸਾਦ** : ਵੱਖਰੀ ਚੇਸ਼ਟਾ, ਧਰਮ ਦਾ ਸਵਾਦ ਹੋਰ ਹੈ ਤੇ ਰਿਧੀ ਸਿਧੀ ਦੀ ਚੇਸ਼ਟਾ ਹੋਰ ।

**੩੦ (੭)**

**ਏਕਾ ਮਾਈ ਜੁਗਤਿ ਵਿਆਈ,**
**ਤਿਨਿ ਚੇਲੇ ਪਰਵਾਣੁ ॥**
**ਇਕੁ ਸੰਸਾਰੀ ਇਕੁ ਭੰਡਾਰੀ**
**ਇਕੁ ਲਾਏ ਦੀਬਾਣੁ ॥**
**ਜਿਵ ਤਿਸੁ ਭਾਵੈ ਤਿਵੈ ਚਲਾਵੈ**
**ਜਿਵ ਹੋਵੈ ਫੁਰਮਾਣੁ ॥**
**ਓਹੁ ਵੇਖੈ ਓਨਾ ਨਦਰਿ ਨ ਆਵੈ**
**ਬਹੁਤਾ ਏਹੁ ਵਿਡਾਣੁ ॥**
**ਆਦੇਸੁ ਤਿਸੈ ਆਦੇਸੁ ॥**
**ਆਦਿ ਅਨੀਲੁ**
**ਅਨਾਦਿ ਅਨਾਹਤਿ**
**ਜੁਗੁ ਜੁਗੁ ਏਕੋ ਵੇਸੁ ॥ ੩੦ ॥**

ਨਦਰ ਪ੍ਰਾਪਤ ਕੀਤੇ ਪੁਰਖ ਜਗਤ ਨੂੰ ਉੱਸਰਦਾ, ਢਹਿੰਦਾ ਅਤੇ ਫਿਰ ਬਣਦਾ ਦੇਖ ਨਿਰਾਸ ਨਹੀਂ ਹੁੰਦੇ, ਉਹ ਇਹ ਢਹਿਣ ਤੇ ਉੱਸਰਨ ਨੂੰ ਵੀ ਉਸੇ ਦੇ ਭਾਣੇ ਵਿਚ ਹੋਇਆ ਦੇਖਦੇ ਹਨ । ਉਹਨਾਂ ਨੂੰ ਇਹ ਸੋਝੀ ਆ ਜਾਂਦੀ ਹੈ ਕਿ ਇਹ ਸਭ ਕਿਸੇ ਭਾਣੇ ਵਿਚ ਹੋਇਆ ਹੈ । ਇਸ ਦਾ ਵੀ ਕੋਈ ਕਾਰਨ ਹੈ, ਜੋ ਪ੍ਰਭੂ ਹੀ ਜਾਣਦਾ ਹੈ । ਉਹ ਸ਼ਿਵ, ਬ੍ਰਹਮਾ ਜਾਂ ਵਿਸ਼ਨੂੰ ਦੀ ਪੂਜਾ ਨਹੀਂ ਕਰਨ ਬੈਠ ਜਾਂਦਾ ।

ਅਣਜਾਣ ਪੁਰਸ਼ਾਂ ਨੇ ਇਹ ਹਵਾਈ ਉਡਾ ਦਿੱਤੀ ਕਿ ਮਾਇਆ ਨੇ ਉਸ ਸੱਚੇ ਨਾਲ ਸੰਬੰਧ ਜੋੜਿਆ ਤੇ ਤਿੰਨ ਆਗਿਆਕਾਰ ਚੇਲਿਆਂ ਨੂੰ ਜਨਮ ਦਿੱਤਾ ਜੋ ਮਾਇਆ ਦੇ ਹੁਕਮ ਵਿਚ ਟੁਰ ਕੇ ਜਗਤ ਦੀ ਕਾਰ ਚਲਾ ਰਹੇ ਹਨ । ਇਹ ਵੀ ਮਿੱਥ ਲਿਆ ਕਿ ਇਕ ਰਚਨ-

ਹਾਰਾ ਹੈ, ਦੂਜਾ ਸੰਭਾਲ ਕਰਨ ਵਾਲਾ ਹੈ, ਜੋ ਜੀਵਾਂ ਨੂੰ ਭੰਡਾਰ ਦਈ ਜਾ ਰਿਹਾ ਹੈ ਅਤੇ ਤੀਜਾ ਕਰਮਾਂ ਦਾ ਹਿਸਾਬ ਰੱਖ, ਅਦਾਲਤ ਲਗਾ ਇਨਸਾਫ਼ ਕਰਦਾ ਹੈ । ਇਹ ਸਭ ਮਨੌਤਾਂ ਹੀ ਹਨ ।

ਅਸਲ ਵਿਚ ਉਹ ਇਕੋ ਇਕ ਆਪ ਵਾਹਿਗੁਰੂ ਹੈ, ਜੋ ਆਪਣੀ ਰਜ਼ਾ ਵਿਚ ਹੁਕਮ ਦੇ ਕੇ ਸੰਸਾਰ ਨੂੰ ਟੋਰ ਰਿਹਾ ਹੈ, ਹੋਰ ਦੂਜਾ ਤੀਜਾ ਕੋਈ ਨਹੀਂ । ਇਹ ਮਨੌਤਾਂ ਇਸ ਗੱਲੋਂ ਬਣੀਆਂ ਕਿ ਇਹ ਬਹੁਤ ਹੈਰਾਨਕੁਨ ਗੱਲ ਕਿਸੇ ਦੀ ਸਮਝ ਵਿਚ ਨਹੀਂ ਆ ਸਕੀ ਕਿ ਉਹ ਵਾਹਿਗੁਰੂ ਤਾਂ ਹਰ ਇਕ ਦੇ ਕਰਮ ਤਕ ਵਾਚ ਰਿਹਾ ਹੈ, ਪਰ ਲੋਕ ਉਸ ਨੂੰ ਦੇਖ ਤਕ ਨਹੀਂ ਸਕਦੇ । ਇਹ ਹੀ ਵੱਡਾ ਵਿਸਮਾਦ ਹੈ । ਐਸੇ ਵਾਹਿਗੁਰੂ ਨੂੰ ਨਮਸਕਾਰ ਹੈ ਜੋ ਮੁੱਢ ਤੋਂ ਹੈ, ਪਾਕ ਪਵਿੱਤ੍ਰ ਹੈ, ਸਦਾ ਕਾਇਮ; ਜਿਸ ਦੀ ਸੱਤਾ ਹਰ ਹਿਰਦੇ ਚੁੱਪਕੇ ਜਿਹੇ ਝੁਮਕ ਰਹੀ ਹੈ ਜੋ ਸਦਾ ਸੋਝੀ ਬਖ਼ਸ਼ਦੀ ਰਹਿੰਦੀ ਹੈ ਅਤੇ ਜਿਸ ਤੇ ਸਮੇਂ-ਸਥਾਨ ਦਾ ਕੋਈ ਪ੍ਰਭਾਵ ਨਹੀਂ ।

**ਸ਼ਬਦ-ਭਾਵ** :

**ਏਕਾ ਮਾਈ** : ਇਕ ਮਾਇਆ ਸੀ ।

**ਜੁਗਤਿ ਵਿਆਈ** : ਕਿਸੇ ਜੁਗਤੀ ਨਾਲ ਉਸ ਵਾਹਿਗੁਰੂ ਨਾਲ ਸੰਬੰਧ ਜੋੜਿਆ । ਇਹ ਉਹ ਲੋਕ ਕਹਿੰਦੇ ਹਨ, ਜਿਨ੍ਹਾਂ ਮਾਇਆ ਦੀ ਵੱਖਰੀ ਹਸਤੀ ਮੰਨ ਕੇ, ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦੇਵਤੇ ਬਣਾ ਲਏ ।

**ਚੇਲੇ ਪਰਵਾਣੁ** : ਮਨਜ਼ੂਰ ਕੀਤੇ ਚੇਲੇ, ਜਿਨ੍ਹਾਂ ਦੀ ਫ਼ਰਮਾਬਰਦਾਰੀ ਤੇ ਸ਼ੱਕ ਨਾ ਹੋਵੇ (Accepted Regents).

SIKHBOOKCLUB.COM

**ਬਹੁਤਾ ਇਹੁ ਵਿਡਾਣੁ** : ਹੈਰਾਨੀਆਂ ਦੀ ਹੈਰਾਨੀ, ਵਿਸਮਾਦ (Wonder of Wonders).

**੩੧ (੭)**

**ਆਸਣੁ ਲੋਇ ਲੋਇ ਭੰਡਾਰ ॥**
**ਜੋ ਕਿਛੁ ਪਾਇਆ ਸੁ ਏਕਾ ਵਾਰ ॥**
**ਕਰਿ ਕਰਿ ਵੇਖੈ ਸਿਰਜਣਹਾਰੁ ॥**
**ਨਾਨਕ ਸਚੇ ਕੀ ਸਾਚੀ ਕਾਰ ॥**
**ਆਦੇਸੁ ਤਿਸੈ ਆਦੇਸੁ ॥**
**ਆਦਿ ਅਨੀਲੁ ਅਨਾਦਿ ਅਨਾਹਤਿ,**
**ਜੁਗੁ ਜੁਗੁ ਏਕੋ ਵੇਸੁ ॥ ੩੧ ॥**

ਪਿਛਲੀ ਪਉੜੀ ਵਿਚ ਸਮਝਾ ਰਹੇ ਸਨ ਕਿ ਸੰਸਾਰ ਦੇ ਬੰਨ੍ਹਣ, ਸੰਭਾਲਣ ਤੇ ਢਹਿਣ ਦੀਆਂ ਇਤਿਹਾਸਕ ਪ੍ਰਤੀਕਿਰਿਆਵਾਂ ਉਸ ਦੇ ਆਪਣੇ ਹੱਥ ਵਿਚ ਹਨ ।

ਹੁਣ ਇਸ ਪਉੜੀ ਵਿਚ ਇਹ ਦੱਸਦੇ ਹਨ ਕਿ ਇਸ ਸੰਸਾਰ ਵਿਚ ਹੀ ਨਹੀਂ, ਸਗੋਂ ਹਰ ਸੰਸਾਰ ਜੋ ਬੇਅੰਤ ਹਨ, ਉਥੇ ਵੀ ਉਸ ਦੀ ਸ਼ਕਤੀ ਕੰਮ ਕਰ ਰਹੀ ਹੈ । ਇਹ ਸਾਰਾ ਖੇਲ੍ਹ ਉਸ ਦੇ ਨਿਯੰਤ੍ਰਨ ਵਿਚ ਹੈ । ਇਹ ਜਗਤ ਸਿਰਜਨਾ ਉਸ ਦਾ ਖੇਲ੍ਹ ਹੀ ਹੈ । ਖੇਲ੍ਹ ਕਰ ਕੇ ਇਸ ਨੂੰ ਛਲਾਵਾ ਜਾਂ ਮਾਇਆ ਨਹੀਂ ਕਹਿ ਸਕਦੇ । ਉਸ ਦੀ ਸਿਰਜਨਾ ਸੱਚ ਹੈ,

ਪ੍ਰਤੱਖ ਹੈ, ਇਹ ਨਿਰਾ ਇਸ ਕਰ ਕੇ ਨਹੀਂ ਕਿ ਉਸ ਨੇ ਸਾਜੀ ਹੈ, ਇਸ ਕਰ ਕੇ ਵੀ ਕਿ ਉਸ ਤਕ ਪੁੱਜਿਆ ਵੀ ਇਸ ਰਾਹੀਂ ਜਾ ਸਕੀਦਾ ਹੈ । ਉਸ ਨਿਰੰਕਾਰ, ਸਦਾ ਥਿਰ ਅਕਾਲ ਤਕ, ਸੁਣਨ, ਮੰਨਣ ਧਿਆਉਣ ਪਕਾ ਅਤੇ ਇਸ ਤ੍ਰਹਾਂ ਨਿੱਤ ਟੁਰੇ ਰਹਿਣ ਨਾਲ ਬਦਲਦੇ ਜਗਤਿ ਵਿਚ ਇਕ ਪਾਤਰ ਵਾਂਗ ਹਿੱਸਾ ਲੈ ਕੇ, ਪੁੱਜਿਆ ਜਾ ਸਕੀਦਾ ਹੈ ।

ਵਾਹਿਗੁਰੂ ਤਾਂ ਇਕ ਥਾਂ ਟਿੱਕ ਕੇ ਬੈਠਾ ਹੈ ਤੇ ਉਸ ਇਕ ਨੇ ਕਈ ਲੋਕਾਂ ਵਿਚ ਜੀਵਾਂ ਦੇ ਨਿਰਬਾਹ ਲਈ ਅਨੇਕਾਂ ਭੰਡਾਰ ਭਰ ਦਿੱਤੇ ਹਨ । ਇਹ ਵੀ ਨਹੀਂ ਕਿ ਉਸ ਨੂੰ ਬਾਰ-ਬਾਰ ਜੀਵਾਂ ਰਾਹੀਂ ਵਰਤੇ ਜਾ ਰਹੇ ਭੰਡਾਰੇ ਭਰਨੇ ਪੈਂਦੇ ਹਨ । ਉਸ ਨੇ ਇਤਨਾ ਕੁਝ ਇਕ ਵਾਰ ਹੀ ਪਾ ਦਿੱਤਾ ਹੈ ਕਿ ਲੋਕੀਂ ਜੁਗਾਂ-ਜੁਗਾਂ ਤਾਈਂ ਖਾਂਦੇ ਰਹਿਣ ਤਾਂ ਵੀ ਨਾ ਥੁੜੇ । ਉਸ ਨੇ ਹੀ ਸ੍ਰਿਸ਼ਟੀ ਰਚੀ ਹੈ ਤੇ ਚਾਅ ਨਾਲ ਸੰਭਾਲ ਕਰ ਰਿਹਾ ਹੈ । ਉਸ ਲਈ ਇਹ ਇਕ ਖੇਲ੍ਹ ਹੈ, ਜੋ ਸਾਨੂੰ ਬੜਾ ਹੈਰਾਨਕੁਨ ਲੱਗਦਾ ਹੈ ।

ਖੇਲ੍ਹ ਵਿਚ ਚਾਅ ਕਦੇ ਮੁੱਕਦਾ ਨਹੀਂ । ਨਦਰ ਪ੍ਰਾਪਤੀ ਵਾਲੇ ਤੇ ਰਜ਼ਾ ਵਿਚ ਟਿਕੇ ਨੂੰ ਵੀ ਇਹ ਜਗਤ ਪਰਮ ਪੁਰਖ ਦਾ ਸੱਚਾ ਖੇਲ੍ਹ ਹੀ ਲੱਗਦਾ ਹੈ ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸੱਚੇ ਦੇ ਪ੍ਰਬੰਧ ਵਿਚ ਕੋਈ ਉਕਾਈ ਨਹੀਂ । ਸਦਾ ਇਹ ਪ੍ਰਬੰਧ ਟੁਰਦਾ ਰਹੇਗਾ ।

ਉਸ ਨੂੰ ਸਾਡੀ ਨਮਸਕਾਰ ਹੈ ਜੋ ਮੁੱਢ ਤੋਂ ਹੈ । ਪਾਕ ਪਵਿੱਤ੍ਰ ਹੈ, ਸਦਾ ਹੈ ਤੇ ਜਿਸ ਦੀ ਸੱਤਾ ਹਰ ਇਕ ਵਿਚ ਅਛੋਪਲੇ ਜਿਹੇ ਕੰਮ ਕਰ ਰਹੀ ਹੈ ਤੇ ਸੋਝੀ ਦਈ ਜਾ ਰਹੀ ਹੈ । ਉਸ ਵਾਹਿਗੁਰੂ ਤੇ ਸਮੇਂ-ਸਥਾਨ ਦਾ ਕੋਈ ਪ੍ਰਭਾਵ ਨਹੀਂ ।

ਇਹ ਦ੍ਰਿੜ੍ਹ ਕਰਾ ਦਿੱਤਾ ਹੈ ਕਿ ਵਾਹਿਗੁਰੂ ਤੋਂ ਸਿਵਾ ਕੋਈ ਬ੍ਰਹਮਾ, ਵਿਸ਼ਨੂੰ ਜਾਂ ਸ਼ਿਵ ਨਹੀਂ ਤੇ ਨਾ ਹੀ ਮਾਇਆ ਦੀ ਕੋਈ ਵੱਖਰੀ ਹਸਤੀ ਹੈ ।

**ਸ਼ਬਦ-ਭਾਵ :**

**ਆਸਣੁ** : ਸਿੰਘਾਸਣ, ਟਿਕਿਆ ਹੋਇਆ ।
**ਲੋਇ ਲੋਇ** : ਕਈ ਲੋਕਾਂ ਵਿਚ ।
**ਭੰਡਾਰ** : ਨਿਰਬਾਹ ਲਈ ਸਾਮਾਨ ।
**ਸਾਚੀ ਕਾਰ** : ਠੀਕ ਪ੍ਰਬੰਧ ।

### ੩੨ (੧)

**ਇਕਦੂ ਜੀਭੌ ਲਖ ਹੋਹਿ**
**ਲਖ ਹੋਵਹਿ ਲਖ ਵੀਸ ॥**
**ਲਖੁ ਲਖੁ ਗੇੜਾ ਆਖੀਅਹਿ**
**ਏਕੁ ਨਾਮੁ ਜਗਦੀਸ ॥**
**ਏਤੁ ਰਾਹਿ ਪਤਿ ਪਵੜੀਆ**
**ਚੜੀਐ ਹੋਇ ਇਕੀਸ ॥**

**ਸੁਣਿ ਗਲਾ ਆਕਾਸ ਕੀ**
**ਕੀਟਾ ਆਈ ਰੀਸ ॥**
**ਨਾਨਕ ਨਦਰੀ ਪਾਈਐ**
**ਕੂੜੀ ਕੂੜੈ ਠੀਸ ॥ ੩੨ ॥**

ਇਸ ਪਉੜੀ ਵਿਚ ਵਰਜ ਰਹੇ ਹਨ ਕਿ ਉਸ ਨੂੰ ਪਾਉਣ ਦਾ ਰਾਹ ਕੋਈ **ਮਸ਼ੀਨ** ਵਾਂਗੂੰ ਬਗ਼ੈਰ ਭਾਵ ਦੇ ਰਟਨ ਨਹੀਂ, ਸਗੋਂ ਹਰ ਪੜ੍ਹੀ-ਸੁਣੀ ਗੱਲ ਨੂੰ ਆਤਮਾ ਵਿਚ ਟਿਕਾ ਕੇ ਉੱਚੇ ਤੋਂ ਉੱਚਾ ਉੱਠਣਾ ਹੈ ਅਤੇ ਇਤਨਾ ਉੱਚਾ ਕਿ ਉਸ ਉੱਚੇ ਥਾਂ ਤੇ ਜਾ ਪੁੱਜੇ, ਜਿੱਥੇ ਹਰ ਕਰਮ ਪਰਮ ਤੱਤ ਦੀ ਰੌਸ਼ਨੀ ਵਿਚ ਹੋਵੇ। ਇਹ ਉਚਾਈ ਕੇਵਲ ਸਿਮਰਨ ਰਾਹੀਂ ਹੀ ਛੁਹੀ ਜਾ ਸਕਦੀ ਹੈ। ਸਿਮਰਨ ਦੁਆਰਾ ਹੌਲੀ-ਹੌਲੀ ਜੀਵ ਪਤੀ ਪ੍ਰਮਾਤਮਾ ਦੇ ਮਹੱਲ ਦੀਆਂ ਪਉੜੀਆਂ ਚੜ੍ਹਦਾ ਜਾਂਦਾ ਹੈ। ਧਿਆਨ ਉਸ ਦਾ ਸਦਾ ਨਦਰ ਤੇ ਹੀ ਹੈ। ਕਰਮ ਦਾ ਅਧਿਕਾਰ ਨਹੀਂ ਅਤੇ ਅੰਤ ਨੂੰ ਇਕ-ਮਿਕ, ਇਕੀਸ ਹੋ ਜਾਂਦਾ ਹੈ :

**"ਨਦਰਿ ਤੁਧੁ, ਅਰਦਾਸ ਮੇਰੀ" ਸਿਖੀ ਰਾਹ ਹੈ।**

ਜੇ ਇਕ ਜ਼ਬਾਨ ਦੀਆਂ ਹੋਰ ਲੱਖਾਂ ਜ਼ਬਾਨਾਂ ਹੋ ਜਾਣ, ਨਹੀਂ-ਨਹੀਂ; ਲੱਖਾਂ ਤੋਂ ਵੀ ਗੁਣਾਂ ਤੇ ਉਸ ਇਕ ਨਾਲ ਲੱਖਾਂ ਵਾਰੀ ਵਾਰ-ਵਾਰ, ਇਕੋ ਜਗਤ ਦੇ ਮਾਲਕ ਦਾ ਨਾਮ ਲਈ ਜਾਈਏ ਤਾਂ ਇਸ ਨੂੰ ਮਸਾਂ ਆਖਾਂਗੇ ਕਿ ਉਹ ਭਗਤੀ ਦੇ ਰਾਹ ਪੈ ਗਿਆ ਹੈ। ਸੁਆਸਾਂ ਦੀ ਲੱਜ ਨੂੰ ਸਿਮਰਨ ਲਈ ਵਰਤਣਾ ਹੀ ਪਤਿ ਦੀ ਪਉੜੀਆਂ ਚੜ੍ਹ, ਪ੍ਰਭੂ ਪਾਸ ਜਾਣਾ ਹੈ। ਸਿਮਰਨ ਰਾਹੀਂ ਹੀ ਵਾਹਿਗੁਰੂ ਨਾਲ ਇੱਕ-ਮਿੱਕ ਹੋ ਸਕੀਦਾ ਹੈ। ਹੋਰ ਕੋਈ ਰਾਹ ਜਾਂ ਪਉੜੀ ਨਹੀਂ ਹੈ। ਪ੍ਰਭੂ ਦੇ ਰਾਹ ਵੱਲ ਸਿਮਰਨ ਦੀਆਂ ਜੋ ਪਉੜੀਆਂ ਜਾਂਦੀਆਂ ਹਨ, ਉਨ੍ਹਾਂ ਤੇ ਚੜ੍ਹੇ ਬਗ਼ੈਰ, ਉਸ ਉੱਚੇ ਤਕ ਪੁੱਜਣਾ ਅਸੰਭਵ ਹੈ।

ਜੇ ਕੋਈ ਵਾਹਿਗੁਰੂ ਦੀ ਪ੍ਰਾਪਤੀ ਦੇ ਰਸ ਦੀਆਂ ਆਕਾਸ਼ੀ ਗਾਥਾਂ ਸੁਣ ਕੇ, ਕਰਮਾਂ ਦੇ ਪੁੱਠੇ ਰਾਹ ਪੈ ਜਾਏ ਤਾਂ ਇੰਜ ਸਮਝੋ ਕਿ ਕਿਸੇ ਕੀੜੀ ਨੇ ਹੀਆ ਕੀਤਾ ਹੈ, ਉੱਚੇ ਆਕਾਸ਼ ਚੜ੍ਹਨ ਦਾ। ਗੁਰੂ ਨਾਨਕ ਜੀ ਦ੍ਰਿੜ੍ਹ ਕਰਾਂਦੇ ਕਹਿੰਦੇ ਹਨ ਕਿ ਨਿਰੰਤਰ ਥੋਇੰਤਹਾ **ਸਿਮਰਨ** ਕਰਨ ਵੇਲੇ ਵੀ ਦ੍ਰਿਸ਼ਟ ਨਦਰ ਤੇ ਹੀ ਰੱਖਣੀ ਹੈ ਕਿਉਂਕਿ ਪ੍ਰਾਪਤੀ ਬਖ਼ਸ਼ਸ਼ ਰਾਹੀਂ ਹੀ ਹੈ। ਜੇ ਕੋਈ ਦਾਅਵਾ ਕਰਦਾ ਹੈ ਕਿ ਉਸ ਨੇ ਕਰਮ ਕਰ ਕੇ ਜਾਂ ਕਿਸੇ ਹੋਰ **ਢੰਗ ਨਾਲ** ਪ੍ਰਭੂ ਦਾ ਦੀਦਾਰ ਪਾਇਆ ਹੈ, ਤਾਂ ਉਹ ਉਸ ਝੂਠੇ ਦੀ ਨਿਰੀ ਫੋਕੀ ਫੜ (ਠੀਸ) ਹੀ ਹੈ। ਕੀੜੀ ਦੀ ਚਾਲ (ਕਰਮਾਂ ਦੇ ਚੱਕਰ, ਰੀਤਾਂ ਦੇ ਜਾਲ ਤੇ ਤਪਾਂ ਦੇ ਹੱਠ) ਨਾਲ ਇਤਨੀ ਉੱਚਿਆਈ ਤੇ ਚੜ੍ਹਿਆ ਨਹੀਂ ਜਾ ਸਕਦਾ। ਐਸੇ ਕੀੜੇ (ਕਰਮਾਂ ਤੇ ਜ਼ੋਰ ਦੇਣ ਵਾਲੇ) ਵਿਚੇ ਹੀ ਥੱਕ ਕੇ ਬਹਿ ਜਾਣਗੇ। ਕਰਮ ਕਰਨ ਵਾਲੇ ਨੂੰ ਵੀ ਅੰਦਰੋਂ ਇਹ ਗਿਆਨ ਹੈ ਕਿ ਉੱਥੇ ਪੁੱਜਣ ਲਈ ਇਹ ਨਿਰਾ ਰਟਨ ਕਰਨ ਵਾਲਾ ਰਾਹ ਪੁੱਠਾ ਹੈ। ਠੀਕ ਰਾਹ **ਸਿਰਫ਼** ਨਦਰ ਦਾ ਹੈ। ਇਸ ਗਿਣਤੀ-ਮਿਣਤੀ ਦੇ ਚੱਕਰ ਵਿਚ ਸਿਰਫ਼ ਕੂੜੇ ਹੀ ਪੈਂਦੇ ਹਨ। ਕੀੜੀ ਦੀ ਇਹ ਭੁੱਲ ਹੈ ਕਿ ਜੇ ਉਹ ਸਮਝ ਲਵੇ ਕਿ ਉਹ ਪਉੜੀਆਂ ਤੁਰ ਕੇ **ਪਾਰ ਕਰ** ਲਵੇਗੀ। ਉਸ ਨੂੰ ਸਦਾ ਆਪਣੇ ਨਿਤਾਣੇ-ਪਣ ਅਤੇ ਨਿਮਾਣੇ ਜਤਨ ਦਾ ਗਿਆਨ **ਹੋਣਾ** ਚਾਹੀਦਾ ਹੈ।

**ਸ਼ਬਦ-ਭਾਵ :**

**ਲਖ ਵੀਸ** : ਵੀਹ ਗੁਣਾਂ ਲੱਖ ਦਾ ।
**ਗੇੜਾ** : ਵਾਰੀ, ਬਾਰ-ਬਾਰ ।
**ਪਤਿ ਪਉੜੀਆਂ** : ਸਿਮਰਨ ਦੇ ਰਾਹ ਦੀਆਂ ਪਉੜੀਆਂ ।
**ਇਕੀਸ** : ਇੱਕ-ਮਿੱਕ ।
**ਕੀਟਾ** : ਕਰਮੀ ਕੀੜਿਆਂ ਨੂੰ ।
**ਰੀਸ** : ਨਕਲ ਕਰਨ ਦਾ ਖ਼ਿਆਲ ।
**ਕੂੜੀ** : ਝੂਠੇ ।
**ਕੂੜੀ ਠੀਸ** : ਫੋਕੀ ਫੜ, ਨਿਰਾ ਝੂਠ ।

**੩੩ (੭)**

**ਆਖਣਿ ਜੋਰੁ ਚੁਪੈ ਨਹ ਜੋਰੁ ॥**
**ਜੋਰੁ ਨ ਮੰਗਣਿ ਦੇਣਿ ਨ ਜੋਰੁ ॥**
**ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥**
**ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥**
**ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥**
**ਜੋਰੁ ਨ ਜੁਗਤੀ ਛੁਟੈ ਸੰਸਾਰੁ ॥**
**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥**
**ਨਾਨਕ ਉਤਮੁ ਨੀਚੁ ਨ ਕੋਇ ॥ ੩੩ ॥**

ਅਗਲੀਆਂ ਪੰਜ ਪਉੜੀਆਂ ੩੩ਵੀਂ ਤੋਂ ੩੭ਵੀਂ ਵਿਚ ਜਪੁ ਸਾਹਿਬ ਦੇ ਸਾਰੇ ਸਿਧਾਂਤਾਂ ਨੂੰ ਫਿਰ ਤੱਤ-ਸਾਰ ਰੂਪ ਵਿਚ ਦਰਸਾਂਦੇ ਹਨ । ਇਹ ਇਸ ਲਈ ਕੀਤਾ ਗਿਆ ਹੈ ਕਿ ਆਤਮਿਕ ਚੜ੍ਹਾਊ ਦਾ ਰਾਹ ਸੁਖਾਲਾ ਤੇ ਸਿੱਧਾ-ਪੱਧਰਾ ਹੋ ਜਾਏ । ਜਿਵੇਂ ਇਥੇ ੩੩ਵੀਂ ਪਉੜੀ ਵਿਚ ਨਾਮ ਤੇ ਨਦਰ ਦਾ ਮਾਰਗ ਦਰਸਾਇਆ ਗਿਆ ਹੈ ਤੇ ਪ੍ਰਗਟ ਕੀਤਾ ਗਿਆ ਹੈ ਕਿ ਸਿੱਖੀ ਮਾਰਗ ਜ਼ੋਰ ਦਾ ਨਹੀਂ, ਇਹ ਸਹਿਜ ਮਾਰਗ ਹੈ । ਜ਼ੋਰ ਨਾਲ ਜੋ ਪ੍ਰਾਪਤੀ ਕੀਤੀ ਜਾਂਦੀ ਹੈ, ਉਹ ਆਪਣੇ ਹੀ ਮਿੱਥੇ ਮਨੋਰਥ ਦੇ ਉਲਟ ਜਾਂਦੀ ਹੈ । ਜੇ ਕੋਈ ਜ਼ੋਰ ਲਗਾ ਕੇ ਨੀਂਦ ਲੈਣਾ ਚਾਹੇਗਾ ਤਾਂ ਨਹੀਂ ਮਿਲੇਗੀ । ਨੀਂਦ ਤਾਂ ਕਿਸੇ ਸਹਿਜ ਭਾਵ ਟਿਕਿਆਂ ਮਿਲੇਗੀ । ਰਾਹ ਦਾ ਵੇਰਵਾ ਪੁਰਾਤਨ ਹਿੰਦੁਸਤਾਨੀ ਵਿਚਾਰਧਾਰਾ ਵਿਚ ਬਹੁਤ ਵਾਰੀ ਦਰਸਾਇਆ ਗਿਆ ਹੈ । ਜਿਵੇਂ ਕੌਸ਼ਤਿਕ ਵਿਚ ਪਹਿਲਾਂ ਚੰਦਰ ਦੇਸ਼, ਫਿਰ ਦੇਵਆਨ ਦੀ ਦੁਨੀਆਂ, ਅਗਨੀ, ਵਾਯੂ, ਵਰੁਣ, ਇੰਦਰ, ਪ੍ਰਜਾਪਤੀ ਤੇ ਅੰਤ ਵਿਚ ਬ੍ਰਹਮ ਨੂੰ ਪਾਉਂਦਾ ਦਿਖਾਇਆ ਹੈ । ਇਸੇ ਤਰ੍ਹਾਂ ਈਸ-ਕਥਾ ਵਿਚ ਆਤਮਾ ਇੰਦਰੀਆਂ ਤੇ ਅਰਥ, ਮਾਨਸ, ਬੁੱਧੀ, ਮਹੱਤ (ਆਤਮ ਪਸਾਰਾ) ਤੋਂ ਅਵਯੁਕਤ, (ਅਦ੍ਰਿਸ਼ਟ ਜਗਤ) ਤੋਂ ਅੰਤ ਵਿਚ ਪੁਰਖ ਪਾਸ ਪੁੱਜ ਜਾਂਦੀ ਹੈ । ਥੋੜ੍ਹੇ ਬਹੁਤੇ ਬਦਲ ਨਾਲ ਗੀਤਾ ਵਿਚ ਵੀ ਇਸੇ ਰਾਹ ਦਾ ਜ਼ਿਕਰ ਆਉਂਦਾ ਹੈ ।

SIKHBOOKCLUB.COM

ਬ੍ਰਿਹਿਦਰ ਨਾਇਕ ਵਿਚ ਜਗਤ "ਵੈਸ਼ਨਵ" ਹੈ । ਇਥੋਂ ਆਤਮਾ ਤੇਜਸ ਜਾਂ ਸੁਪਨ ਅਵੱਸਥਾ ਵਿਚ ਜਾਂਦੀ ਹੈ । ਜਿੱਥੇ ਸੁੱਖ, ਦੁੱਖ, ਈਰਖਾ, ਪਿਆਰ ਤਾਂ ਹੁੰਦਾ ਹੈ, ਪਰ ਇਹ ਸੱਭ ਖ਼ਿਆਲੀ-ਖ਼ਿਆਲੀ, ਪ੍ਰਤੱਖ ਵਿਚ ਨਹੀਂ ਹੁੰਦਾ । ਉਥੋਂ ਆਤਮਕ, ਸ਼ਸੌਪਤੀ ਜਾਂ ਗਿਆਨ ਅਵੱਸਥਾ, ਜਿਸ ਨੂੰ ਸੁਪਨ-ਰਹਿਤ ਵੀ ਕਹਿੰਦੇ ਹਨ, ਪੁੱਜਦੀ ਹੈ । ਉਥੇ ਪੁੱਜ ਆਤਮਕ ਜ਼ੀਊੜੇ ਨੂੰ ਪ੍ਰਭੂ ਸੱਭ ਦਾ ਸੁਵੇਸ਼ਵਰ ਤੇ ਸੱਭ ਦਾ ਮੂਲ (ਯੋਨ) ਲੱਗਦਾ ਹੈ । ਇਸ ਅਵੱਸਥਾ ਵਿਚ ਪੁੱਜ ਕੇ ਹਰ ਇਕ ਵਿਚ ਉਹ ਤੇ ਉਸ ਵਿਚ ਹਰ ਕੋਈ ਦਿੱਸਦਾ ਹੈ । ਇਥੋਂ ਆਤਮਾ ਕਿਸੇ ਵੀ ਅਵੱਸਥਾ ਵਿਚ ਜਾਗਤ ਜਾਂ ਸੁਪਨ ਵਿਚ ਜਾ ਸਕਦੀ ਹੈ । ਜਦ ਤਕ ਤੁਰੀਆ ਵਿਚ ਨਾ ਜਾਏ ਆਤਮਾ ਪਰਮਾਤਮਾ ਨਹੀਂ ਹੋ ਸਕਦੀ ।

ਪਿੱਛੋਂ ਜਾ ਕੇ ਮਹਾਤਮਾ ਬੁੱਧ ਨੇ ਰਾਹ ਤੇ ਤਾਂ ਜ਼ੋਰ ਦਿੱਤਾ ਪਰ ਅਵੱਸਥਾਵਾਂ ਦੇ ਵੇਰਵੇ ਨੂੰ ਛੱਡ ਦਿੱਤਾ । ਇਹ ਹੀ ਕਿਹਾ ਜਾਂਦਾ ਰਿਹਾ ਕਿ ਅਸੀਂ ਮੈਲੇ ਹਾਂ, ਉਹ ਉੱਜਲ ਹੈ, 'ਬ੍ਰਹਮ ਨਿਰਨਰਾਣਿ, ਬੁੱਧ-ਨਿਰੰਜਨ' ਹੈ । ਸਭ ਜਿਊੜੇ ਬੁੱਧ ਬਣ ਸਕਦੇ ਹਨ ਜੇ ਮੈਲ ਦੂਰ ਕਰ ਲਈ ਜਾਏ, ਸੋ ਆਤਮਿਕ ਅਵੱਸਥਾ ਵਾਲੀ ਗੱਲ ਤਕਰੀਬਨ ਮੁੱਕ ਹੀ ਗਈ ।

ਜਪੁ ਵਿਚ ਐਸਾ ਨਹੀਂ ਦਰਸਾਇਆ ਗਿਆ । ਇਥੇ ਵੱਖਰੀ ਗੱਲ ਕੀਤੀ ਹੈ । ਪਰੰਪਰਾ ਨਾਲੋਂ ਟੁੱਟ ਕੇ ਵੱਖ ਗੱਲ ਕਹੀ ਹੈ । ਆਤਮਾ, ਜੋ ਉਸ ਦੇ ਰਾਹ ਤੇ ਚੱਲ ਪਈ ਹੈ, ਪਹਿਲਾਂ ਉਸ ਦੀ ਸਾਜੀ ਸ੍ਰਿਸ਼ਟੀ ਦਾ ਸੁਆਦ ਮਾਣ ਕੇ ਉਸ ਵਿਚ ਹੀ ਟਿਕਦੀ ਹੈ । ਉਥੋਂ ਅੱਗੇ ਵਧ ਕੇ ਵਿਸ਼ਵ ਸੰਜਮ ਜਾਂ ਸਰਵ-ਵਿਆਪੀ ਧਰਮ ਨੂੰ ਅਪਣਾਉਂਦੀ ਹੈ । ਐਸੀ ਆਤਮਾ ਫਿਰ ਸੰਸਾਰੀ ਨਾ-ਰਹਿ ਕੇ ਦੈਵੀ ਹੋ ਜਾਂਦੀ ਹੈ ।

ਇਹ ਗੁਰੂ ਪਾਤਸ਼ਾਹ ਦਾ ਨਿੱਜੀ ਤਜਰਬਾ ਹੈ ਤੇ ਹਿੰਦੁਸਤਾਨੀ ਵਿਚਾਰਧਾਰਾ ਤੋਂ ਲੱਭਣ ਦੀ ਕੋਸ਼ਿਸ਼ ਵਿਅਰਥ ਜਾਏਗੀ । ਵੱਧ ਤੋਂ ਵੱਧ ਖਿੱਚ-ਧੂ ਕੇ ਉਪਨਿਸ਼ਦਾਂ ਦੇ ਗਿਆਨ ਖੰਡ ਜਾਂ ਸੁਪਨ ਅਵੱਸਥਾ ਨਾਲ, ਕਰਮ ਖੰਡ (ਨਦਰ ਦਾ ਪੜਾ) ਨੂੰ ਸੁਪਨ ਰਹਿਤ ਤੇ ਸੱਚ ਖੰਡ ਨੂੰ ਤੁਰਿਆਂ ਨਾਲ ਕਈ ਮੇਲ ਦੇਣਗੇ, ਪਰ ਨਾ ਹੀ ਗਿਆਨ ਖੰਡ ਤੇ ਨਾ ਹੀ ਧਰਮ ਖੰਡ ਦਾ ਕਿਧਰੇ ਜ਼ਿਕਰ ਹੈ । ਉਪਨਿਸ਼ਦਾਂ, ਗੀਤਾਂ ਅਤੇ ਵੇਦਾਂ ਨੇ ਗਿਆਨ ਨੂੰ ਥਾਂ ਤਾਂ ਉੱਚੀ ਦਿੱਤੀ ਹੈ, ਪਰ ਉਪਨਿਸ਼ਦਾਂ ਤੇ ਵੇਦਾਂਤ ਦੀ ਅੰਤਰ ਝਾਕਣੀ ਦਾ ਜਪੁ ਵਾਲਾ ਧਰਮ ਜਾਂ ਗਿਆਨ ਕਿਸੇ ਵੀ ਅਰਥ ਵਿਚ ਨਹੀਂ ਕਿਹਾ ਜਾ ਸਕਦਾ । ਵੇਦਾਂਤ ਸਾਰ ਵਿਚ ਗਿਆਨ ਅਦਵੈਤ ਲਈ ਹੈ, ਪਰ ਜਪੁਜੀ ਤੇ ਉਸ ਦਾ ਸਾਰਾ ਗਿਆਨ ਉਸ ਦੀ ਸ੍ਰਿਸ਼ਟੀ ਨੂੰ ਜਾਨਣ ਲਈ ਹੈ ਜਿਸ ਨੂੰ ਭਾਰਤੀ ਵਿਚਾਰਧਾਰਾ ਨੀਵਾਂ ਜਾਂ ਤੁੱਛ ਕਹਿੰਦਾ ਰਿਹਾ ਹੈ । ਜਪੁ ਅਤੇ ਵੇਦਾਂਤ ਤੇ ਉਪਨਿਸ਼ਦਾਂ ਦਾ ਮੋਟਾ ਅੰਤਰ ਹੀ ਇਹ ਹੈ ਕਿ ਵੇਦਾਂਤ ਤੇ ਉਪਨਿਸ਼ਦਾਂ ਵਿਚ ਸ੍ਰਿਸ਼ਟੀ ਦੇ ਪਾਲਣ, ਬਣਨ ਤੇ ਉਸਰਨ ਵੱਲ ਰਤਾ ਵੀ ਧਿਆਨ ਨਹੀਂ ਦਿੱਤਾ ਗਿਆ, ਸਗੋਂ ਮਾਇਆ ਕਹਿ ਕੇ ਬਹੁਤੀ ਵਾਰੀ ਦੁਰਕਾਰਿਆ ਗਿਆ ਹੈ, ਪਰ ਇਥੇ ਜਪੁਜੀ ਵਿਚ 'ਸਚੇ ਕੀ ਸਚੀ ਕਾਰ' ਕਹਿ ਕੇ ਸਤਿਕਾਰਿਆ ਗਿਆ ਹੈ । 'ਸਚੇ ਤੇਰੇ ਖੰਡ ਸਚੇ ਬ੍ਰਹਿਮੰਡ' ਗੁਰੂ ਨਾਨਕ ਜੀ ਦਾ ਹੀ ਫ਼ਰਮਾਨ ਹੈ ।

ਜਪੁ ਸਾਹਿਬ ਵਿਚ ਪੰਚ ਦਾ ਉੱਚ ਅਸਥਾਨ ਹੈ ਅਤੇ ਪੰਚ ਹੀ ਆਤਮਿਕ ਉਚਾਈਆਂ ਛੋਹਣ ਜੋਗੇ ਹਨ । ਗਿਆਨ ਖੰਡ ਜ਼ਰੂਰੀ ਹੈ ਤਾਂਕਿ ਕੁਦਰਤ ਤੋਂ ਬਲਿਹਾਰ ਹੋਇਆ ਜਾ ਸਕੇ ਅਤੇ ਸਰਮ ਖੰਡ, ਅੰਤਰ ਆਤਮੇ ਇਸ਼ਨਾਨ, 'ਅੰਤਰਗਤਿ ਤੀਰਥ ਮਲਿ ਨਾਉ' ਕਰ ਕੇ

www.sikhbookclub.com

ਸੁਰਤਿ, ਮਤ, ਮਨ ਤੇ ਬੁੱਧ ਨੂੰ ਘੜਿਆ ਜਾ ਸਕਦਾ ਹੈ । ਉਸ ਦੇ ਸਰੰਖਸ਼ਕ ਪੰਚ ਆਖੇ ਜਾ ਸਕਦੇ ਹਨ । ਪਲੈਟੋ ਨੇ ਰੀਪਬਲਿਕ ਵਿਚ ਕੁਝ ਐਸਾ ਰਲਦਾ-ਮਿਲਦਾ ਖ਼ਿਆਲ ਦਿੱਤਾ ਸੀ ਜਿਸ ਨੂੰ ਚਿੰਤਕ-ਰਾਜਾ (ਫ਼ਿਲਾਸਫ਼ਰ-ਕਿੰਗ) ਕਿਹਾ । ਗਿਆਨ ਖੰਡ ਅਤੇ ਧਰਮ ਖੰਡ ਨੂੰ ਅਧਿਆਤਮਕ ਵਿਚਾਰਾਂ ਦੀ ਸਮੀਖਿਆ (ਟਰੇਨਿੰਗ ਇਨ ਡਾਇਲੈਕਟਿਕ) ਕਿਹਾ ਜਾ ਸਕਦਾ ਹੈ ।

ਇਸ ਤੇਤੀਵੀਂ ਪਉੜੀ ਵਿਚ ਸਾਵਧਾਨ ਕੀਤਾ ਗਿਆ ਹੈ ਕਿ ਆਤਮਕ ਪੈਂਡੇ ਪਿਆਂ ਇਨਸਾਨ ਆਪਣੇ ਆਪ ਨੂੰ ਦੂਜੇ ਨਾਲੋਂ ਵਡੇਰਾ ਜਾਂ ਵੱਖ ਨ ਗਿਣਨ ਲੱਗ ਪਏ, ਉਹ ਅਹੰਕਾਰ ਛੱਡ ਨਿਮ੍ਰਤਾ ਸਹਿਤ ਵਿਚਰੇ । ਅਹੰਕਾਰ ਕਿਸ ਗੱਲ ਦਾ ਜਦ ਇਸ ਦੇ ਵੱਸ ਕੁਝ ਨਹੀਂ । ਕਿਸੇ ਵੀ ਸਰੀਰਕ, ਮਾਨਸਿਕ, ਆਰਥਿਕ, ਆਤਮਿਕ, ਸਦਾਚਾਰਕ, ਉੱਨਤੀ ਦਾ ਕਾਰਨ ਜ਼ੋਰ ਜਾਂ ਆਪਾ ਨਹੀਂ ।

ਜ਼ੋਰ ਨਾਲ ਸਿਮਰਣ ਨਹੀਂ ਹੋ ਸਕਦਾ ਅਤੇ ਨਾ ਹੀ ਅੰਦਰਲੇ ਨੂੰ ਸ਼ਾਂਤ ਕੀਤਾ ਜਾ ਸਕਦਾ ਹੈ । ਅਰਦਾਸ ਵਿਚ ਦਾਅਵਾ ਨਹੀਂ ਅਤੇ ਨਾ ਹੀ ਜ਼ੋਰੀਂ ਮੰਗਿਆਂ ਕਿਸੇ ਨੂੰ ਕੋਈ ਦੇਂਦਾ ਹੈ । ਦਾਨ ਜਬਰੀਂ ਨਹੀਂ ਹੋ ਸਕਦਾ । ਆਪਣੇ ਵੱਸ ਨਹੀਂ ਹੈ, ਜਨਮ ਤੇ ਨਾ ਹੀ ਮੌਤ । ਨਾ ਕੋਈ ਗੱਲ ਜ਼ੋਰ ਨਾਲ ਮੰਨਵਾਈ ਜਾ ਸਕਦੀ ਹੈ ਤੇ ਨਾ ਹੀ ਹਕੂਮਤ ਹਥਿਆਂਦੀ ਹੈ ਅਤੇ ਨਾ ਹੀ ਫ਼ਰਮਾਨ ਜਾਰੀ ਕਰ ਜ਼ੋਰੀਂ ਮੰਨਾਏ ਜਾ ਸਕਦੇ ਹਨ । ਫਿਰ ਰਾਜ ਮਾਲ ਕਾਰਨ ਆਫ਼ਰ-ਆਫ਼ਰ ਫਿਰਨਾ ਤੇ ਮਨ-ਮਰਜ਼ੀਆਂ (ਮਨਿ ਸੋਰੁ) ਕਰਨੀਆਂ ਕਿੱਥੋਂ ਦੀ ਸਿਆਣਪ ਹੈ ।

SIKHBOOKCLUB.COM

ਨਾ ਹੀ ਹੱਠ ਨਾਲ ਅੰਦਰਲਾ ਜਗਾਇਆ ਜਾ ਸਕਦਾ ਹੈ, ਨਾ ਹੀ ਜ਼ੋਰ ਨਾਲ ਰੂਹਾਨੀ ਗਿਆਨ ਪ੍ਰਾਪਤ ਹੋ ਸਕਦਾ ਹੈ ਤੇ ਨਾ ਹੀ ਕੋਈ ਦਾਅਵਾ ਕਰ ਸਕਦਾ ਹੈ ਕਿ ਜੋ ਵਿਚਾਰ ਉਹ ਪੇਸ਼ ਕਰ ਰਿਹਾ ਹੈ, ਆਖ਼ਰੀ ਹੈ । ਕਿਸੇ ਹੱਠ ਤਪ ਕਾਰਨ ਜਗਤ ਦੇ ਬੰਧਨ ਨਹੀਂ ਤੋੜੇ ਜਾ ਸਕਦੇ । ਮਾਇਆ ਦੀ ਫਾਹੀ ਵਿਚੋਂ ਕਿਸੇ ਤਪ ਨਾਲ ਨਿਕਲਣ ਨਹੀਂ ਹੋਣਾ ।

ਜੇ ਕੋਈ ਹੰਕਾਰੀ ਜ਼ੋਰ ਤਕਾਣਾ ਚਾਹੁੰਦਾ ਹੈ, ਬੇਸ਼ੱਕ ਤਕਾ ਕੇ ਦੇਖ ਲਵੇ, ਉਸ ਨੂੰ ਠੇਡੇ ਹੀ ਖਾਣੇ ਪੈਣਗੇ । ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਕਿਸੇ ਦੇ ਆਪਣੇ ਵੱਸ ਨਹੀਂ, ਆਤਮਿਕ ਉਚਾਈ ਨੂੰ ਪਾਉਣਾ ਜਾਂ ਜਨਮਾਂ ਵਿਚ ਭਟਕਦੇ ਰਹਿਣਾ ।

'ਉਤਮ ਨੀਚੁ ਨ ਕੋਇ' । ਸੱਭ ਪ੍ਰਭੂ ਦੇ ਵੱਸ ਹੈ ।

ਹੱਠਾਂ ਜ਼ੋਰਾਂ ਵਾਲੇ ਮੂੰਹ ਦੀ ਖਾਂਦੇ ਹਨ ।

ਸਦਾਚਾਰੀ ਕੌਣ ਹੈ ਤੇ ਦੁਰਾਚਾਰੀ ਕਿਹੜਾ ਹੈ ਦੇ ਵਾਦ-ਵਿਵਾਦ ਨੂੰ ਛੱਡ ਕੇ ਸਿਮਰਨ ਦੇ ਰਾਹ ਤੁਰਨ ਦਾ ਨਿਸ਼ਚਾ ਕਰ ਟੁਰ ਪੈਣਾ ਹੀ ਅਸਲ ਕਰਮ ਹੈ ।

**ਸ਼ਬਦ-ਭਾਵ** :

**ਜੋਰੁ** : ਜ਼ੋਰ, ਹੱਠ, ਤਾਕਤ, ਆਪਣੇ ਵੱਸ ਦੀ ਗੱਲ (**With in Man's Power**).

**ਆਖਣਿ** : ਸਿਮਰਨ ।

**ਚੁਪੈ** : ਅੰਦਰਲਾ ਸ਼ਾਂਤ ਕਰਨਾ ।

**ਮੰਗਣੁ** : ਅਰਦਾਸ ਪੂਰੀ ਕਰਵਾ ਲੈਣੀ ।
**ਰਾਜਿ** : ਹਕੂਮਤ ।
**ਮਾਲਿ** : ਮਾਲ ਮੱਤਾ, ਰੁਪਿਆ ਪੈਸਾ, ਧੰਨ ਦੌਲਤ ।
**ਮਨਿ ਸੋਰੁ** : ਫ਼ਰਮਾਨ ਕੱਢ ਕਾਨੂੰਨ ਬਣਾਉਣਾ, ਲੋਕਾਂ ਦੀ ਮਰਜ਼ੀ ਤੋਂ ਬਗ਼ੈਰ, ਮਨਸੂਰ (Royal Decree).
**ਸੁਰਤੀ** : ਅੰਦਰਲਾ ਜਗਾਉਣਾ ।
**ਗਿਆਨਿ** : ਰੂਹਾਨੀ ਸਮਝ ।
**ਵੀਚਾਰਿ** : ਸਮਝੀ ਗੱਲ ਨੂੰ ਸਮਝਾਉਣਾ ।
**ਜੁਗਤੀ** : ਵਿਉਂਤ, ਵਿਧੀ ।
**ਛੁਟੈ ਸੰਸਾਰੁ** : ਜਨਮ ਮਰਨ ਮੁੱਕ ਜਾਏ. ਮਾਇਆ ਦੇ ਬੰਧਨ ਟੁੱਟ ਜਾਣ ।
**ਜਿਸੁ ਹਥਿ ਜੋਰੁ**
**ਕਰ ਵੇਖੈ ਸੋਇ** : ਜੇ ਕੋਈ ਜ਼ੋਰ ਵਾਲਾ ਜ਼ੋਰ ਤਕਾਉਣਾ ਚਾਹੁੰਦਾ ਹੈ ਤੱਕਾ ਕੇ ਦੇਖ ਲਵੇ । ਆਖ਼ਿਰ ਮੂੰਹ ਦੀ ਹੀ ਖਾਣੀ ਪਵੇਗੀ ।
**ਉਤਮੁ** : ਆਤਮਕ ਉਚਿਆਈ, ਸਦਾਚਾਰੀ ।
**ਨੀਚੁ** : ਰੂਹਾਨੀ ਨੀਵਾਣ, ਦੁਰਾਚਾਰੀ ।

### ੩੪ (੭)

**ਰਾਤੀ ਰੁਤੀ ਥਿਤੀ ਵਾਰ ॥**
**ਪਵਣ ਪਾਣੀ ਅਗਨੀ ਪਾਤਾਲ ॥**
**ਤਿਸੁ ਵਿਚਿ ਧਰਤੀ**
**ਥਾਪਿ ਰਖੀ ਧਰਮਸਾਲ ॥**
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥**
**ਤਿਨ ਕੇ ਨਾਮ ਅਨੇਕ ਅਨੰਤ ॥**
**ਕਰਮੀ ਕਰਮੀ ਹੋਇ ਵੀਚਾਰੁ ॥**
**ਸਚਾ ਆਪਿ ਸਚਾ ਦਰਬਾਰੁ ॥**
**ਤਿਥੈ ਸੋਹਨਿ ਪੰਚ ਪਰਵਾਣੁ ॥**
**ਨਦਰੀ ਕਰਮਿ ਪਵੈ ਨੀਸਾਣੁ ॥**
**ਕਚ ਪਕਾਈ ਓਥੈ ਪਾਇ ॥**
**ਨਾਨਕ ਗਇਆ ਜਾਪੈ ਜਾਇ ॥ ੩੪ ॥**

ਉਸ ਆਤਮਿਕ ਪੈਂਡੇ ਪੈਂਦਿਆਂ ਪਹਿਲਾ ਪੜਾ, ਅਵੱਸਥਾ ਅਤੇ **ਧਰਮ ਹੈ । ਇਸ ਸਰੀਰਕ** ਜਾਮੇ ਵਿਚ ਰਹਿ ਕੇ ਫ਼ਰਜ਼ਾਂ ਨੂੰ ਨਿਭਾਉਣਾ ਹੈ । **ਧਰਮ ਦਾ ਕਰਤੱਵ** ਨਿਭਾਂਦਿਆਂ ਇਹ ਜੀਉੜਾ ਆਪਣੇ ਆਪ ਨੂੰ ਉਸ ਪ੍ਰਸੰਗ ਵਿਚ ਪਾਂਦਾ ਹੈ । **ਜਿਵੇਂ ਸੱਭ** ਤੋਂ ਪਹਿਲਾਂ ਭੌਤਿਕ ਸਿਲਸਿਲਾ (ਫ਼ਿਜ਼ੀਕਲ ਸਿਸਟਮ) ਹੈ, ਦਿਨ, ਹਫ਼ਤੇ, ਮਹੀਨੇ, ਰੁੱਤਾਂ, ਵਾਤਾਵਰਣ ਤੇ ਧਰਤ ਜਿੱਥੇ ਖਣਿਜ ਤੇ ਉੱਪਜ ਨਿਕਲਦੀ ਹੈ ਉਸ ਦੇ ਸਾਹਮਣੇ ਆਉਂਦੇ

www.sikhbookclub.com

ਹਨ । ਇਸ ਧਰਮ ਅਵੱਸਥਾ ਵਿਚ ਇਹ ਦਰਸਾਇਆ ਗਿਆ ਹੈ ਕਿ ਆਤਮਕ ਰਾਹੀ ਨੇ ਜਗਤ ਨੂੰ ਧਰਮਸਾਲ ਕਰ ਜਾਣਨਾ ਹੈ ।

ਦੂਜਾ ਸਮਾਜਕ ਸਿਲਸਿਲਾ (ਸੋਸ਼ਲ ਸਿਸਟਮ) ਹੈ ਜਿੱਥੇ ਸਾਡਾ ਵਾਹ ਅਨੇਕਾਂ ਸੁਭਾਵਾਂ, ਆਦਤਾਂ, ਰੀਤੀਆਂ, ਮਰਿਆਦਾ ਦੇ ਭਾਵਾਂ ਨਾਲ ਪੈਂਦਾ ਹੈ । ਇਸ ਭੌਤਿਕ ਤੇ ਸਮਾਜਕ ਦਸ਼ਾ ਵਿਚ ਸਮਾਜ ਇਸ ਧਰਮੀ ਜੀਉੜੇ ਕੋਲੋਂ ਆਸ ਰੱਖਦਾ ਹੈ ਕਿ ਉਹ ਕਿਸੇ ਮਿਥੀ ਮਿਆਰੀ ਸਦਾਚਾਰਕ ਪੱਧਰ ਤੋਂ ਡਿੱਗੇਗਾ ਨਹੀਂ । ਦੱਸੇ ਕਰਤੱਵ ਨਿਭਾ ਜਾਏਗਾ । ਚੰਗੇ ਤੇ ਮਾੜੇ (ਕਚ ਪਕਾਈ) ਦਾ ਨਿਰਣਾ ਭਾਵੇਂ ਉਸ ਦੇ ਦਰਬਾਰ ਹੋਣਾ ਹੈ ਪਰ ਉਹ ਮਿਥੇ ਮਿਯਾਰ ਤੋਂ ਡਿੱਗੇਗਾ ਨਹੀਂ । ਜੋ ਇਸ ਪੱਧਰ ਤੇ ਪੂਰੇ ਟਿਕਦੇ ਹਨ ਉਹ ਬਹੁਤੇ ਨਹੀਂ ਹਨ । ਇਨ੍ਹਾਂ ਮਰਿਆਦਾ-ਪ੍ਰਸਤਾਂ ਵਿਚੋਂ ਕੇਵਲ ਪੰਚ ਹੀ ਉੱਭਰਦੇ ਹਨ ।

ਇਸ ਪਉੜੀ ਵਿਚ ਉਸ ਸੱਚੇ ਦਰਬਾਰ ਤੇ ਕਸਵੱਟੀ ਦਾ ਵਰਨਣ ਹੈ ਜਿਸ ਰਾਹੀਂ ਧਰਮੀ ਜੀਉੜੇ ਦੀ ਪਰਖ ਹੋਣੀ ਹੈ :

''ਹਰਿ ਆਪਿ ਬਹਿ ਕਰੇ ਨਿਆਉ,
ਕੂੜਿਆਰ ਸਭ ਮਾਰਿ ਕਢੋਇ ॥
ਸਚਿਆਰਾ ਦੇਇ ਵਡਿਆਈ.
ਹਰਿ ਧਰਮ ਨਿਆਉ ਕੀਓਇ ॥''

**(ਸਿਰੀ ਰਾਗ ਕੀ ਵਾਰ ਮਹਲਾ ੪, ਪੰਨਾ ੮੯)**

SIKHBOOKCLUB.COM

ਉਹ ਸੱਚਾ ਪਾਤਸ਼ਾਹ ਪੰਚ ਨੂੰ ਆਪਣੇ ਕੋਲ ਬੁਲਾ ਲੈਂਦਾ ਹੈ ਅਤੇ ਜੋ ਉਸ ਦਰਬਾਰ ਦਾਖਲ ਨਹੀਂ ਹੋ ਸਕਦੇ ਉਹ ਨਦਰ ਵੀ ਨਹੀਂ ਲੈ ਸਕਦੇ । ਧਰਮ ਵਿਚ ਦ੍ਰਿੜ੍ਹ ਹੋਣਾ (ਪੱਕ ਜਾਣਾ) ਉਸ ਦੀ ਨਦਰ ਪ੍ਰਾਪਤੀ ਦਾ ਹੀ ਚਿੰਨ੍ਹ ਹੈ ।

ਜਦ ਕੋਈ ਜ਼ੋਰ ਤੇ ਆਪਣੇ ਵੱਸ ਦੀ ਗੱਲ ਨਹੀਂ ਚਲ ਸਕਦੀ ਤਾਂ ਜੀਅੜਾ ਕੀ ਕਰੇ ? ਦੱਸਦੇ ਹਨ ਕਿ ਧਰਮ ਕਮਾਵੇ ।

ਇਹ ਦਿਨ ਰਾਤ ਤੇ ਮੌਕੇ (ਰੁਤੀ), ਹਵਾ, ਪਾਣੀ, ਅਗਨੀ ਤੇ ਪਾਤਾਲ ਤੇ ਵਿਚਕਾਰ ਧਰਤੀ ਸਾਜੀ ਹੈ ਕਿ ਮਨੁੱਖ ਇਥੇ ਧਰਮ ਕਮਾਵੇ । ਇਸ ਨੂੰ ਪੱਕਾ ਟਿਕਾਣਾ ਹੀ ਨਾ ਜਾਣ ਲਵੇ । ਧਰਮਸਾਲ ਹੀ ਸਮਝੇ । ਇਥੇ ਹੀ ਕਈ ਕਿਸਮਾਂ ਦੇ ਜੀਵ ਤੇ ਕਈ ਤਰ੍ਹਾਂ ਦੀ ਰੰਗ-ਬਰੰਗੀ ਦੁਨੀਆਂ ਹੈ । ਅਨੇਕਾਂ ਤੇ ਬੇਹਿਸਾਬ ਨਾਮ ਹਨ । ਕਿਸੇ ਦਾ ਜ਼ੋਰ ਤੇ ਸਫ਼ਾਰਸ਼ ਨਹੀਂ ਚੱਲਣੀ । ਦੁਨੀਆਂ ਤੇ ਸਮਾਜ ਵਿਚ ਰਹਿ ਕੇ ਧਰਮੀ ਜੀਉੜਾ ਜਿਹੋ ਜਿਹਾ ਕਿਰਦਾਰ ਨਿਭਾਂਦਾ ਹੈ, ਉਸ ਮੁਤਾਬਕ ਹੀ ਨਿਰਣਾ ਦਿੱਤਾ ਜਾਣਾ ਹੈ । ਇਹ ਉਨ੍ਹਾਂ ਲਈ ਹੈ ਜੋ ਕਰਮਾਂ ਤੇ ਜ਼ੋਰ ਦਿੰਦੇ ਤੇ ਸਿਫ਼ਾਰਸ਼ (ਹਾਮਾ) ਨੂੰ ਮਾਣਦੇ ਹਨ । ਸੱਭ ਦੇ ਲੇਖੇ ਜੀਵ ਦੇ ਕੀਤੇ ਮੁਤਾਬਕ ਹੋਣੇ ਹਨ । ਕਰਮੀ ਕੀੜੇ ਰੁਲ ਜਾਣਗੇ । ਵਾਹਿਗੁਰੂ ਆਪ ਸੱਚ ਹੈ ਤੇ ਉਸ ਦਾ ਨਿਆਂ ਅਦਾਲਤ ਵੀ ਸੱਚੀ ਹੈ । ਉਸ ਦੇ ਦਰਬਾਰ ਉਹ ਹੀ ਸੋਭਾ ਪਾਉਂਦੇ ਹਨ ਜੋ ਪੁਜੇ ਪੁੱਗੇ ਤੇ ਨਮੂਨੇ ਦੇ ਹਨ । ਇਨ੍ਹਾਂ ਨੂੰ ਹੀ ਪਹਿਲਾਂ ਵੀ ਪੰਚ ਕਿਹਾ ਸੀ । ਹੁਣ ਵੀ ਪੰਚ ਹੀ ਕਹਿ ਰਹੇ ਹਨ ।

ਜਿਨ੍ਹਾਂ ਨਮੂਨੇ ਦੇ ਇਖ਼ਲਾਕ ਵਾਲਿਆਂ 'ਤੇ ਦਰਬਾਰ ਵਿਚ ਸੋਭਾ ਪਾਉਂਦਿਆਂ ਮਿਹਰ

ਦੀ ਨਜ਼ਰ ਹੋ ਜਾਂਦੀ ਹੈ, ਉਨ੍ਹਾਂ ਤੇ ਪ੍ਰਵਾਨਗੀ ਦੀ ਮੋਹਰ ਲੱਗ ਜਾਂਦੀ ਹੈ। ਉਸ ਦਰਬਾਰ ਵਿਚ ਹੀ ਨਿਰਣਾ ਲਿਆ ਜਾਂਦਾ ਹੈ ਕਿ ਕਿਹੜਾ ਇਨਸਾਨ ਕੂੜਾ (ਕੱਚ) ਹੈ ਤੇ ਕਿਹੜਾ ਦ੍ਰਿੜ੍ਹ ਸੱਚਾ (ਪਕਿਆਈ)।

ਗੁਰੂ ਨਾਨਕ ਜੀ ਕਹਿੰਦੇ ਹਨ ਕਿ ਇਸ ਗੱਲ ਦੀ ਸੋਝੀ ਕਿ ਕੌਣ ਕੱਚ ਘੜ ਹੈ ਤੇ ਕੌਣ ਪੁੱਗਿਆ ਪੂਰਾ, ਇਸ ਦਾ ਪਤਾ ਤਾਂ ਉਸ ਦੇ ਦਰਬਾਰ ਗਿਆਂ ਹੀ ਲੱਗੇਗਾ। ਆਪਣੇ ਆਪ ਕੋਈ ਮਹਾਤਮਾ ਪਿਆ ਕਹਿਲਾਏ ਜਾਂ ਲੋਕੀਂ ਕਿਸੇ ਨੂੰ ਨੀਵਾਂ ਪਏ ਕਹਿਣ, ਇਹ ਨਿਰਾ ਧੋਖਾ ਤੇ ਹਮਾਕਤ ਹੈ।

ਸਾਨੂੰ ਅਲਪ ਮੱਤਾਂ ਵਾਲਿਆਂ ਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਜੋ ਧਰਮ ਪਾਸੇ ਭਾਵੇਂ ਉਹ ਕਰਮ ਕਾਂਡੀ ਹੀ ਹੈ, ਚਲ ਪਿਆ ਹੈ, ਉਹ ਪੁੱਜਿਆ ਹੋਇਆ ਹੈ। ਪਰ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ ਕਿ ਉਥੇ ਪੁੱਜਣ ਤੋਂ ਪਹਿਲਾਂ; ਦੋ ਹੋਰ ਪੜਾਵਾਂ ਵਿਚੋਂ ਆਤਮਿਕ ਜੀਉੜੇ ਨੂੰ ਲੰਘਣਾ ਪੈਂਦਾ ਹੈ। ਉਹ ਹਨ ਗਿਆਨ ਤੇ ਧਰਮ ਖੰਡ।

**ਸ਼ਬਦ-ਭਾਵ :**

**ਰੁਤੀ** : ਮੌਸਮ, ਮੌਕਾ।
**ਰਾਤੀ** : ਰਾਤਾਂ।
**ਥਿਤੀ** : ਦਿਨ।
**ਧਰਮਸਾਲ** : ਧਰਮ ਕਮਾਉਣ ਦੀ ਥਾਂ, ਇਹ ਜਗਤ ਕੋਈ ਪੱਕਾ ਟਿਕਾਣਾ ਨਹੀਂ ਹੈ।
**ਜੁਗਤਿ ਕੇ ਰੰਗ** : ਰੰਗ-ਬਰੰਗੀ ਦੁਨੀਆਂ।
**ਸੋਹਨਿ** : ਸੋਭਾ ਪਾਉਂਦੇ ਹਨ।
**ਪੰਚ** : ਪੁੱਗੇ ਹੋਏ।
**ਪਰਵਾਣੁ** : ਨਮੂਨੇ ਦੇ।
**ਨੀਸਾਣੁ** : ਪ੍ਰਵਾਨਗੀ ਲਗਾ ਕੇ ਅੱਗੇ ਟੋਰਨਾ, ਪਰਵਾਨਗੀ ਦੀ ਮੋਹਰ।

ਤਪ (੭)

**ਧਰਮ ਖੰਡ ਕਾ ਏਹੋ ਧਰਮੁ ॥**
**ਗਿਆਨ ਖੰਡ ਕਾ ਆਖਹੁ ਕਰਮੁ ॥**
**ਕੇਤੇ ਪਵਣ ਪਾਣੀ ਵੈਸੰਤਰ,**
**ਕੇਤੇ ਕਾਨ ਮਹੇਸ ॥**
**ਕੇਤੇ ਬਰਮੇ ਘਾੜਤਿ ਘੜੀਅਹਿ,**
**ਰੂਪ ਰੰਗ ਕੇ ਵੇਸ ॥**
**ਕੇਤੀਆ ਕਰਮ ਭੂਮੀ ਮੇਰ ਕੇਤੇ,**
**ਕੇਤੇ ਧੂ ਉਪਦੇਸ ॥**
**ਕੇਤੇ ਇੰਦ ਚੰਦ ਸੂਰ ਕੇਤੇ,**
**ਕੇਤੇ ਮੰਡਲ ਦੇਸ ॥**

www.sikhbookclub.com

ਕੇਤੇ ਸਿਧ ਬੁਧ ਨਾਥ ਕੇਤੇ,
ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ,
ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ,
ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ,
ਨਾਨਕ ਅੰਤੁ ਨ ਅੰਤੁ ॥ ੩੫ ॥

ਆਤਮਿਕ ਪੈਂਡੇ ਦਾ ਰਾਹੀ ਹੁਣ ਗਿਆਨ ਖੰਡ ਵਿਚ ਪੈਰ ਰੱਖਦਾ ਹੈ । ਉਸ ਨੂੰ ਜਾਨਣ ਲਈ ਉਸ ਦੀ ਸਿਰਜੀ ਰਚਨਾ ਦਾ ਜਾਨਣਾ ਜ਼ਰੂਰੀ ਹੈ । ਇਸ ਨੂੰ ਪਹਿਲਾਂ ਸੁਣਿਐ ਕਿਹਾ ਸੀ । ਜਿਵੇਂ ਸੁਣਿਐ ਦੀਆਂ ਚਾਰ ਪਉੜੀਆਂ ਵਿਚ ਪਹਿਲਾਂ ਪ੍ਰਿਥਵੀ, ਫਿਰ ਮਾਨਸਕ ਅਵਿਸਥਾਵਾਂ ਦਾ ਵਰਨਣ ਸੀ, ਇਸੇ ਤਰ੍ਹਾਂ ਇਥੇ ਸੰਖੇਪ ਵਿਚ ਪਹਿਲਾਂ ਉਸ ਅਵਿਸਥਾ ਦਾ ਵਰਣਨ ਹੈ, ਜਿੱਥੇ ਆਤਮਕ ਜਿਊੜਾ ਆਪਣੇ ਆਪ ਨੂੰ ਪਾਉਂਦਾ ਹੈ । ਉਹ ਭੂਗੋਲਕ ਖੰਡ ਹੈ, ਜਿੱਥੇ ਘੜਨ ਤੇ ਭੰਨਣ ਅਤੇ ਦੈਵੀ ਸ਼ਕਤੀ ਆਪਣੇ ਚਮਤਕਾਰ ਦਿਖਾ ਰਹੀਆਂ ਹਨ ।

ਦੂਜੇ, ਉਥੇ ਧਾਰਮਿਕ ਰੀਤੀ-ਰਿਵਾਜ ਹਨ, ਜਿਨ੍ਹਾਂ ਨਾਲ ਮਿਥਿਹਾਸ ਵੀ ਜੁੜਿਆ ਹੋਇਆ ਹੈ । ਫਿਰ ਸੰਸਕ੍ਰਿਤੀ, ਪਿਰਤ ਤੇ ਲੀਹਾਂ ਹਨ, ਜਿਨ੍ਹਾਂ ਦਾ ਸਾਹਿਤਕ ਤੇ ਇਤਿਹਾਸਕ ਪੱਖ ਹੈ । ਵਿਗਿਆਨ ਤੇ ਦਰਸ਼ਨ ਦਾ ਇਥੇ ਜ਼ੋਰ ਹੁੰਦਾ ਹੈ । ਇਹਨਾਂ ਸਭ ਖੇਤਰਾਂ ਦਾ ਅਧਿਐਨ ਕਰ ਕੇ ਆਤਮਿਕ ਜਿਊੜਾ ਆਤਮਿਕ ਉਚਾਈਆਂ ਨੂੰ ਪਹੁੰਚ ਜਾਂਦਾ ਹੈ । ਐਸਾ ਤਾਂ ਹੀ ਹੋ ਸਕਦਾ ਹੈ ਜੇ ਉਹ ਅੰਤਰ ਆਤਮੇ (ਸਰਮ ਖੰਡ) ਝਾਕਦਾ ਰਹੇ ।

ਧਰਮ ਖੰਡ ਦਾ ਇਹ ਹੀ ਰਵਾਇਤੀ ਸਦਾਚਾਰਕ ਕਰਤੱਵ ਹੈ ਕਿ ਮਨੁੱਖ ਗਿਆਨ ਦੀ ਪ੍ਰਾਪਤੀ ਲਈ ਜੁੱਟ ਜਾਏ । ਗਿਆਨ ਪ੍ਰਾਪਤ ਕਰਦੇ-ਕਰਦੇ ਆਤਮਿਕ ਰਾਹੀ ਕਈ ਪ੍ਰਕਾਰ ਦੀਆਂ ਹਵਾਵਾਂ, ਅਗਨੀਆਂ ਤੇ ਤੱਤਾਂ ਭਾਵ ਵੱਖ-ਵੱਖ ਖੰਡਾਂ ਦੀ ਭੂਗੋਲ ਬਾਰੇ ਵਾਕਫੀਅਤ ਪ੍ਰਾਪਤ ਕਰਦੇ ਹਨ । ਐਸੀ ਅਵਿਸਥਾ ਵਿਚ ਕਈ ਕ੍ਰਿਸ਼ਨ ਤੇ ਮਹੇਸ਼ ਦੇਖੇ ਜਾ ਸਕਦੇ ਹਨ । ਭਾਵ, ਜਿਵੇਂ ਇਕ ਨਹੀਂ ਬਹੁਤੇਰੇ ਮਹੇਸ਼ ਦੇਖੇ ਜਾ ਸਕਦੇ ਹਨ ਜੋ ਕੁਦਰਤ ਦੀ ਸੰਭਾਲ ਤੇ ਉਸ ਨੂੰ ਸਵਾਰ ਰਹੇ ਹਨ । ਉਥੇ ਕਈ ਬ੍ਰਹਮਾ, ਕੁਦਰਤ ਦੀ ਸਿਰਜਨਾ ਸ਼ਕਤੀ ਦੁਆਰਾ ਕਰ ਕੇ ਕਈ ਪ੍ਰਕਾਰ ਦੀਆਂ ਵਸਤੂਆਂ ਦੇ ਰੂਪ ਰੰਗ ਘੜ ਰਹੇ ਹਨ । ਉਸ ਅਵੱਸਥਾ ਵਿਚ ਹੀ ਕਈ ਧਰਤੀਆਂ ਤੇ ਵੱਸਦੇ ਜੀਵਾਂ ਦਾ ਗਿਆਨ ਹੁੰਦਾ ਹੈ । ਕਈ ਵਸੋਂ ਨਾਲ ਭਰੇ ਖੰਡਾਂ, ਕਈ ਵਸੋਂ ਰਹਿਤ ਪਹਾੜਾਂ ਤੇ ਧ੍ਰੂ ਖੇਤਰਾਂ ਦਾ ਪਤਾ ਲੱਗਦਾ ਹੈ । ਵਿਸ਼ਾਲਤਾ ਦਾ ਅਹਿਸਾਸ ਹੁੰਦਾ ਹੈ ।

ਉਥੇ ਕਈ ਚੰਦ, ਸੂਰਜ ਤੇ ਤਾਰਿਕਾ ਮੰਡਲ ਚੱਕਰ ਕੱਟ ਰਹੇ ਦੇਖੇ ਜਾ ਸਕਦੇ ਹਨ । ਉਥੇ ਹੀ ਕਈ ਧਾਰਮਿਕ ਪ੍ਰੰਪਰਾਵਾਂ ਦਾ ਪਤਾ ਲੱਗਦਾ ਹੈ, ਜੋ ਮਨੁੱਖਾਂ ਦੀ ਤਾਂਤ੍ਰਕ ਸ਼ਕਤੀ ਦਾ ਗਿਆਨ ਦੇਂਦੀਆਂ ਹਨ ਅਤੇ ਧਾਰਮਿਕ ਉੱਚਤਾ ਦਰਸਾਂਦੀਆਂ ਹਨ । ਵੱਖ-ਵਖ ਫਿਰਕਿਆਂ ਦੇ ਆਗੂ ਤੇ ਧਾਰਮਿਕ ਰੂਪ ਤੇ ਪਹਿਰਾਵਿਆਂ ਦਾ ਵੀ ਪਤਾ ਲੱਗਦਾ ਹੈ । ਉਥੇ ਹੀ ਬੇਅੰਤ ਮਿਥਿਹਾਸਕ ਦੇਵਤਿਆਂ, ਦੈਂਤਾਂ ਤੇ ਰਿਸ਼ੀਆਂ ਅਤੇ ਮਿਥਿਹਾਸਕ ਰਹੱਸਾਂ ਦਾ

ਪਤਾ ਲੱਗਦਾ ਹੈ । ਉਸ ਅਵੱਸਥਾ ਵਿਚ ਪੁੱਜ ਕੇ ਸਦੀਵੀ ਜੀਵਨ ਦਾਤੀਆਂ, ਖਾਣੀਆਂ ਤੇ ਵੰਸ਼ਜਾਂ ਦਾ ਪਤਾ ਲੱਗਦਾ ਹੈ । ਉਥੇ ਹੀ ਬੱਧੀ ਰਵਾਇਤਾਂ ਤੇ ਉਨ੍ਹਾਂ ਤੇ ਤੁਰਨ ਵਾਲੇ ਅਨੇਕਾਂ ਜੀਵਾਂ ਦਾ ਪਤਾ ਲੱਗਦਾ ਹੈ । ਸਹੀ ਗੱਲ ਇਹ ਹੈ ਕਿ ਗਿਆਨ ਖੰਡ ਵਿਚ ਜਿਨ੍ਹਾਂ ਨਾਲ ਵਾਹ ਪੈਂਦਾ ਹੈ, ਉਹਨਾਂ ਦਾ ਕੋਈ ਅੰਤ ਨਹੀਂ ।

ਇਹ ਸੀ ਧਰਮ ਖੰਡ ਵਿਚ ਵਾਪਰ ਰਹੀ ਵਿਧੀ ਅਤੇ ਕਾਨੂੰਨ । ਜਦ ਧਰਮ ਤੋਂ ਗਿਆਨ ਦੀ ਅਵਿਸਥਾ ਪ੍ਰਾਪਤ ਹੁੰਦੀ ਹੈ ਤਾਂ ਜੋ ਉਥੇ ਵਾਪਰਦਾ ਹੈ, ਤਾਂ ਉਸ ਦੀ ਵੀ ਵਾਰਤਾ ਆਖ ਸੁਣਾਵਾਂ ਤਾਂ ਠੀਕ ਰਹੇਗਾ ।

ਜਦ ਰੂਹਾਨੀ ਚਾਨਣ ਹੋ ਜਾਏ ਤਾਂ ਰੂਹਾਨੀ ਰੌਸ਼ਨੀ ਪ੍ਰਾਪਤ ਜੀਵ ਤੱਕਦਾ ਹੈ ਕਿ ਉਹ ਕੋਈ 'ਇਕੇਲਾ' ਨਹੀਂ, ਬੇਅੰਤ ਉਸ ਵਾਹਿਗੁਰੂ ਦੇ ਸਾਜੇ ਤਤ, ਰੂਪ, ਦੇਵੀ-ਦੇਵਤੇ, ਧਰਤੀ ਤੇ ਸਿਆਰੇ ਬੱਝੇ ਨੇਮਾਂ ਮੁਤਾਬਕ ਧਰਮ ਹੀ ਕਮਾ ਰਹੇ ਹਨ । ਇਸ ਤਰ੍ਹਾਂ ਉਸ ਵਿਚ ਨਿੰਮ੍ਰਤਾ ਆਉਂਦੀ ਹੈ । ਰੂਹਾਨੀ ਰੂਪ ਚੜ੍ਹਦਾ ਹੈ ।

ਇਸ ਗਿਆਨ ਦੀ ਅਵਿਸਥਾ ਵਿਚ ਅੱਪੜ ਉਹ ਦੇਖਦਾ ਹੈ ਕਿ ਹਵਾ, ਪਾਣੀ, ਅਗਨੀ ਕਈ ਰੂਪ ਧਾਰ ਧਰਮ ਨਿਭਾ ਰਹੇ ਹਨ । ਇਕ ਨਹੀਂ ਕਿਤਨੇ ਹੀ ਕ੍ਰਿਸ਼ਨ ਤੇ ਸਿਵ ਹਨ । ਰੂਹਾਨੀ-ਰੌਸ਼ਨੀ ਪਾਇਆ ਜੀਉੜਾ ਇਕ ਵਿਅਕਤੀ ਪਿੱਛੇ ਨਹੀਂ ਲੱਗਦਾ । ਇਸੇ ਤਰ੍ਹਾਂ ਬ੍ਰਹਮਾ ਵੀ ਇਕ ਨਹੀਂ । ਕਈ ਬ੍ਰਹਮਾ ਵਾਂਗ ਹਨ ਜੋ ਸ੍ਰਿਸ਼ਟੀਆਂ ਸਾਜ ਰਹੇ ਹਨ ਜਿੱਥੇ ਕਈ ਤਰ੍ਹਾਂ ਦੇ ਰੂਪ, ਰੰਗ ਤੇ ਕਿਸਮਾਂ ਦੇ (ਵੇਸ) ਹਨ ।

ਇਕ ਨਹੀਂ ਕਈ ਧਰਤੀਆਂ ਹਨ ਜੋ ਉਸ ਨੇ ਕਰਮ ਕਮਾਉਣ ਲਈ ਉਸਾਰੀਆਂ ਹਨ । ਕਿਤਨੇ ਹੀ ਮੇਰ ਨਾਵਾਂ ਦੇ ਪਰਬਤ ਹਨ, ਜਿੱਥੇ ਅਨੇਕਾਂ ਤਪ ਸਾਧ ਰਹੇ ਹਨ । ਕਿਤਨੇ ਹੀ ਧ੍ਰੂ ਤਾਰੇ ਵਰਗੇ ਹਨ ਜੋ ਅਟੱਲ ਰਹਿ ਆਪਣੀਆਂ ਕਰਣੀਆਂ ਦੀਆਂ ਸੁਆਵਾਂ ਰਾਹੀਂ ਸੁਨੇਹੇ ਸਾਡੇ ਤਕ ਪਹੁੰਚਾ ਰਹੇ ਹਨ, ਜਿਨ੍ਹਾਂ ਤਕ ਅਜੇ ਸਾਡੀ ਰਸਾਈ ਨਹੀਂ ਹੋਈ । ਕਿਤਨੇ ਹੀ ਇੰਦ੍ਰ, ਚੰਦ੍ਰਮਾ ਤੇ ਸੂਰਜ ਮੰਡਲ ਹਨ ਅਤੇ ਕਿਤਨੇ ਹੀ ਬੱਰੇ-ਆਜ਼ਮ ਅਤੇ ਦੇਸ਼ ਹਨ । ਕਿਤਨੇ ਹੀ ਸਿਧੀਆਂ ਪ੍ਰਾਪਤ ਕੀਤੇ ਲੋਕੀਂ ਹਨ । ਕਿਤਨੇ ਹੀ ਗਿਆਨ ਨੂੰ ਪਾਏ ਬੁੱਧ ਅਤੇ ਕਿਤਨੇ ਹੀ ਇੰਦ੍ਰੀ ਜਿੱਤ ਤਪੱਸਵੀ ਹਨ ਅਤੇ ਕਿਤਨੀਆਂ ਹੀ ਦੇਵੀਆਂ ਦੇ ਵਟਾਵੇਂ ਰੂਪ ਹਨ । ਕਿਤਨੇ ਹੀ ਕਿਸਮ ਦੇ ਦੇਵਤੇ, ਦੈਂਤ ਤੇ ਮਨ ਨੂੰ ਕਾਬੂ ਕਰੀ ਬੈਠੇ ਮੁਨੀ ਹਨ । ਇਕ ਨਹੀਂ ਕਿਤਨੇ ਹੀ ਸਾਗਰ ਰਤਨਾਂ ਨਾਲ ਭਰਪੂਰ ਹਨ । ਕਿਤਨੇ ਹੀ ਵਸੀਲੇ ਜਗਤ ਨੂੰ ਉਪਜਾਉਣ ਦੇ ਹਨ, ਨਿਰੇ ਮਿਥੇ ਹੋਏ ਚਾਰ ਨਹੀਂ ਹਨ । ਕਿਤਨੀਆਂ ਹੀ ਬੋਲੀਆਂ ਹਨ ਤੇ ਰਾਜ ਕਰਨ ਦੇ ਤਰੀਕਿਆਂ/ਦਾ ਵੀ ਕੋਈ ਅੰਤ ਨਹੀਂ । **'ਪਾਤ ਨਰਿੰਦ'** । ਕਿਤਨੇ ਹੀ ਉੱਚੀਆਂ ਬਿਰਤੀਆਂ ਦੇ ਮਾਲਕ ਹਨ ਤੇ ਉਸ ਬਿਰਤੀ ਮੁਤਾਬਿਕ ਸੇਵਾ ਕਰਨ ਵਾਲੇ ਸੇਵਕ ਹਨ । ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਗਿਆਨ ਦਾ ਕੋਈ ਅੰਤ ਨਹੀਂ ਹੈ । ਕੋਈ ਨਹੀਂ ਕਹਿ ਸਕਦਾ ਕਿ ਉਸ ਦਾ ਥਹੁ-ਪਤਾ ਪਾ ਲਿਆ ਹੈ ।

**ਸ਼ਬਦ-ਭਾਵ :**

**ਖੰਡ** : ਉਨ੍ਹਾਂ ਅਵਿਸਥਾਵਾਂ ਦਾ ਜ਼ਿਕਰ ਹੈ ਜਿਨ੍ਹਾਂ ਵਿਚੋਂ ਆਤਮਿਕ ਜੀਉੜੇ ਨੂੰ ਲੰਘਣਾ ਪੈਂਦਾ ਹੈ । ਪਹਿਲਾਂ ਉਹ ਧਰਤੀ ਨੂੰ ਬੱਝਵੇਂ ਨੇਮ ਵਿਚ ਟੁਰਦੇ ਦੇਖ, ਉਹ ਵੀ 'ਨੇਮ' ਵਾਲਾ ਹੁੰਦਾ ਹੈ ।

ਫਿਰ ਗਿਆਨ ਵਿਸ਼ਾਲ ਹੁੰਦਾ ਹੈ । ਉਹ ਤੱਕਦਾ ਹੈ ਕਿ ਉਹ ਇਕੱਲਾ ਨਹੀਂ । ਹੋਰ ਅਨੇਕਾਂ ਮਿਲਿਆ ਫ਼ਰਜ਼ ਨਿਭਾਉਣ ਵਿਚ ਲੱਗੇ ਹੋਏ ਹਨ । ਜਦ ਗਿਆਨ ਦਾ ਸੂਰਜ ਚੜ੍ਹਦਾ ਹੈ ਤਾਂ ਉਸ ਦੀ ਝਾਲ ਝੱਲੀ ਨਹੀਂ ਜਾਂਦੀ , ਉਹ ਫਿਰ ਹੱਟਦਾ ਨਹੀਂ, ਲੱਗਾ ਹੀ ਰਹਿੰਦਾ ਹੈ । ਸਮਝਾਂ ਮੁੱਕ ਜਾਂਦੀਆਂ ਹਨ । ਨੇਕੀ ਦਾ ਫ਼ੁਹਾਰਾ ਫੁੱਟ ਪੈਂਦਾ ਹੈ ।

ਨੇਕੀ ਕਰਦਿਆਂ ਸੁਰਤਿ, ਮਤਿ, ਮਨਿ, ਬੁਧਿ ਘੜੀਆਂ ਜਾਂਦੀਆਂ ਹਨ । ਆਤਮਿਕ ਪੈਂਡੇ ਪਿਆ ਜੀਵ ਰਹਿਮਤ ਲੈਣ ਲਈ ਹੁਣ ਤਿਆਰ ਹੈ । ਬਖ਼ਸ਼ਸ਼ ਪਾਏ ਜੀਵ ਵਿਚ ਅਥਾਹ ਬਲ ਹੁੰਦਾ ਹੈ । ਉਸ ਦਾ ਅੰਦਰਲਾ ਬਾਹਰਲਾ ਸਿਫ਼ਤ-ਸਾਲਾਹ ਵਿਚ ਲੱਗਾ ਰਹਿੰਦਾ ਹੈ । ਸਰੀਰ ਦਾ ਖ਼ਿਆਲ ਹਟ ਜਾਂਦਾ ਹੈ ਅਤੇ ਸੱਚੇ ਦਾ ਰੂਪ ਹੋ, ਸੱਚੇ ਸਤਿਗੁਰੂ ਦੀ ਹਜ਼ੂਰੀ ਪ੍ਰਾਪਤ ਕਰ ਲੈਂਦਾ ਹੈ ।

**ਕੇਤੇ ਕਾਨ ਮਹੇਸ** : ਕ੍ਰਿਸ਼ਨ ਅਨੇਕਾਂ, ਸ਼ਿਵ ਕਈ ।

**ਕੇਤੇ ਬਰਮੇ ਘਾੜਤਿ ਘੜੀਅਹਿ** : ਅਨੇਕਾਂ ਬ੍ਰਹਮਾ ਜੋ ਸਿਰਜਨਾ ਕਰ ਰਹੇ ਹਨ । ਇਕ ਧਰਤੀ ਨਹੀਂ ਕਈ ਧਰਤੀਆਂ ਤੇ ਕਈ ਬ੍ਰਹਮਾ ।

**ਕਰਮ ਭੂਮੀ** : ਕਰਮ ਕਮਾਉਣ ਲਈ ਕਈ ਧਰਤੀਆਂ ।

**ਕੇਤੇ ਧੂ ਉਪਦੇਸ਼** : ਕਿਤਨੇ ਹੀ ਧ੍ਰੂ ਤਾਰੇ ਆਪਣੀ ਹੋਂਦ ਦਾ ਪ੍ਰਗਟਾਵਾ ਰੋਸ਼ਨੀ ਭੇਜ ਕਰ ਰਹੇ ਹਨ ।

**ਮੰਡਲ** : ਦੀਪ, ਬੱਰੇ-ਆਜ਼ਮ (Continents).

**ਮੇਰ** : ਉੱਚੇ ਪਹਾੜ, ਜਿੱਥੇ ਕਹਿੰਦੇ ਹਨ, ਜੋਗੀ ਤਪ ਸਾਧ ਰਹੇ ਹਨ (Celetial Mountains).

**ਸਿਧ** : ਸਿਧੀਆਂ ਪ੍ਰਾਪਤ ਕਰੀ ਲੋਕ ।

**ਬੁਧ** : ਰੂਹਾਨੀ ਗਿਆਨ ਹਾਸਲ ਕਰੀ ਬੈਠੇ ਪੁਰਸ਼ ।

**ਨਾਥ** : ਇੰਦਰੀ ਵੱਸ ਕੀਤੇ ਸਾਧੂ ।

**ਦੇਵੀ ਵੇਸ** : ਦੇਵੀਆਂ ਦੇ ਕਈ ਰੂਪ । ਲਛਮੀ, ਦੁਰਗਾ, ਚੰਡੀ ਆਦਿ ਤੇ ਪਛਮੀ ਦੇਸ਼ਾਂ ਵਿਚ ਜੂਨੋ, ਫ਼ਿਯੂਰੀ ਤੇ ਅਰਿਸਸ ।

**ਦੇਵ** : ਦੇਵਤੇ (Gods).

**ਸੁਰਤੀ** : ਉੱਚੀਆਂ ਬਿਰਤੀਆਂ ਵਾਲੇ ।

**ਦਾਨਵ** : ਦੈਂਤ (Demons).

**ਰਤਨ ਸਮੁੰਦ** : ਕਿਤਨੇ ਹੀ ਸਮੁੰਦਰ ਰਤਨ ਭਰਪੂਰ, ਚੌਦਾਂ ਨਹੀਂ ਕਈ । ਸਮੁੰਦਰਾਂ ਵਿਚ ਲੁਕਿਆ ਅਥਾਹ ਧਨ ।

**ਬਾਣੀ** : ਬੋਲੀਆਂ ।

**ਖਾਣੀ** : ਉਪਜਾਉਣ ਦੇ ਢੰਗ ।

**ਪਾਤ ਨਰਿੰਦ** : ਬਾਦਸ਼ਾਹਾਂ ਦੀ ਕਤਾਰ, ਹਕੂਮਤ ਕਰਨ ਦੇ ਅਨੇਕ ਤਰੀਕੇ ।

**੩੬ (੭)**
**ਗਿਆਨ ਖੰਡ ਮਹਿ**
**ਗਿਆਨੁ ਪਰਚੰਡੁ ॥**
**ਤਿਥੈ ਨਾਦ ਬਿਨੋਦ ਕੋਡ ਅਨੰਦੁ ॥**
**ਸਰਮ ਖੰਡ ਕੀ ਬਾਣੀ ਰੂਪੁ ॥**
**ਤਿਥੈ ਘਾੜਤਿ ਘੜੀਐ**
**ਬਹੁਤੁ ਅਨੂਪੁ ॥**
**ਤਾ ਕੀਆ ਗਲਾ ਕਥੀਆ ਨਾ ਜਾਹਿ ॥**
**ਜੇ ਕੋ ਕਹੈ ਪਿਛੈ ਪਛੁਤਾਇ ॥**
**ਤਿਥੈ ਘੜੀਐ ਸੁਰਤਿ**
**ਮਤਿ ਮਨਿ ਬੁਧਿ ॥**
**ਤਿਥੈ ਘੜੀਐ ਸੁਰਾ**
**ਸਿਧਾ ਕੀ ਸੁਧਿ ॥ ੩੬ ॥**

ਜਿਉਂ-ਜਿਉਂ ਗਿਆਨ ਵਿਸ਼ਾਲ ਹੁੰਦਾ ਹੈ, ਮਨੁੱਖ ਅੰਤਰ ਆਤਮੇ ਝਾਕਦਾ ਹੈ ਅਤੇ ਵਿਸ਼ਵ ਨੂੰ ਜਿਸ ਨੇ ਸੁਰਤਾਲ ਵਿਚ ਬੱਧਾ ਹੈ ਉਸ ਵੱਲ ਝੁਕਦਾ ਹੈ । ਇਸ ਅਮਲ ਦੌਰਾਨ ਸੁਰਤਿ ਉੱਚੀ ਹੋਈ ਚਲੀ ਜਾਂਦੀ ਹੈ, ਮਤਿ ਵਿਸ਼ਾਲ ਤੇ ਮਨ ਤੇ ਬੁੱਧ ਨਵੇਂ ਸਿਰਿਉਂ ਘੜੇ ਜਾਂਦੇ ਹਨ । ਓਪਰੇ ਤੇ ਔਖਰੀ ਗਿਆਨ ਦੀ ਅਵੱਸਥਾ ਹੁਣ ਮੁੱਕ ਜਾਂਦੀ ਹੈ । ਸੁਰਤਿ ਉੱਚੀ ਅਤੇ ਮਨ ਟਿਕ ਜਾਂਦਾ ਹੈ । ਇਹ ਨਿਸਚੈ ਨਾਲ ਕਿਹਾ ਜਾ ਸਕਦਾ ਹੈ ਕਿ ਐਸੇ ਜਿਊੜਿਆਂ ਪਾਸ ਦੇਵਤਿਆਂ ਦੀ ਸੁੱਧ ਤੇ ਪੂੰਜੇ ਪੁਰਸ਼ਾਂ ਦੀ ਚੇਤੰਨਤਾ ਆ ਜਾਂਦੀ ਹੈ । ਜਿਵੇਂ ਪਿੱਛੇ ਮੰਨੇ ਦੀਆਂ ਪਉੜੀਆਂ ਵਿਚ ਉਹਨਾਂ ਆਤਮਕ ਰਾਹੀਆਂ ਦਾ ਵਰਨਣ ਕੀਤਾ ਸੀ ਜੋ ਅੰਦਰਲੇ ਵੱਲ ਝਾਕਦੇ ਹਨ, ਇਥੇ ਸੰਖੇਪ ਰੂਪ ਵਿਚ ਉਹ ਆਤਮਕ ਰਾਹੀ ਜੋ ਪੁੱਜ ਗਏ ਹਨ, ਦਾ ਵਰਨਣ ਕਰ ਰਹੇ ਹਨ । ਗਿਆਨੀ ਤੇ ਘਾਲਣਾ ਕਰਨ ਵਾਲੇ ਦਾ ਫ਼ਰਕ ਸਾਫ਼ ਪਿਆ ਦਿੱਸਦਾ ਹੈ । ਗਿਆਨਵਾਨ ਪੁਰਸ਼ ਜ਼ਰਾ ਕੁ ਤਿੱਖਾ ਹੋਵੇਗਾ, ਗੱਲ ਕਰਦੇ ਮੂੰਹ ਵੀ ਲਾਲ ਕਰ ਲਵੇਗਾ, ਪਰ ਘਾਲਣ ਵਾਲੇ ਦਾ ਰੂਪ ਠੰਡਾ ਤੇ ਮਿੱਠਾ ਹੋਵੇਗਾ । ਜਿਵੇਂ ਅੱਗੋਂ ਦੱਸਦੇ ਹਨ ਕਿ ਬਖਸ਼ਸ਼ ਪਾਏ ਦਾ ਬੋਲਿਆ ਹਰ ਸ਼ਬਦ ਭਾਵ-ਪੂਰਤ ਹੁੰਦਾ ਹੈ :

**'ਕਰਮ ਖੰਡ ਕੀ ਬਾਣੀ ਜੋਰੁ ।'**

ਇਸ ਅਵੱਸਥਾ ਵਿਚ ਸਾਰੇ ਰਾਗਾਂ, ਖ਼ੁਸ਼ੀਆਂ ਤੇ ਚਾਵਾਂ ਦਾ ਸੁਆਦ ਆ ਜਾਂਦਾ ਹੈ । ਅੰਤਰ ਆਤਮੇ ਝਾਕਣ ਨਾਲ ਮਨੁੱਖ ਬਹੁਤਾ ਜ਼ੋਰ ਆਪਾ ਸਵਾਰਨ ਤੇ ਦੇਂਦਾ ਹੈ ਅਤੇ ਅੰਤਰ ਝਾਕਣ ਤੇ ਆਪਾ ਸਵਾਰਨ ਕਰ ਕੇ ਹੀ ਬਹੁਤ ਸੁੰਦਰ ਘਾੜਤ ਘੜੀ ਜਾਂਦੀ ਹੈ ਕਿਉਂਕਿ ਉਹ ਜਿਸ ਨੇ ਵਿਸ਼ਵ ਨੂੰ ਸਮਤਾਲ ਵਿਚ ਰੱਖਿਆ ਹੈ, ਦੇਖਣ ਯੋਗ ਹੋ ਜਾਂਦਾ ਹੈ । ਐਸਿਆਂ ਦੀ ਪਾਵਨ ਅਵਸਥਾ ਦਾ ਬਿਆਨ ਹੀ ਨਹੀਂ ਹੋ ਸਕਦਾ । ਜੇ ਐਸਾ ਕੋਈ ਕਰੇ ਵੀ ਤਾਂ ਉਸ ਨੂੰ ਅਖ਼ੀਰ ਪਛਤਾਣਾ ਪੈਂਦਾ ਹੈ ਕਿਉਂਕਿ ਐਸੀ ਅਵਿਸਥਾ ਬਿਆਨ ਹੀ

ਨਹੀਂ ਕੀਤੀ ਜਾ ਸਕਦੀ । ਉਸ ਅੰਤਰ ਝਾਕਣ ਵਾਲ਼ੇ ਅਵਸਥਾ ਵਿਚ ਜੋ ਸੁਰਤਿ, ਮਤ, ਘੜੀ ਜਾਂਦੀ ਹੈ ਅਤੇ ਮਨ ਨੂੰ ਰੂਹਾਨੀ ਚਾਨਣ (ਮਨਿ ਬੁਧਿ) ਮਿਲਦਾ ਹੈ ਉਸ ਦਾ ਰੂਪ ਤੇ ਦੱਖ ਨਿਰਾਲੀ ਹੁੰਦੀ ਹੈ । ਇਸ ਨੂੰ ਦੇਵਤਿਆ, ਪੁੱਜੇ ਪੁਰਸ਼ਾਂ ਅਤੇ ਸਦਾ-ਸਦਾ ਜਾਗਤ ਵਾਲੇ ਸੱਜਣਾਂ ਦੀ ਅਵਸਥਾ ਕਹਿ ਸਕਦੇ ਹਾਂ ਪਰ ਇਹ ਵਿਸ਼ਾਲ ਬ੍ਰਿਤੀ, ਜਾਗ੍ਰਤੀ ਤੇ ਸੁਰਤਿ ਕਿਸੇ ਕੰਮ ਨਹੀਂ ਜੇ ਉਨ੍ਹਾਂ ਦੀ ਮਤ ਵਿਚ ਸਰਬ-ਵਿਆਪੀ ਜੋਤ ਦਾ ਝਲਕਾਰਾ ਨਹੀਂ ਵੱਜਦਾ ।

ਇਸ ਗਿਆਨ-ਮਈ ਅਵਿਸਥਾ ਵਿਚ ਰੂਹਾਨੀ ਰੋਸ਼ਨੀ ਚਕਾ ਚੌਂਧ ਕਰਦੀ ਹੈ । ਇਸ ਅਵਿਸਥਾ ਵਿਚ ਅਜਿਹੀ ਇਕਾਗ੍ਰਤਾ ਮਿਲਦੀ ਹੈ ਤੇ ਲਿਵ ਲੱਗ ਜਾਂਦੀ ਹੈ ਕਿ ਆਤਮਾ ਪਰਮ ਟਿਕਾਉ ਵਿਚ ਹੁੰਦੀ ਹੈ ਅਤੇ ਆਤਮਿਕ ਮੰਡਲ ਦਾ ਸੰਗੀਤ ਸੁਣੀਂਦਾ ਹੈ । ਅਲੌਕਕ ਨੀਝ ਮਿਲਦੀ ਹੈ ।

ਚਾਰੇ ਪਾਸੇ ਕੌਤਕ ਹੁੰਦੇ ਦਿਖਾਈ ਦੇਂਦੇ ਹਨ ਅਤੇ ਲਗਾਤਾਰ ਖ਼ੁਸ਼ੀ ਅਨੁਭਵ ਹੁੰਦੀ ਹੈ । ਗਿਆਨ ਅਵਿਸਥਾ ਪਿੱਛੋਂ ਆਤਮਿਕ ਚੜ੍ਹਾਉਆਂ ਵਿਚ ਉਤਸ਼ਾਹ ਵਾਲੀ ਅਤੇ ਅੰਦਰ ਝਾਕਦੇ ਰਹਿਣ ਵਾਲੀ ਅਵਿਸਥਾ (ਸਰਮ) ਜਾਗਦੀ ਹੈ । ਇਸ ਅਵਿਸਥਾ ਵਿਚ ਜੋ ਰੂਪ ਚੜ੍ਹਦਾ ਹੈ, ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ । ਜੋ ਘਾੜਤ ਘੜੀ ਜਾਂਦੀ ਹੈ, ਉਸ ਦੀ ਖ਼ੂਬਸੂਰਤੀ ਦਾ ਵੀ ਕੋਈ ਹੱਦ-ਬੰਨ੍ਹਾ ਨਹੀਂ ਹੈ । ਇਸ ਅਵੱਸਥਾ ਨੂੰ ਬਿਆਨ ਹੀ ਨਹੀਂ ਕੀਤਾ ਜਾ ਸਕਦਾ । ਜੇ ਕੋਈ ਕੋਸ਼ਿਸ਼ ਵੀ ਕਰੇ ਤਾਂ ਉਸ ਨੂੰ ਪਛਤਾਵੇ ਤੋਂ ਬਗ਼ੈਰ ਕੁਝ ਹੱਥ ਨਹੀਂ ਆਉਣਾ ਕਿਉਂਕਿ ਇਹ ਉਤਸ਼ਾਹ ਤੇ ਅੰਦਰ ਝਾਕਣੀ ਅਵਿਸਥਾ ਹੀ ਹੈ । ਜਿੱਥੇ ਉਚੇਰੀ ਆਤਮਿਕ ਉਡਾਰੀ ਲਗਾ ਲੀਨ ਹੋਣ (ਸੁਰਤਿ), ਠੀਕ ਸੋਝੀ ਪ੍ਰਾਪਤ ਕਰਨ (ਮਤਿ) ਅਤੇ ਮਨ ਨੂੰ ਰੂਹਾਨੀ ਚਾਨਣ (ਮਨਿ ਬੁਧਿ) ਪਾਉਣ ਦੀ ਜਾਚ ਆਉਂਦੀ ਹੈ । ਇਹ ਆਤਮਿਕ ਹੁਲਾਰੇ ਦੀ ਅਵਿਸਥਾ ਹੀ ਹੈ ਜਿੱਥੇ ਦੇਵਤਿਆਂ, ਸਿੱਧਾਂ ਵਾਲੀ ਪੂਰਨ ਜਾਗ੍ਰਤ (ਸੁਧਿ) ਮਿਲਦੀ ਹੈ ।

**ਸ਼ਬਦ-ਭਾਵ :**

**ਗਿਆਨੁ ਪਰਚੰਡੁ** : ਪ੍ਰਜਵਲਤ, ਜਿਸ ਦੀ ਝਾਲ ਨਾ ਝੱਲੀ ਜਾ ਸਕੇ, ਚਕਾ-ਚੌਂਧ ਕਰਨ ਵਾਲੀ ।

**ਨਾਦ** : ਇਹ ਰੂਹਾਨੀ ਸੰਗੀਤ ਹੈ ਜੋ ਉਸ ਵੇਲੇ ਪੈਦਾ ਹੁੰਦਾ ਹੈ ਜਦ ਇਕਾਗ੍ਰਤਾ ਹੋਵੇ ਤੇ ਲਿਵ ਲੱਗ ਜਾਏ (Mysetic Melody).

**ਬਿਨੋਦ** : ਅਲੌਕਿਕ ਨੀਝ (Sublime Vision).

**ਕੋਡ** : ਕੌਤਕ (Wonder).

**ਸੁਰਤਿ** : ਉਚੇਰੀ ਆਤਮਿਕ ਉਡਾਰੀ ਲਗਾ ਲੀਨ ਹੋਣਾ (Absorption).

**ਮਤਿ** : ਸੂਝ (Wisdom).

**ਮਨਿ ਬੁਧਿ** : ਮਨ ਦੀ ਮੈਲ ਲਹਿ ਜਦ ਰੂਹਾਨੀ ਚਾਨਣ ਮਿਲਦਾ ਹੈ (Enligh-tenment of Mind).

**ਸੁਰਾ ਸਿਧਾ** : ਦੇਵਤੇ ਤੇ ਪੁੱਜੇ ਪੁੱਗੇ ਲੋਗ ।

**ਸੁਧਿ** : ਪੂਰਨ ਜਾਗ੍ਰਤ ।

ਬ੭ (੮)

ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨਾ ਕਥਨੇ ਜਾਹਿ ॥
ਨਾ ਓਹਿ ਮਰਹਿ ਨਾ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤਿ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ
ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥ ਬ੭ ॥

ਇਸ ਪਉੜੀ ਵਿਚ ਕਰਮ ਤੇ ਸੱਚ ਖੰਡ ਨੂੰ ਇਕੱਠੇ ਹੀ ਲਿਆ ਹੈ ਕਿਉਂਕਿ ਜਦ ਨਦਰ ਹੋ ਜਾਂਦੀ ਹੈ ਤਾਂ ਜੀਵਨ ਦਾ ਮਕਸਦ ਪਤਾ ਲੱਗ ਜਾਂਦਾ ਹੈ। ਦੂਜੇ ਸੱਚ ਖੰਡ ਦਾ ਬਿਆਨ ਕਰਨਾ ਵੀ ਕੋਈ ਸਹਿਲਾ ਕਰਮ ਨਹੀਂ ਹੈ। ਸਿਰਫ਼ ਇਹ ਹੀ ਕਿਹਾ ਜਾ ਸਕਦਾ ਹੈ, ਸਤਿਵਾਦੀ ਪੁਰਸ਼ ਕਰਮਾਂ ਦਾ ਸੂਰਾ, ਗਿਆਨ ਵਿਚ ਪੂਰਾ ਤੇ ਧਰਮ ਵਿਚ ਗੂੜ੍ਹਾ ਹੈ। ਸਚਿਆਰ ਪੁਰਸ਼ ਦੇ ਬਚਨਾਂ ਵਿਚ ਵਜ਼ਨ (ਜ਼ੋਰ) ਹੁੰਦਾ ਹੈ। ਉਹ ਸਦਾ ਉਤਸ਼ਾਹੀ ਹੁੰਦਾ ਹੈ।

ਇਸ ਬਖ਼ਸ਼ਸ਼ ਵਾਲੀ ਅਵੱਸਥਾ ਵਿਚ ਪੁੱਜੇ ਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਉਹ ਪੂਰਨ ਬਲ ਦਾ ਮਾਲਕ ਹੋ ਗਿਆ ਹੈ। ਮਿਹਰ ਦੀ ਨਜ਼ਰ ਹੁੰਦੀ ਹੈ ਤਾਂ ਐਸਾ ਬਲ ਪੈਦਾ ਹੋ ਜਾਂਦਾ ਹੈ ਕਿ ਉਸ ਵਿਚ ਵਿਚਾਰ ਪ੍ਰਭਾਵ ਨਹੀਂ ਪਾ ਸਕਦੇ, ਕਿਉਂਕਿ ਉਥੇ ਕੋਈ ਦੂਜਾ ਉਸ ਪ੍ਰਭੂ ਤੋਂ ਸਿਵਾਇ ਨਹੀਂ ਹੁੰਦਾ। ਇਸ ਅਵੱਸਥਾ ਵਿਚ ਵਿਚਰਦੇ ਪੁਰਖ ਹੀ ਜੋਧੇ ਕਹਿਲਾਂਦੇ ਹਨ ਅਤੇ ਮਹਾਨ ਕਰਮ ਕਰਦੇ ਹਨ। ਉਹਨਾਂ ਦੇ ਰੋਮ-ਰੋਮ ਵਿਚ ਉਹ ਸਰਵ-ਵਿਆਪੀ ਪ੍ਰਭੂ ਤੇ ਨਾਮ ਸਮਾਇਆ ਹੁੰਦਾ ਹੈ। ਜੋਧੇ ਅਤੇ ਸੂਰਮੇ ਸਰਦੀ-ਗਰਮੀ, ਦੁੱਖ-ਸੁੱਖ ਵਿਚ ਇਕ ਸਮਾਨ ਰਹਿੰਦੇ ਹਨ। ਐਸੇ ਪੁਰਸ਼ਾਂ ਦਾ ਰੂਪ ਦੱਸਿਆ ਨਹੀਂ ਜਾ ਸਕਦਾ। ਨੂਰ ਹੀ ਨੂਰ ਝਲਕਦਾ ਹੈ। ਉਹਨਾਂ ਨੂੰ ਆਤਮਕ ਮੌਤ ਨਹੀਂ ਪਹੁੰਚੀ ਅਤੇ ਕਦੇ ਵੀ ਹਾਰ ਦਾ ਮੂੰਹ ਨਹੀਂ

www.sikhbookclub.com

ਵੇਖਣਾ ਪੈਂਦਾ । ਉਨ੍ਹਾਂ ਦੇ ਮਨ ਵਿਚ ਸਰਵ-ਵਿਆਪੀ ਜੋਤ ਦਾ ਨਿਵਾਸ ਰਹਿੰਦਾ ਹੈ । ਉਸ ਅਵੱਸਥਾ ਵਿਚ ਟਿਕੇ ਭਗਤ ਲੋਕ ਸੰਸਾਰ ਦੇ ਸਭ ਜੀਵਾਂ ਦੀ ਅਗਵਾਈ ਕਰਦੇ ਹਨ । ਉਨ੍ਹਾਂ ਪਾਸ ਸੱਚੀ ਖ਼ੁਸ਼ੀ ਹੁੰਦੀ ਹੈ ।

ਸੱਚ ਖੰਡ, ਉਸ ਦੀ ਹੋਂਦ ਨੂੰ ਅੰਦਰ ਦੇਖ ਲੈਣ ਵਾਲੀ ਅਵੱਸਥਾ ਹੈ । ਉਸ ਦਾ ਨਿਰ-ਆਕਾਰ ਰੂਪ ਅੰਦਰ ਟਿਕ ਜਾਂਦਾ ਹੈ । ਇਹ ਪ੍ਰਤੱਖ ਦਿੱਸ ਜਾਂਦਾ ਹੈ ਕਿ ਵਾਹਿਗੁਰੂ ਸ੍ਰਿਸ਼ਟੀ ਦੀ ਰਚਨਾ ਕਰ ਕੇ ਉਸ ਦੀ ਸੰਭਾਲ ਵੀ ਚਾਅ ਨਾਲ ਕਰਦਾ ਹੈ । ਇਕ ਨਹੀਂ ਉਹ ਅਨੇਕਾਂ ਜਗਤਾਂ, ਮੰਡਲ ਚੱਕ੍ਰਾਂ ਤੇ ਵਿਸ਼ਵਾਂ ਦਾ ਧਿਆਨ ਰੱਖਦਾ ਹੈ ਅਤੇ ਜੇ ਕੋਈ ਉਨ੍ਹਾਂ ਦਾ ਬਿਆਨ ਕਰਨ ਲੱਗੇ ਤਾਂ ਉਹ ਦੇਖੇਗਾ ਕਿ ਅੰਤ ਨਹੀਂ ਪਾਇਆ ਜਾ ਸਕਦਾ । ਇਸ ਸੱਚ ਖੰਡੀ ਅਵੱਸਥਾ ਵਿਚ ਸਚਿਆਰ ਨੂੰ ਅਨੇਕਾਂ ਹੀ ਦੁਨੀਆਂ ਦੇ ਦ੍ਰਿਸ਼ਟਮਾਨ ਰੂਪ ਘੁੰਮਦੇ ਦਿੱਸਦੇ ਹਨ । ਸੱਭ ਉਸ ਦੇ ਹੁਕਮ ਵਿਚ ਚਲਦੇ ਦਿਖਾਈ ਦਿੰਦੇ ਹਨ । ਪਰਮਾਤਮਾ ਆਪਣੀ ਸ੍ਰਿਸ਼ਟੀ ਨੂੰ ਦੇਖਦਾ ਹੈ ਤੇ ਪ੍ਰਸੰਨ ਹੁੰਦਾ ਹੈ ਤੇ ਸੰਭਾਲ ਵੀ ਕਰਦਾ ਹੈ । ਇਸ ਅਵੱਸਥਾ ਦਾ ਵਰਨਣ ਕਰਨਾ ਬਹੁਤ ਹੀ ਔਖਾ ਹੈ ।

ਨਦਰ ਦੀ ਅਵੱਸਥਾ ਵਿਚ ਪੁੱਜ ਕੇ ਜੀਵ ਸਭ ਪਾਸੇ ਉਸ ਦਾ ਹੀ ਰੂਪ ਦੇਖਦਾ ਹੈ । ਸੰਸਾਰ ਦੀਆਂ ਨਿੱਕੀਆਂ, ਨਿਗੂਣੀਆਂ, ਗ਼ਮੀਆਂ-ਖ਼ੁਸ਼ੀਆਂ ਦਾ ਐਸੇ ਪੁਰਸ਼ ਲਈ ਕੋਈ ਅਰਥ ਨਹੀਂ ਰਹਿੰਦਾ ਕਿਉਂਕਿ ਉਨ੍ਹਾਂ ਖ਼ੁਸ਼ੀਆਂ, ਗ਼ਮੀਆਂ ਵਿਚ ਨਦਰੀ ਜਿਉੜੇ ਨੂੰ ਆਪਣੇ ਆਦਰਸ਼ ਤੋਂ ਹਟਾਉਣ ਦੀ ਸ਼ਕਤੀ ਨਹੀਂ ਰਹਿੰਦੀ । ਉਹ ਐਸੇ ਪੁਰਖਾਂ ਨੂੰ ਸੰਗੀ-ਸਾਥੀ ਪਾਉਂਦਾ ਹੈ ਤੇ ਇਤਨਾ ਬਲ ਵਾਲਾ ਮਹਿਸੂਸ ਕਰਦਾ ਹੈ ਕਿ ਮੌਤ ਦਾ ਡਰ ਵੀ ਹੁਣ ਨਹੀਂ ਰਹਿੰਦਾ । ਇਸ ਤਰ੍ਹਾਂ ਉਹ ਨੂਰ ਹੀ ਨੂਰ ਹੋ ਜਾਂਦਾ ਹੈ ਕਿਉਂਕਿ ਸਰੀਰ ਦਾ ਖ਼ਿਆਲ ਹਟ ਜਾਂਦਾ ਹੈ । ਐਸੀਆਂ ਆਤਮਕ ਉਚਾਈਆਂ ਤੇ ਪੁੱਜਿਆਂ ਦਾ ਬਿਆਨ ਨਹੀਂ ਕੀਤਾ ਜਾ ਸਕਦਾ ।

ਹੁਣ ਆਤਮਿਕ ਢੁੰਡਾਊ ਉਸ ਅਵਿਸਥਾ ਵਿਚ ਆਣ ਪੁੱਜਾ ਹੈ ਜਿੱਥੇ ਮਿਹਰਾਂ ਹੋਣੀਆਂ ਹਨ ਅਤੇ ਮਿਹਰ ਉਪ੍ਰੰਤ ਅਥਾਹ ਬਲ ਪੈਦਾ ਹੁੰਦਾ ਹੈ । ਕੋਈ ਹੋਰ ਇਸ ਅਵਿਸਥਾ ਨੂੰ ਅੱਪੜ ਨਹੀਂ ਸਕਦਾ, ਸਿਵਾਇ ਉਨ੍ਹਾਂ ਸੂਰਮਿਆਂ ਤੇ ਮਹਾਨ ਬਲੀਆਂ ਦੇ ਜਿਨ੍ਹਾਂ ਅੰਦਰ ਵਾਹਿਗੁਰੂ ਦੀ ਜੋਤ ਹਰ ਵੇਲੇ ਜਗ-ਮਗ ਕਰਦੀ ਹੈ, ਜੋ ਵਾਹਿਗੁਰੂ ਤੋਂ ਸਿਵਾ ਹੋਰ ਕੁਝ ਨਹੀਂ ਚਿਤਾਰਦੇ । ਇਸ ਮਿਹਰ ਪਾਈ ਅਵੱਸਥਾ ਵਿਚ ਭਾਵੇਂ ਕੋਈ ਹਾਲ ਹੋਵੇ, ਗਰਮ ਜਾਂ ਸਰਦ, ਦੁੱਖ ਜਾਂ ਸੁੱਖ, ਗ਼ਮੀ ਜਾਂ ਖ਼ੁਸ਼ੀ, ਸੀਤ ਜਾਂ ਉਸੀਤ (ਸੀਤੋ-ਸੀਤਾ) ਵਾਹਿਗੁਰੂ ਦੀ ਸਿਫ਼ਤ ਸਾਲਾਹ ਹੀ ਮੂੰਹੋਂ ਨਿਕਲਦੀ ਹੈ । ਐਸੇ ਦੁੱਖ-ਸੁੱਖ ਸਮ ਕਰ ਜਾਣਨ ਵਾਲੇ ਜੋਧੇ ਦੇ ਰੂਪ ਦੀ ਉਪਮਾ ਨਹੀਂ ਕੀਤੀ ਜਾ ਸਕਦੀ ।

ਐਸੇ ਰਾਮ ਭਰਪੂਰ, ਸਿਫ਼ਤ-ਸਾਲਾਹ ਵਿਚ ਸਦਾ ਪ੍ਰੋਤਿਆਂ ਨੂੰ ਨਾ ਮੌਤ ਡਰਾ ਸਕਦੀ ਹੈ ਅਤੇ ਨਾ ਕੋਈ ਸੰਸਾਰੀ ਵਿਸ਼ੇ-ਵਿਕਾਰ ਠੱਗ ਸਕਦੇ ਹਨ । ਉਹ ਸਦਾ ਜੋ ਜਾਗਤ ਅਵੱਸਥਾ ਵਿਚ ਹੁੰਦੇ ਹਨ, ਇਸ ਅਵੱਸਥਾ ਵਿਚ ਪੁੱਜੇ ਪੂਰੇ ਸੂਰੇ, ਢੂੰਡ ਕੇ ਵੀ ਸਭ ਜਗਤ ਦੇ ਭਗਤਾਂ ਦੀ ਸੰਗਤ ਕਰਦੇ ਤੇ ਹਿਰਦੇ ਵਿਚ ਸੱਚੇ ਨੂੰ ਵਸਾ ਕੇ ਸਦਾ ਖ਼ੁਸ਼ੀਆਂ ਮਾਣਦੇ ਹਨ ਤਾਂਕਿ ਹੰਕਾਰ ਦਾ ਦਾਅ ਨਾ ਪਵੇ ।

ਹੁਣ ਐਸੀ ਅਵਿਸਥਾ ਮਿਲ ਜਾਂਦੀ ਹੈ ਜਿਸ ਨੂੰ ਸੱਚ ਪ੍ਰਾਪਤੀ ਦੀ ਦਸ਼ਾ ਕਿਹਾ ਜਾਂਦਾ ਹੈ । ਇਥੇ ਸਰੀਰ, ਵਿਅਕਤੀ, ਅਵਤਾਰ ਦਾ ਖ਼ਿਆਲ ਤਕ ਨਹੀਂ ਰਹਿੰਦਾ । ਇਹ ਸੱਚ ਪ੍ਰਾਪਤ ਕਰਨ ਵਾਲੇ ਨੂੰ ਦਿੱਸ ਪੈਂਦਾ ਹੈ ਕਿ ਵਾਹਿਗੁਰੂ ਹਰ ਇਕ ਤੇ ਮਿਹਰ ਦੀ ਨਜ਼ਰ ਸੁੱਟ ਰਿਹਾ ਹੈ । ਉਹ ਦੇਖ ਸਕਦਾ ਹੈ ਕਿ ਕਈ ਦੇਸ, ਦੀਪ ਤੇ ਸ੍ਰਿਸ਼ਟੀਆਂ ਹਨ, ਜਿਨਾਂ ਦੀ ਗਿਣਤੀ ਦਾ ਕੋਈ ਅੰਤ ਨਹੀਂ । ਬੜੀ ਚੋੜੀ ਦ੍ਰਿਸ਼ਟੀ ਹੋ ਜਾਂਦੀ ਹੈ । ਇਸ ਅਵਿਸਥਾ ਵਿਚ ਦੇਖ ਲੈਂਦਾ ਹੈ ਕਿ ਉਸ ਦੀ ਸਾਜੀ ਬੇਅੰਤ ਸਿਰਜਨਾ ਹੈ, ਜੋ ਉਸ ਦੇ ਹੁਕਮ ਵਿਚ ਚੱਲ ਰਹੀ ਹੈ । ਉਹ ਇਹ ਕੌਤਕ ਦੇਖ ਕੇ ਨਿਰਾਲੇ ਚਾਅ ਵਿਚ ਰਹਿੰਦਾ ਹੈ ਤੇ ਸ਼ਬਦ ਵਿਚਾਰ ਦੀ ਨਿਰਾਲੀ ਭਗਤੀ ਵਿਚ ਲੀਨ ਹੋ ਜਾਂਦਾ ਹੈ । ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜੋ ਆਤਮਕ ਜੀਊੜਾ ਸੱਚ ਖੰਡ ਪੁੱਜ ਦੇਖਦਾ ਹੈ, ਉਸ ਦਾ ਬਿਆਨ ਕਰਨਾ ਬੜਾ ਕੱਠਨ ਹੈ, ਲੋਹਾ ਚਬਾਣ ਤੁਲ ਹੈ ।

ਇਹ ਪੰਜ ਖੰਡ ਕੋਈ ਲੋਕ ਨਹੀਂ, ਸਗੋਂ ਅਵਸਥਾਵਾਂ ਹਨ, ਜਿਨ੍ਹਾਂ ਨਾਲ ਆਤਮਿਕ ਰਾਹੀ ਦਾ ਵਾਹ ਪੈਂਦਾ ਹੈ । ਇਹ ਪੰਜੇ ਕੋਈ ਅਲਮਾਰੀ ਦੇ ਖ਼ਾਨਿਆਂ ਵਾਂਗ ਅੱਡ-ਅੱਡ ਖ਼ਾਨੇ ਵੀ ਨਹੀਂ, ਸਗੋਂ ਇਕ ਦੂਜੇ ਨਾਲ ਜੁੜੇ ਮੁੜੇ ਹਨ । ਜਿਵੇਂ ਧਰਮ ਤੇ ਗਿਆਨ ਇਕੱਠੇ ਤੁਰਨਗੇ । ਕਰਮ ਤੇ ਸੱਚ ਖੰਡ ਨਿਖੇੜੇ ਨਹੀਂ ਜਾ ਸਕਦੇ, ਪਰ ਇਹ ਯਕੀਨੀ ਹੈ ਕਿ ਕਿਸੇ ਅਵੱਸਥਾ ਵਿਚ ਟਿਕਿਆ ਜੀਵ ਦਾ ਹਾਲ ਪੂਰੀ ਤਰ੍ਹਾਂ ਨਹੀਂ ਜਾਣਿਆ ਜਾ ਸਕਦਾ ਜਦ ਤਕ ਉਸ ਨੂੰ ਪ੍ਰਾਪਤ ਨਾ ਕਰ ਲਵੇ । ਵਾਪਰਦੀਆਂ ਇਹ ਅਵੱਸਥਾ ਅਵੱਸ਼ ਹਨ । ਜਦ ਕੋਈ ਧਰਮ, 'ਪਤਿਸਿਊ' ਜੀਵਨ ਗੁਜ਼ਾਰ, ਗਿਆਨ ਪਾਉਂਦਾ ਹੈ ਤਾਂ ਅਸਚਰਜਤਾ ਵਿਚ ਚਲਾ ਜਾਂਦਾ ਹੈ । ਗਿਆਨ ਹੋਣ ਤੇ ਧਰਮ ਨਹੀਂ ਤਿਆਗਣਾ, ਸਗੋਂ ਗਿਆਨ ਤੋਂ ਸੁਹਜ-ਸੁਆਦ ਪੈਦਾ ਕਰਨਾ ਹੈ ਅਤੇ ਦਇਆ ਦਾ ਰੂਪ ਹੋ ਸਾਖਿਆਤ ਉਸ ਦੇ ਦਰਸ਼ਨ ਪਾ ਲੈਣੇ ਹਨ ।

**ਸ਼ਬਦ-ਭਾਵ :**

**ਕਰਮ ਖੰਡ** : ਬਖ਼ਸ਼ਸ਼ ਵਾਲੀ ਅਵੱਸਥਾ ।

**ਬਾਣੀ ਜੋਰੁ** : ਬਚਨਾਂ ਵਿਚ ਬਲ ।

**ਹੋਰੁ ਨ ਕੋਈ ਹੋਰੁ** : ਕਠਨ ਹੈ ਪੁੱਜਣਾ, ਰਸਾਈ ਆਸਾਨ ਨਹੀਂ ।

**ਜੋਧ ਮਹਾਬਲ ਸੂਰ** : ਮਹਾਨ ਬਹਾਦਰ ਸੂਰਮੇ, ਪੂਰੇ ਸੂਰੇ ।

**ਰਾਮ ਰਹਿਆ ਭਰਪੂਰ** : ਵਾਹਿਗੁਰੂ ਦੀ ਜੋਤ ਹਰ ਸਮੇਂ ਜਗਮਗ ਕਰਦੀ (Inspired by Waheguru-Consciousness).

**ਸੀਤੋ-ਸੀਤਾ** : ਸੀਤ-ਉਸੀਤ, ਗਰਮੀ ਸਰਦੀ, ਹਰ ਹਾਲ ।

**ਮਹਿਮਾ ਮਾਹਿ** : ਸਿਫ਼ਤ-ਸਲਾਹ ਵਿਚ ਸਦਾ ਲੱਗੇ ।

**ਭਗਤ ਵਸਹਿ ਕੇ ਲੋਅ** : ਅਨੇਕ ਜਗਤਾਂ ਦੇ ਭਗਤਾਂ ਨਾਲ ਸਾਂਝ ।

**ਨਦਰਿ ਨਿਹਾਲ** : ਮਿਹਰ ਦੀ ਨਜ਼ਰ ਪਾਉਂਦਾ ਹੈ ।

www.sikhbookclub.com

**ਵੇਖੈ ਵਿਗਸੈ** : ਸੱਚ ਖੰਡ ਪਾਈ ਅਵਿਸਥਾ ਵਾਲਾ ਦੇਖ-ਦੇਖ ਖ਼ੁਸ਼ ਹੁੰਦਾ ਹੈ, ਨਿਰਾਲੇ ਚਾਅ ਵਿਚ ਰਹਿੰਦਾ ਹੈ ।

**ਕਰਿ ਵੀਚਾਰੁ** : ਸ਼ਬਦ-ਵਿਚਾਰ ਵਿਚ ਪੈ ਜਾਂਦਾ ਹੈ ।

**ਕਥਨਾ ਕਰੜਾ ਸਾਰੁ** : ਬੜਾ ਔਖਾ ਹੈ ਉਸ ਅਵਿਸਥਾ ਦਾ ਬਿਆਨ, ਲੋਹਾ ਚਬਾਣ ਤੁਲ ਹੈ ।

**੩੮ (੮)**

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥**
**ਅਹਰਣਿ ਮਤਿ ਵੇਦੁ ਹਥੀਆਰੁ ॥**
**ਭਉ ਖਲਾ, ਅਗਨਿ ਤਪ ਤਾਉ ॥**
**ਭਾਂਡਾ ਭਾਉ, ਅੰਮ੍ਰਿਤੁ ਤਿਤੁ ਢਾਲਿ ॥**
**ਘੜੀਐ ਸਬਦੁ ਸਚੀ ਟਕਸਾਲ ॥**
**ਜਿਨ ਕਉ ਨਦਰਿ, ਕਰਮੁ ਤਿਨ ਕਾਰ ॥**
**ਨਾਨਕ ਨਦਰੀ ਨਦਰਿ ਨਿਹਾਲ ॥ ੩੮ ॥**

ਜਪ ਦੀ ਇਸ ਅੰਤਲੀ ਪਉੜੀ ਵਿਚ ਪਿਛਲੀਆਂ ਪੰਜਾਂ ੩੩ ਤੋਂ ੩੭ਵੀਂ ਦਾ ਫਿਰ ਸਾਰ ਦਿੱਤਾ ਹੈ ਅਤੇ ਉਹ ਸਾਰ ਦ੍ਰਿਸ਼ਟਾਂਤ ਰਾਹੀਂ ਦਰਸਾਇਆ ਹੈ । ੩੩ ਤੋਂ ੩੭ਵੀਂ ਵਿਚ ਜਪ ਦੀਆਂ ਪਹਿਲੀਆਂ ਬੱਤੀ ਪਉੜੀਆਂ ਦਾ ਸੰਖੇਪ ਵਰਨਣ ਸੀ ਅਤੇ ਇਸ ਵਿਚ ਇਨ੍ਹਾਂ ਪੰਜਾਂ ਦਾ ਸਾਰ ਹੈ । ਸਾਰੇ ਜਪ ਨੂੰ ਮਥ ਕੇ ਤੱਤ ਸਾਹਮਣੇ ਲੈ ਆ ਰਹੇ ਹਨ ।

ਜੋ ਜੀਵ ਇਹ ਚਾਹੁੰਦਾ ਹੈ ਕਿ ਉਸ ਦਾ ਵਤੀਰਾ ਖੱਰਾ ਸਿੱਕਾ, ਸੱਚੀ ਟਕਸਾਲ ਦਾ ਘੜਿਆ ਹੋਵੇ, ਉਹ ਸੱਭ ਤੋਂ ਪਹਿਲਾਂ ਰਹਿਤ ਤੇ ਸੰਜਮ ਤੋਂ ਆਰੰਭ ਕਰੇ । ੨੮ ਤੋਂ ੩੧ਵੀਂ ਪਉੜੀ ਵਿਚ ਇਹ ਹੀ ਦਰਸਾਇਆ ਗਿਆ ਹੈ । ਰਹਿਤ ਤੇ ਸੰਜਮ ਮਨੁੱਖੀ ਸ਼ਕਤੀਆਂ ਨੂੰ ਅਜਾਈਂ ਨਹੀਂ ਜਾਣ ਦੇਣਗੇ, ਸਗੋਂ ਹੋਰ ਲਾਹੇਵੰਦ ਕਾਰਜ ਲਈ ਸ਼ਕਤੀਆਂ ਲਗਾਉਣ ਦੀ ਪ੍ਰੇਰਨਾ ਦੇਣਗੇ । ਇਹ ਕੱਚੀ ਧਾਤ ਨੂੰ ਕੁੱਟ ਕੇ ਸੋਨਾ ਕੱਢਣ ਦੇ ਤੁਲ ਹੈ ਤੇ ਇਹ ਹੀ ਧਰਮ ਖੰਡ ਹੈ । ਬੁੱਧੀ ਤੇ ਵਿਚਾਰ, ਉਸ ਪ੍ਰਾਪਤ ਕੱਚੇ ਸੋਨੇ ਨੂੰ ਐਸੀ ਅਵੱਸਥਾ ਵਿਚ ਲੈ ਜਾਂਦੇ ਹਨ ਜਿੱਥੇ ਉਸ ਨੂੰ ਢਾਲਿਆ ਜਾ ਸਕਦਾ ਹੈ । ਇਹ ਗਿਆਨ ਖੰਡ ਹੈ ਪਰ ਗਿਆਨ ਹੀ ਕਾਫ਼ੀ ਨਹੀਂ ਹੈ । ਇਹ ੩੩ਵੀਂ ਤੋਂ ੩੭ਵੀਂ ਪਉੜੀ ਤਕ ਦ੍ਰਿੜ੍ਹ ਕਰ ਦਿੱਤਾ ਗਿਆ ਹੈ । ਸੋ ਲਗਾਤਾਰ ਚਿੰਤਨ ਤੇ ਅੰਤਰ ਆਤਮੇ ਝਾਕਣਾ ਜ਼ਰੂਰੀ ਹੈ । 'ਖੰਦੇ ਖੋਜੁ ਦਿਲ ਹਰ ਰੋਜ', ਗੁਰੂ ਗ੍ਰੰਥ ਸਾਹਿਬ ਦਾ ਫ਼ਰਮਾਨ ਹੈ । ਗਿਆਨ ਨੂੰ ਅਹਿਰਣ ਅਤੇ ਅੰਤਰ ਆਤਮੇ ਝਾਕਣ ਨੂੰ ਹਥੌੜਾ (ਹਥਿਆਰ) ਕਿਹਾ ਹੈ । ਰੋਜ਼ ਹਥੌੜੇ ਨਾਲ ਗਿਆਨ ਨੂੰ ਸਿੱਧਾ ਕਰਨਾ ਹੈ । ਇਹ ਅਮਲ ਕਰਦਿਆਂ ਭਉ ਰੱਖਣਾ ਹੈ । ਗਿਆਨ ਰੂਪੀ ਸ਼ਕਤੀ ਅਹੰਕਾਰ ਛੇਤੀ ਪੈਦਾ ਕਰ ਦਿੰਦੀ ਹੈ ਅਤੇ ਤਪ ਦਾ ਤਾਅ (ਅਗਨੀ) ਬੰਧੇਜ ਹੈ ਤਾਂ ਕਿ ਕਿਸੇ ਸਮੇਂ ਵੀ ਕਾਹਲਾ ਨਾ ਪੈ ਜਾਏ; ਇਹ ਹੈ ਗਿਆਨ ਤੋਂ ਸਰਮ ਅਵੱਸਥਾ ਨੂੰ ਪਾਉਣਾ ।

ਨਦਰ ਉਸ ਦੀ ਮਿਹਰ ਨਾਲ ਹੀ ਮਿਲਦੀ ਹੈ । ਜਦ ਗਿਆਨ ਪ੍ਰਚੰਡ ਅਤੇ ਆਤਮਾ

ਨੂਰੋ ਨੂਰ ਹੋ ਗਈ, ਪ੍ਰੇਮ ਨਾਲ ਹਿਰਦਾ ਭਰ ਗਿਆ ਤਾਂ ਸੋਨਾ ਪਾਸਾ ਹੋ ਗਿਆ ਅਤੇ ਅਮਰ ਜੋਤੀ (ਅੰਮ੍ਰਿਤ) ਉਸ ਭਾਂਡੇ ਵਿਚ ਦਾਖ਼ਲ ਹੋ ਕੇ ਆਤਮਾ ਨੂੰ ਉਸ ਅਵੱਸਥਾ ਵਿਚ ਲੈ ਜਾਏਗੀ, ਜਿਸ ਦਾ ਵਰਨਣ ਨਹੀਂ ਹੋ ਸਕਦਾ। ("ਤਾ ਕੇ ਰੂਪ ਨ ਕਥਨੇ ਜਾਹਿ" ਅਤੇ 'ਜੇ ਕੋ ਕਹੈ ਤ ਅੰਤ ਨ ਅੰਤ') । ਇਹ ਹੀ ਵਲ ਹੈ ਜਿਸ ਦੁਆਰਾ ਸੱਚੀ ਟਕਸਾਲ ਦਾ ਸ਼ਬਦ (ਵਤੀਰਾ) ਘੜਿਆ ਜਾਂਦਾ ਹੈ ।ਇਹ ਕਰਮ ਤੇ ਸੱਚ ਖੰਡ ਦਾ ਪ੍ਰਤੀਕ ਹੈ। ਜੇ ਸੱਚੇ ਪਾਤਸ਼ਾਹ ਦੀ ਨਦਰ ਹੋ ਜਾਏ ਤਾਂ ਉਹ ਆਪੂੰ ਮਨੁੱਖ ਨੂੰ ਨਦਰ ਬਖ਼ਸ਼ ਕੇ ਸੋਨਾ ਬਣਾਉਂਦਾ ਹੈ ਅਤੇ ਫਿਰ ਵਿਸਮਾਦ ਅਵੱਸਥਾ ਵਿਚ ਲੈ ਜਾ ਕੇ ਸੱਚੀ ਟਕਸਾਲ ਤੇ ਢਾਲ ਕੇ ਅਮਰ ਬਣਾ ਦਿੰਦਾ ਹੈ ।

ਸੋਨੇ ਵਾਂਗ ਆਚਰਣ ਦੀ ਡਲੀ ਢਾਲਣ ਲਈ ਕੇਵਲ ਭੱਠੀ ਜਤ, ਜ਼ਬਤ, ਸੰਜਮ ਜਾਂ ਰਹਿਤ ਹੈ । ਘੜਣਹਾਰੇ ਪਾਸ ਸੁਨਿਆਰੇ ਜਿਤਨਾ ਧੀਰਜ ਚਾਹੀਦਾ ਹੈ । ਇਸ ਡਲੀ ਨੂੰ ਗਹਿਣਾ ਬਣਾਉਣਾ ਜ਼ਰੂਰੀ ਹੈ । ਆਚਰਣ ਉਹ ਹੀ ਸਕਾਰਥਾ ਹੈ ਜੋ ਸ਼ਖ਼ਸੀਅਤ ਸਵਾਰਦਾ ਹੈ, ਉਹ ਆਚਰਣ ਭਾਵੇਂ ਸੋਨੇ ਦੀ ਡਲੀ ਹੋਵੇ ਕਿਸੇ ਕੰਮ ਨਹੀਂ ਜੇ ਪਹਿਨੀ ਨਹੀਂ ਗਈ । ਵਰਤੋਂ ਵਿਚ ਨਹੀਂ ਆਈ । ਵੇਦ, ਗਿਆਨ ਦੇ ਹਥੌੜੇ ਨਾਲ ਕੋਮਲ ਸੱਟਾਂ ਮਾਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਵਿਚੋਂ ਸਿਆਣਪ ਨਿਕਲਦੀ ਰਹੇ । ਇਹ ਜਪ ਦੀ ਭੱਠੀ ਮਘੀ ਹੋਵੇ, ਇਸ ਲਈ ਤਪ ਦਾ ਤਾਅ, ਸਿਮਰਨ ਜ਼ਰੂਰੀ ਹੈ । ਇਸ ਤਰ੍ਹਾਂ ਸਮੁੱਚਾ ਜੀਵਨ ਸ਼ਬਦ ਦੀ ਅਗਵਾਈ ਹੇਠ ਟੁਰੇਗਾ । ਇਹ ਹੀ ਸ਼ਬਦ ਦਾ ਘੜਿਆ ਜਾਣਾ ਹੈ ।

ਜਿਸ ਨੂੰ 'ਕਥਨਾ ਕਰੜਾ ਸਾਰੁ' ਕਿਹਾ ਸੀ, ਹੁਣ ਅੰਤਲੀ ਪਉੜੀ ਵਿਚ ਦੱਸਦੇ ਹਨ ਕਿ ਉਸ ਸ਼ਬਦ ਨੂੰ ਸੱਚੀ ਟਕਸਾਲ ਵਿਚ ਘੜ ਪਰਵਾਣ ਕਿਵੇਂ ਕਰਾਉਣਾ ਹੈ । ਸਾਰੀ ਜਪੁਜੀ ਦਾ ਇਹ ਪਉੜੀ ਸਾਰ ਵੀ ਹੈ ।

ਭੱਠੀ ਬਣਾਵੇ ਜ਼ਬਤ ਦੀ ਅਤੇ ਧੀਰਜ ਰੱਖੇ ਸੁਨਿਆਰੇ ਵਾਲਾ । ਮਤ ਨੂੰ ਅਹਿਰਣ ਤੇ ਰੱਖ ਕੇ ਗੁਰਬਾਣੀ ਦੀਆਂ ਹਲਕੀਆਂ-ਹਲਕੀਆਂ ਹਥੌੜੀਆਂ ਮਾਰਦਾ ਰਹੇ । ਵਾਹਿਗੁਰੂ ਦੇ ਭੈ ਦੀ ਧੌਂਕਣੀ ਦੇਂਦਾ ਰਹੇ ਤੇ ਭੱਠੀ ਵਿਚੋਂ ਤੱਪ ਦੀਆਂ ਫੂਕਾਂ ਮਾਰ ਕੇ ਬੱਝਵਾਂ ਤਾਅ ਤੇ ਲਗਾਤਾਰ ਅਗਨੀ ਪਹੁੰਚਾ, ਸ਼ੁੱਧ ਕੀਤੇ ਕੰਚਨ ਰੂਪੀ ਸਰੀਰ ਨੂੰ ਪਿਆਰ ਦੇ ਭਾਂਡੇ ਵਿਚ, ਪ੍ਰਭੂ ਦਾ ਅਮਰ ਕਰਨ ਵਾਲਾ ਨਾਮ ਰੂਪੀ ਅੰਮ੍ਰਿਤ ਪਾ ਕੇ ਐਸੀ ਨੀਝ ਪਾ ਲਵੇ ਕਿ ਹਰ ਵਸਤੂ ਸਿਵਾਇ ਉਸ ਵਾਹਿਗੁਰੂ ਤੋਂ ਨਾਸ਼ਵੰਤ ਲੱਗੇ । ਇਸ ਤਰ੍ਹਾਂ ਉਸ ਸ਼ਬਦ ਦੀ ਘਾੜਤ ਘੜੀ ਜਾਏਗੀ ਜਿਸ ਨੇ ਸਿੱਧੀ ਪਹੁੰਚ ਪ੍ਰਭੂ ਨਾਲ ਕਰਾਈ ਰੱਖਣੀ ਹੈ ।

ਜਿਨ੍ਹਾਂ ਤੇ ਉਸ ਦੀ ਰਹਿਮਤ ਹੋਵੇ, ਉਨ੍ਹਾਂ ਨੂੰ ਇਹ ਕਾਰ, ਸ਼ਬਦ ਦੀ ਘਾੜਤ ਘੜਨ ਦੀ ਬਖ਼ਸ਼ਦਾ ਹੈ । ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਿਸ ਤੇ ਵਾਹਿਗੁਰੂ ਮਿਹਰ ਦੀਆਂ ਨਜ਼ਰਾਂ ਪਾ ਦੇਵੇ, ਉਹ ਹੀ ਸਦੀਵੀਆਂ ਖ਼ੁਸ਼ੀਆਂ ਪਾਂਦੇ ਹਨ ।

**ਸ਼ਬਦ-ਭਾਵ :**

**ਜਤੁ** : ਜ਼ਬਤ (Continence).

**ਪਾਹਾਰਾ** : ਭੱਠੀ, ਜਿੱਥੇ ਸੁਨਿਆਰਾ ਬੈਠ ਕੇ ਕੰਮ ਕਰਦਾ ਹੈ (Smithy).

**ਧੀਰਜੁ** : ਸਹਿਜ (Poise).

**ਅਹਰਣਿ** : ਲੋਹੇ ਦਾ ਪੱਕਾ ਮੁੱਢ, ਜਿਸ ਤੇ ਸੁਨਿਆਰਾ ਸੋਨਾ ਰੱਖ ਕੇ ਸੱਟਾਂ ਮਾਰ ਘੜਦਾ ਹੈ (Anvil).

**ਹਥੀਆਰੁ** : ਹਥੌੜੀਆਂ, ਔਜ਼ਾਰ ।

**ਖਲਾ** : ਧੌਂਕਣੀ (Bellows).

**ਤਪੁ** : ਲਗਾਤਾਰ ਜਤਨ, ਜਿਵੇਂ ਸੁਨਿਆਰਾ ਨਲਕੀ ਵਿਚੋਂ ਫੂਕ ਮਾਰਨ ਦਾ ਜਤਨ ਕਟੜਾ ਰਹਿੰਦਾ ਹੈ ਤਾਕਿ ਤਾਅ ਪੁੱਜਦਾ ਰਹੇ ।

**ਤਾਉ** : ਤਾਅ (Heat).

**ਭਾਉ** : ਪਿਆਰ ।

**ਅੰਮ੍ਰਿਤੁ** : ਪ੍ਰਭੂ ਦਾ ਅਮਰ ਕਰਨ ਵਾਲਾ ਨਾਮ ਜੋ ਇਹ ਦ੍ਰਿਸ਼ਟੀ ਬਖ਼ਸ਼ਦਾ ਹੈ ਕਿ ਹੋਰ ਸਭ ਕੁਝ ਨਾਸ਼ਵੰਤ ਹੈ, ਸਿਵਾਇ ਪ੍ਰਭੂ ਤੋਂ ।

**ਨਿਹਾਲ** : ਸਦਾ ਚਾਅ, ਖ਼ੁਸ਼ੀ, ਬਖ਼ਸ਼ਸ਼ਾਂ ।

———

SIKHBOOKCLUB.COM

## ੮

# ਅੰਤਕਾ

## ਸਲੋਕ

ਪਵਣੁ ਗੁਰੂ ਪਾਣੀ ਪਿਤਾ, [੮]
ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ,
ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥

ਨਦਰ ਪ੍ਰਾਪਤ ਕਰ ਕੇ ਚੁੱਪ ਕਰ ਕੇ ਨਹੀਂ ਬੈਠ ਜਾਣਾ, ਸਗੋਂ ਉਸ ਨਦਰ ਪ੍ਰਾਪਤੀ ਬਾਅਦ ਜੂਝਣਾ ਹੈ ਅਤੇ ਧਰਮ ਤੋਂ ਦੂਰ ਜਾਂਦਿਆਂ ਨੂੰ ਧਰਮ ਦੇ ਤੱਤ ਦੱਸ ਕੇ ਵਾਹਿਗੁਰੂ ਪਾਸ ਬਹਿਣ ਜੋਗ ਬਣਾਉਣਾ ਹੈ ।

ਕੁਦਰਤ ਦੇ ਸਾਧਨ ਜੋ ਇਰਦ-ਗਿਰਦ ਦੇਖਣ ਨੂੰ ਮਿਲਦੇ ਹਨ ਇਹ ਸਭ ਉਤਪਤੀ ਪਾਲਣ, ਸਿੱਖਿਆ ਤੇ ਖੇਡ਼ ਵਿਚ ਰੱਖਣ ਲਈ ਸਹਾਇਕ ਹੁੰਦੇ ਹਨ । ਅਮਲਾਂ ਨੂੰ ਸ਼ੁੱਧ ਬਣਾਉਣ ਵਿਚ ਸਹਾਇਕ ਹੁੰਦੇ ਹਨ । ਇਹ ਪੱਕ ਹੈ ਕਿ ਨੇਕੀ ਤੇ ਬਦੀ ਦੋਵੇਂ ਹੀ ਪ੍ਰਭਾਵ ਪਾਉਂਦੇ ਰਹਿੰਦੇ ਹਨ । ਨੇਕੀ ਉਸ ਦੇ ਨੇੜੇ ਲੈ ਜਾਂਦੀ ਹੈ ਤੇ ਬਦੀ ਉਸ ਤੋਂ ਦੂਰ । ਨੇਕੀ ਕਰਨੀ ਹੀ ਠੀਕ ਹੈ ਜੋ ਉਸ ਦੇ ਨੇੜੇ ਲੈ ਜਾਏ ਪਰ ਨੇਕੀ ਵੀ ਕਰਮਾਂ ਦੇ ਗੇੜ ਤੋਂ ਬਾਹਰ ਨਹੀਂ ਕੱਢਦੀ । ਉਸ ਵਿਚੋਂ ਨਾਮ ਹੀ ਕੱਢ ਸਕੇਗਾ । ਨਾਮ ਪ੍ਰਗਟ ਹੁੰਦਾ ਹੈ, ਸੁਣਿਐ, ਮੰਨੈ, ਧਿਆਨ ਤੇ ਸਮਾਧੀ ਪਿੱਛੋਂ । ਮੁੱਖ ਨਾਮ ਨਾਲ ਹੀ ਉਜਲਾ ਹੋਵੇਗਾ । ਇਕ ਨਹੀਂ, ਫਿਰ ਕਈ ਤਰ ਜਾਣਗੇ । ਸਿੱਖੀ ਵਿਅਕਤੀਗਤ ਨਹੀਂ ਇਸ ਵਿਚ 'ਤਰੈ ਤਾਰੈ' ਜ਼ਰੂਰੀ ਹੈ ।

ਪਉਣ ਗੁਰੂ ਹੈ, ਜਿਵੇਂ ਪ੍ਰਾਣ ਸਰੀਰਾਂ ਲਈ ਜ਼ਰੂਰੀ ਹੈ ਤਿਵੇਂ ਗੁਰੂ ਜੀਵਾਂ ਦੀ ਆਤਮਾ ਲਈ ਲਾਜ਼ਮੀ ਹੈ । ਪਵਣ ਕਹਿ ਕੇ ਦਰਸਾ ਰਹੇ ਹਨ ਕਿ ਗੁਰੂ ਕੋਈ ਠੋਸ ਵਿਅਕਤੀ



www.sikhbookclub.com 

ਨਹੀਂ, ਸਗੋਂ ਸ਼ਬਦ-ਰੂਪ-ਬਾਣੀ ਹੈ । ਪਾਣੀ ਤੋਂ ਸਭ ਉੱਪਜਦੇ ਹਨ ਅਤੇ ਪਾਣੀ ਪਿਤਾ ਸਮਾਨ ਹੈ । ਧਰਤੀ ਮਾਂ ਹੈ । "ਉਦਰ ਸੰਜੋਗੀ, ਧਰਤੀ ਮਾਤਾ" । ਸਭ ਕੁਝ, ਇਹ ਕੁਦਰਤ ਆਦਿ ਧਰਤੀ-ਮਾਤਾ ਦੀ ਕੁੱਖ ਤੋਂ ਹੀ ਪੈਦਾ ਹੋ ਰਿਹਾ ਹੈ । ਦਿਨ-ਰਾਤ ਦੋਵੇਂ ਦਾਈ ਤੇ ਦਾਇਆ ਹਨ, ਜਿਨ੍ਹਾਂ ਦੀ ਗੋਦ ਵਿਚ ਸੰਸਾਰ ਖੇਡ ਰਹਿਆ ਹੈ । ਇਸ ਜਗਤ ਵਿਚ ਸਿੱਖਿਆ ਲੈ ਕੇ ਜੀਵ ਵਸਤੂ, ਕਾਲ ਤੇ ਦੇਸ ਦੇ ਪ੍ਰਭਾਵਾਂ ਹੇਠ ਚੰਗੇ-ਮੰਦੇ ਕਰਮ ਕਰੀ ਜਾ ਰਿਹਾ ਹੈ । ਉਸ ਦੇ ਕੀਤੇ ਕਰਮ, ਧਰਮ ਦੀ ਅੱਖ ਨਾਲ ਵਾਚੇ ਜਾ ਰਹੇ ਹਨ । ਧਰਮ ਦੀ ਕਸਵੱਟੀ ਤੇ ਉਨ੍ਹਾਂ ਨੂੰ ਪਰਖਿਆ ਜਾਏਗਾ । ਕਈ ਇਸ ਕਸਵੱਟੀ ਤੇ ਟਿਕ ਨਹੀਂ ਸਕਣਗੇ ਅਤੇ ਪ੍ਰਵਾਨ ਹੋ ਜਾਣਗੇ । ਦਰ ਪ੍ਰਵਾਨ ਹੋਣ ਦਾ ਫਲ ਨਾਮ ਦਾ ਧਿਆਉਣਾ ਅਤੇ ਕਿਰਪਾ ਦੀ ਘਾਲ ਹੈ । ਜੋ ਸੰਸਾਰ ਵਿਚ ਰਹਿੰਦੇ ਧਰਮ ਨਿਭਾ ਜਾਣਗੇ ਤੇ ਫਿਰ ਵੀ ਮਾਣ ਨਹੀਂ ਕਰਨਗੇ । ਜਿਵੇਂ ਪਾਣੀ ਸਭ ਜੀਵਾਂ ਨੂੰ ਜ਼ਿੰਦਗੀ ਦੇ ਕੇ ਨੀਵਾਂ ਵਹਿੰਦਾ ਹੈ, ਉਹਨਾਂ ਦੇ ਮੁੱਖ ਉੱਜਲੇ ਅਤੇ ਕਰਮਾਂ ਦੇ ਬੰਧਨ (ਨਾਲਿ) ਵੀ ਤੁਟ ਜਾਣਗੇ । ਜੋ ਲਿਖਿਆ ਨਾਲਿ ਸੀ, ਉਹ ਵੀ ਮੁੱਕ ਗਿਆ ਅਤੇ ਪ੍ਰਵਾਨ ਹੋ ਗਏ ।

ਜਿਵੇਂ ਸਰੀਰ ਨੂੰ ਚਲਦਿਆਂ ਰੱਖਣ ਲਈ ਹਵਾ ਦੀ ਲੋੜ ਹੈ; ਤਿਵੇਂ ਆਤਮਾ ਲਈ ਸ਼ਬਦ ਲਾਜ਼ਮੀ ਹੈ ।

ਜਿਵੇਂ ਪਿਤਾ ਦੀ ਰਕਤ ਬੂੰਦ ਨਾਲ ਇਨਸਾਨੀ ਨਸਲ ਟੁਰਦੀ ਹੈ, ਤਿਵੇਂ ਪਾਣੀ ਪਿਤਾ ਨਿਆਈਂ ਸਭ ਜਗਤ ਦੀ ਉੱਪਜ ਤੇ ਪਾਲਣਾ ਕਰ ਰਿਹਾ ਹੈ ।

ਜਿਵੇਂ ਰਕਤ ਬੂੰਦ ਮਾਂ ਦੀ ਕੁੱਖ ਵਿਚ ਪੈ ਕੇ ਜਗਤ ਦੀ ਉਤਪਤੀ ਕਰਦੀ ਹੈ, ਤਿਵੇਂ ਪਾਣੀ ਧਰਤ ਮਾਤਾ ਦੀ ਕੁੱਖ ਵਿਚ ਸੱਭ ਦਾ ਸਹਾਰਾ ਉਪਜਾਂਦਾ ਹੈ ।

ਦਿਨ ਰਾਤ ਇਹ ਖਿਡਾਵੇ ਖਿਡਾਵੀ ਨਿਆਈਂ ਹਨ ਜੋ ਸਾਰੇ ਜਗਤ ਨੂੰ ਆਪਣੀ ਗੋਦ ਵਿਚ ਬਿਠਾ ਖਿਡਾ ਰਹੇ ਹਨ । ਸਾਡੀਆਂ ਖੇਡਾਂ ਰੂਪੀ ਕਰਮਾਂ ਨੂੰ ਵਾਹਿਗੁਰੂ ਆਪ ਧਰਮ ਦੀ ਕਸਵੱਟੀ ਤੇ ਤੋਲ ਕੇ ਮਾੜੇ ਚੰਗੇ ਦਾ ਨਿਰਣਾ ਕਰ ਰਿਹਾ ਹੈ । ਜਿਹੋ ਜਿਹੀ ਖੇਡ ਕਿਸੇ ਖੇਡੀ ਹੈ, ਵਤੀਰਾ-ਵਰਤਾਰਾ ਰੱਖਿਆ ਹੈ, ਉਸ ਮੁਤਾਬਕ ਵਾਹਿਗੁਰੂ ਜਾਂ ਪਰਵਾਨ ਕਰੀ ਜਾਂਦਾ ਹੈ ਜਾਂ ਦੂਰ ਧੱਕੀ ਜਾਂਦਾ ਹੈ ।

ਇਹ ਯਾਦ ਰੱਖਣਾ ਕਿ ਕੋਈ ਕਰਮ ਘਾਲ ਤਪ ਤਪੱਸਿਆ ਨਹੀਂ ਹੈ, ਸਿਵਾਇ ਉਸ ਦੀ ਹਜ਼ੂਰੀ ਵਿਚ ਰਹਿਣ ਦੇ, ਹਜ਼ੂਰੀ ਦਾ ਆਨੰਦ ਮਾਣਨ ਦੇ, ਉਸ ਨੂੰ ਕਦੇ ਨਾ ਵਿਸਰਣ ਦੇ, ਹਰ ਹਾਲ ਯਾਦ ਰੱਖਣ ਦੇ । ਐਸਿਆਂ ਨੂੰ, ਜਿਨ੍ਹਾਂ ਨੂੰ ਕਦੇ ਨਾ ਵਿੱਸਰੇ, ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਰੂਹਾਨੀ ਚਮਕ ਦੁਆਰਾ ਚਿਹਰੇ ਦਮਕਦੇ ਰਹਿੰਦੇ ਹਨ । ਸੁਰਖ਼ਰੂ ਹੁੰਦੇ ਹਨ ਵਾਹਿਗੁਰੂ ਦੇ ਦਰਬਾਰ । ਪ੍ਰਵਾਨਗੀ ਪਾਉਂਦੇ ਹਨ । ਨਿਰਾ ਉਹ ਆਪ ਹੀ ਜਨਮ-ਮਰਨ ਦੇ ਗੇੜ ਤੇ ਮਾਇਆ ਦੀ ਜੱਕੜ ਵਿਚੋਂ ਨਹੀਂ ਨਿਕਲ ਗਏ ਹੁੰਦੇ, ਨੇੜੇ ਦੇ ਨੂੰ ਵੀ ਕੱਢ ਲੈਂਦੇ ਹਨ । **'ਕੇਤੀ ਛੁਟੀ ਨਾਲਿ ।'**

ਇਸ ਸਲੋਕ ਦੀ ਵਿਆਖਿਆ ਭਾਈ ਗੁਰਦਾਸ ਜੀ ਨੇ ਛੇਵੀਂ ਵਾਰ ਦੀ ਪੰਜਵੀਂ ਪਉੜੀ ਵਿਚ ਆਪਣੇ ਨਵੇਕਲੇ ਢੰਗ ਨਾਲ ਕੀਤੀ ਹੈ । ਉਸ ਪਉੜੀ ਵਿਚ ਭਾਈ ਜੀ ਨੇ ਇਹ ਪ੍ਰਗਟਾਇਆ ਹੈ ਕਿ ਗੁਰਮੁਖਾਂ ਦਾ ਜਨਮ ਸਫ਼ਲ ਹੈ, ਕਿਉਂ ਜੋ ਉਹਨਾਂ ਨੇ ਸਾਧ-ਸੰਗਤਿ ਵਿਚ ਨਿਵਾਸ ਕਰ ਕੇ ਦੇਹੀ ਅਭਿਮਾਨ ਛੱਡ ਦਿੱਤਾ ਹੈ । ਉਹ ਜੀਵਨ ਮੁੱਕਤ ਹੋ ਗਏ ਹਨ ।

ਉਹ ਗੁਰਮਤਿ ਨੂੰ ਮਾਂ ਵਾਂਗੂੰ ਸਤਿਕਾਰਦੇ ਹਨ ਅਤੇ ਸੰਤੋਖ ਨੂੰ ਪਿਤਾ ਵਾਂਗ ਲੜ ਲਾਈ ਰੱਖਦੇ ਹਨ । ਗੁਰਮਤਿ ਤੇ ਸੰਤੋਖ ਦੁਆਰਾ ਹੀ ਮੋਖ ਪਦਵੀ ਪਾ ਜਾਂਦੇ ਹਨ । ਉਹਨਾਂ ਦਾ ਪ੍ਰਵਾਰ ਵੀ ਨਿਰਾਲਾ ਹੈ । ਧੀਰਜ ਅਤੇ ਧਰਮ ਨੂੰ ਉਹ ਬਾਹਵਾਂ ਗਿਣਦੇ ਹਨ । ਜਪ-ਤਪ ਜਤ-ਸਤਿ ਉਹਨਾਂ ਦੇ ਪਾਲੇ ਪੁੱਤਰ ਹਨ, ਗੁਰੂ ਨਾਨਕ ਨੇ ਗੁਰੂ ਅੰਗਦ ਨੂੰ ਗੁਰੂ ਇਸ ਕਰ ਕੇ ਬਣਾਇਆ ਹੈ ਤਾਂ ਕਿ ਲੋਕਾਂ ਦੇ ਪ੍ਰਗਟ ਹੋ ਜਾਵੇ ਕਿ ਜੋ ਵੀ ਧਰਮ ਦੇ ਰਾਹ ਤੁਰਦਾ ਹੈ, ਸੱਚੀ ਟਕਸਾਲ ਤੇ ਜੀਵਨ ਘੜ ਲੈਂਦਾ ਹੈ । ਧੀਰਜ, ਜਪ, ਤਪ, ਜਤ, ਸਤਿ ਦਾ ਧਾਰਨੀ ਹੁੰਦੇ ਹੋਏ ਵੀ ਨਿਰਹੰਕਾਰ ਰਹਿੰਦਾ ਹੈ, ਉਹ ਗੁਰੂ ਸਮਾਨ ਹੀ ਹੋ ਜਾਂਦਾ ਹੈ । ਉਹ ਗੁਰੂ ਹੀ ਹੈ :

**ਪਉਣ ਗੁਰੂ, ਗੁਰ ਸ਼ਬਦ ਹੈ, ਵਾਹਿਗੁਰੂ ਗੁਰ ਸ਼ਬਦ ਸੁਣਾਇਆ ।**
**ਪਾਣੀ ਪਿਤਾ ਪਵਿਤ੍ਰ ਕਰਿ, ਗੁਰਮੁਖਿ ਪੰਥ ਨਿਵਾਣੁ ਚਲਾਇਆ ।**
**ਧਰਤੀ ਮਾਤ ਮਹਤ ਕਰਿ, ਓਤਿ ਪੋਤਿ ਸੰਜੋਗ ਬਣਾਇਆ ।**
**ਦਾਈ ਦਾਇਆ ਰਾਤਿ ਦਿਹੁ, ਬਾਲ ਸੁਭਾਇ ਜਗਤ ਖਿਲਾਇਆ ।**
**ਗੁਰਮੁਖਿ ਜਨਮ ਸਕਾਰਥਾ, ਸਾਧ ਸੰਗਤਿ ਵਸਿ ਆਪੁ ਗਵਾਇਆ ।**
**ਜੰਮਣ ਮਰਣਹੁ ਬਾਹਰੇ, ਜੀਵਨ ਮੁਕਤਿ ਜੁਗਤਿ ਵਰਤਾਇਆ ।**
**ਗੁਰਮਤਿ ਮਾਤਾ ਮਤਿ ਹੈ, ਪਿਤਾ ਸੰਤੋਖ ਮੋਖ ਪਦੁ ਪਾਇਆ ।**
**ਧੀਰਜ ਧਰਮ ਭਿਰਾਵ ਦੁਇ, ਜਪੁ ਤਪੁ ਜਤੁ ਸਤੁ ਪੁਤ ਜਣਾਇਆ ।**
**ਗੁਰ ਚੇਲਾ, ਚੇਲਾ ਗੁਰੂ, ਪੁਰਖਹੁ ਪੁਰਖ ਚਲਤ ਵਰਤਾਇਆ ।**
**ਗੁਰਮੁਖਿ ਸੁਖ ਫਲੁ ਅਲਖ ਲਗਾਇਆ ॥ ੫ ॥ ੬ ॥**

ਹੋਰ : ਜਿਵੇਂ ਸਰੀਰ ਚਲਦਾ ਰੱਖਣ ਲਈ ਮੁੱਖ ਪਵਣ-ਸਵਾਸ ਹਨ, ਫਿਰ ਪਾਣੀ ਤੇ ਧਰਤੀ ਹੈ ਅਤੇ ਫਿਰ ਚੰਦ, ਸੂਰਜ ਹਨ ਜੋ ਦਿਨ-ਰਾਤ ਅਤੇ ਸਮਾਂ ਬਣਾਂਦੇ ਹਨ ਅਤੇ ਕੁਦਰਤ ਸਾਜਦੇ ਹਨ । ਇਹ ਜੀਵਨ ਸਮੇਂ ਬਗੈਰ ਚਲ ਨਹੀਂ ਸਕਦਾ । ਇਸ ਮਿਥੇ ਹੋਏ ਸਮੇਂ ਵਿਚ ਹੀ ਮਾੜੇ-ਚੰਗੇ ਕਰਮ ਇਹ ਜੀਵ ਕਰਦਾ ਹੈ । ਜੋ ਜੀਵਨ ਦੀ ਖੇਡ ਸੁੱਚਰੀ ਖੇਡ ਜਾਇ ਉਸ ਦਾ ਆਪਣਾ ਮੁੱਖ ਉੱਜਲਾ ਹੈ ਤੇ ਨਾਲ ਦੇ ਵੀ ਰੌਸ਼ਨੀ ਲੈ ਸਕਣਗੇ । ਸੱਭ ਤੋਂ ਪਹਿਲਾਂ ਥਾਂ ਇਸ ਆਤਮਿਕ ਮੰਡਲ ਵਿਚ ਪ੍ਰਭੂ ਦਾ ਹੈ । ਫਿਰ ਜ਼ਰੂਰੀ ਗੁਰੂ ਹੈ, ਬਾਣੀ ਹੈ । ਜਿਵੇਂ ਪੌਣ ਦਿੱਸਦੀ ਨਹੀਂ, ਇਵੇਂ ਗੁਰੂ ਕੋਈ ਵਿਅਕਤੀ ਨਹੀਂ, ਬਾਣੀ-ਰੂਪ ਹੈ । ਪਿਤਾ ਸੰਤੋਖ ਹੈ ਅਤੇ ਮਾਤਾ ਗੁਰਮਤਿ ਹੈ । ਜੀਵਨ ਰਹਿਤ-ਮਰਯਾਦਾ, ਸੰਜਮ-ਸੰਤੋਖ ਵਾਲਾ ਹੋਵੇ ਤੇ ਗੁਰਮਤਿ ਦੀ ਰੌਸ਼ਨੀ ਵਿਚ ਜੋ ਵੀ ਖੇਡ ਖੇਡੀ ਜਾਏ, ਕਰਮ ਕੀਤੇ ਜਾਣ, ਘਾਲ ਘਾਲੀ ਜਾਏ, ਉਹ ਮੁੱਖ ਉੱਜਲਾ ਕਰ ਦੇਵੇਗੀ । ਉੱਜਲ ਹੋਇਆ ਮਨੁੱਖ ਕਿਸੇ ਨਵੇਕਲੀ ਥਾਂ ਨਹੀਂ ਬੈਠੇਗਾ, ਸਗੋਂ ਹੋਰਨਾਂ ਨੂੰ ਇਸ ਮਾਰਗ ਤੇ ਟੋਰੇਗਾ ਕਿਉਂਕਿ ਉਸ ਨੂੰ ਘਾਲ ਘਾਲਣ ਦਾ ਸੁਆਦ ਆਇਆ ਹੈ :

**'ਮਸਕਤਿ ਘਾਲਿ ।'**

ਉਨ੍ਹਾਂ ਕਰਮਾਂ ਅਨੁਸਾਰ ਕੋਈ ਕੂੜਿਆਰ ਗਰਦਾਨਿਆ ਜਾਂਦਾ ਹੈ ਅਤੇ ਕੋਈ ਸਚਿਆਰ । ਕੂੜਿਆਰ ਦੂਰ ਤੇ ਸਚਿਆਰ ਨੇੜੇ ਹੋ ਜਾਂਦੇ ਹਨ ਪ੍ਰਭੂ ਦੇ । ਉੱਥੇ ਪੂਰਾ ਨਿਆਂ ਹੁੰਦਾ ਹੈ । ਕੋਈ ਸਿਫ਼ਾਰਸ਼ ਜਾਂ ਮੂੰਹ ਮੁਲਾਹਜ਼ਾ ਨਹੀਂ ਚਲਦਾ । ਇਹ ਰਹੱਸ ਕੇਵਲ ਨਾਮ

ਹੀ ਦਰਸਾਂਦਾ ਹੈ ਕਿ ਕਿਹੜੀ ਘਾਲ ਨੇੜੇ ਲੈ ਜਾਂਦੀ ਹੈ ਅਤੇ ਕਿਹੜੀ ਮਸਕਤਿ ਦੂਰ ।

**ਸ਼ਬਦ-ਭਾਵ :**

**ਸਲੋਕ** : ਤਿੰਨ ਸਮੁੱਚੇ ਭਾਵਾਂ ਕਰ ਗੁਰਬਾਣੀ ਵਿਚ ਵਰਤਿਆ ਹੈ :
ਇਕ, ਰੂਹਾਨੀ ਰਹਸ (Divine mystery) ਦਰਸਾਉਣ ਲਈ ।
ਦੂਜੇ, ਸਿਫ਼ਤ-ਸਾਲਾਹ ਦੇ ਸ਼ਬਦ ਕਰ (Hymn of Praise).
ਤੀਜੇ, ਦੋਹਾ (Couplet).

**ਗੁਰੂ** : ਜਿਸ ਬਗ਼ੈਰ ਕਾਰਜ ਨਾ ਸਰੇ (Vital Force).

**ਪਿਤਾ** : ਜਨਮ-ਦਾਤਾ (Progeniter).

**ਮਹਤ** : ਸੱਭ ਦੀ (All)

**ਦਾਈ ਦਾਇਆ** : ਖਿਡਾਵੇ ।

**ਵਾਚੈ** : ਤੋਲਦਾ ਹੈ ।

**ਧਰਮੁ** : ਸਹੀ ਮੁਨਸਫ਼, ਧਰਮ ਰਾਜ (ਮੁਨਸਫ਼ੀ) ਜੋ ਫ਼ੈਸਲੇ ਕਰਦਾ ਹੈ ।

**ਹਦੂਰਿ** : ਆਪਣੀ ਹਜ਼ੂਰੀ ਵਿਚ, ਵਾਹਿਗੁਰੂ ਦੀ ਹਜ਼ੂਰੀ ਵਿਚ ।

**ਕੇ ਨੇੜੈ** : ਪਰਵਾਨ ਕਰ ਲੈਣ ।

**ਕੇ ਦੂਰਿ** : ਰੱਦ ਕਰ ਸੁੱਟ ਦੇਣਾ ।

**ਨਾਮ ਧਿਆਇਆ** : ਹਜ਼ੂਰੀ ਦਾ ਪ੍ਰਕਾਸ਼ ਸਦਾ ਮਾਣਿਆ, ਕਦੇ ਨਾ ਵਿਸਾਰਿਆ ।

**ਮਸਕਤਿ ਘਾਲਿ** : ਇਹ ਹੀ ਹੈ (ਨਾਮ ਧਿਆਣਾ) ਔਖੀ ਕਰੜੀ ਘਾਲਣਾ ।

**ਮੁਖ ਉਜਲੇ** : ਚਮਕਦੇ ਚਿਹਰੇ, ਸੁਰਖ਼ਰੂ ।

**ਕੇਤੀ** : ਹੋਰ ਕਿੰਨਿਆਂ ਨੂੰ ।

**ਛੁਟੀ** : ਬੰਧਨਾਂ ਤੋਂ ਖ਼ਲਾਸੀ ।

**ਨਾਲਿ** : ਜੱਕੜੇ ਹੋਏ (Bondage).

———

SIKHBOOKCLUB.COM